ਅੰਗ ੫੫੭ = ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

ਰਾਗੁ ਵਡਹੰਸੁ ਮਹਲਾ ੧ ਘਰੁ ੧ ॥

ਅਮਲੀ ਅਮਲੁ ਨ ਅੰਬੜੈ ਮਛੀ ਨੀਰੁ ਨ ਹੋਇ ॥ ਜੋ ਰਤੇ ਸਹਿ ਆਪਣੈ, ਤਿਨੁ ਭਾਵੈ ਸਭੁ ਕੋਇ ॥੧॥ ਹਉ ਵਾਰੀ ਵੰਞਾ ਖੰਨੀਐ ਵੰਞਾ, ਤਉ ਸਾਹਿਬ ਕੇ ਨਾਵੈ ॥੧॥ਰਹਾਉ॥ ਸਾਹਿਬੁ ਸਫਲਿਓ ਰੁਖੜਾ, ਅੰਮ੍ਰਿਤੁ ਜਾ ਕਾ ਨਾਉ ॥ ਜਿਨ ਪੀਆ ਤੇ ਤ੍ਰਿਪਤ ਭਏ, ਹਉ ਤਿਨ ਬਲਿਹਾਰੈ ਜਾਉ ॥੨॥ ਮੈ ਕੀ ਨਦਰਿ ਨ ਆਵਹੀ, ਵਸਹਿ ਹਭੀਆਂ ਨਾਲਿ ॥ ਤਿਖਾ ਤਿਹਾਇਆ ਕਿਉ ਲਹੈ, ਜਾ ਸਰ ਭੀਤਰਿ ਪਾਲਿ ॥੩॥ ਨਾਨਕੁ ਤੇਰਾ ਬਾਣੀਆ, ਤੂ ਸਾਹਿਬੁ ਮੈ ਰਾਸਿ ॥ ਮਨ ਤੇ ਧੋਖਾ ਤਾ ਲਹੈ, ਜਾ ਸਿਫਤਿ ਕਰੀ ਅਰਦਾਸਿ ॥੪॥੧॥ (ਜਿਵੇਂ) ਅਮਲੀ ਮਨੁੱਖ ਨੂੰ ਨਸ਼ਾ ਨਾ ਪਹੁੰਚੇ (ਮਿਲੇ, ਤਾਂ ਉਹ ਨਸ਼ੇ ਬਿਨਾ ਰਹਿ ਨਹੀਂ ਸਕਦਾ) ਤੇ ਮੱਛੀ ਨੂੰ ਪਾਣੀ ਪ੍ਰਾਪਤ ਨਾ ਹੋਵੇ (ਤਾਂ ਉਹ ਤੜਫਦੀ ਹੈ।ਇਸੇ ਤਰ੍ਹਾਂ) ਜਿਹੜੇ ਮਨੁੱਖ ਅਪਣੇ ਮਾਲਕ ਪ੍ਰਭੂ ਦੇ ਰੰਗ ਵਿਚ ਰੰਗੇ ਹੋਏ ਹਨ, ਉਨ੍ਹਾਂ ਨੂੰ ਭਾਵੇਂ ਸਭ ਕੁਛ ਪ੍ਰਾਪਤ ਹੋਇਆ ਹੋਵੇ; ਉਨ੍ਹਾਂ ਨੂੰ ਸਭ ਕੋਈ ਚੰਗਾ ਲਗਦਾ ਹੈ (ਪਰ ਹਰੀ ਦੇ ਨਾਮ ਤੋਂ ਬਿਨਾ ਪ੍ਰਸੰਨ ਨਹੀਂ ਹੁੰਦੇ)।੧।(ਹੇ ਪ੍ਰਭੂ!) ਤੈਂ ਸਾਹਿਬ ਦੇ ਨਾਮ ਤੋਂ ਮੈਂ ਵਾਰੀ ਜਾਵਾਂ, ਟੋਟੇ ਟੋਟੇ (ਕੁਰਬਾਨ) ਹੋ ਜਾਵਾਂ।੧।ਰਹਾਉ।ਮਾਲਕ ਪ੍ਰਭੂ ਸੋਹਣੇ ਫਲ ਵਾਲਾ ਬ੍ਰਿਛ ਹੈ, ਅਮਰ ਕਰ ਦੇਣ ਵਾਲਾ ਨਾਮ ਜਿਸ ਬ੍ਰਿਛ ਦਾ (ਫਲ) ਹੈ।ਜਿਨ੍ਹਾਂ ਮਨੁੱਖਾਂ ਨੇ (ਇਸ ਨਾਮ ਫਲ ਦਾ ਰਸ) ਪੀਤਾ ਹੈ, ਉਹ ਤ੍ਰਿਪਤ ਹੋ ਗਏ (ਰੱਜ ਗਏ) ਹਨ (ਪਦਾਰਥਾਂ ਦੀ ਭੁੱਖ ਮਿਟ ਗਈ), ਉਨ੍ਹਾਂ (ਅੰਮ੍ਰਿਤ ਪੀਣ ਵਾਲਿਆਂ) ਤੋਂ ਮੈਂ ਬਲਿਹਾਰ ਜਾਂਦਾ ਹਾਂ।੨।(ਹੇ ਪ੍ਰਭੂ! ਤੂੰ) ਸਾਰੇ ਜੀਵਾਂ ਨਾਲ ਵਸਦਾ ਹੈਂ (ਪਰ) ਮੈਨੂੰ ਨਜਰ ਨਹੀਂ ਆਉਂਦਾ।ਜੇ ਸਰੋਵਰ (ਤੇ ਪਿਆਸੇ ਮਨੁੱਖ) ਦੇ ਵਿਚਾਲੇ ਕੰਧ (ਮਨੁੱਖ ਤੇ ਹਰੀ ਦੇ ਵਿਚਾਲੇ ਭਰਮ ਦਾ ਪੜਦਾ) ਹੋਵੇ ਤਾਂ ਪਿਆਸੇ ਮਨੁੱਖ ਦੀ ਪਿਆਸ ਕਿਵੇਂ ਉਤਰ ਸਕਦੀ ਹੈ?।੩।(ਹੇ ਪ੍ਰਭੂ! ਨਾਮ ਦੀ) ਮੈਨੂੰ ਪੂੰਜੀ ਦੇਣ ਵਾਲਾ ਤੂੰ ਮਾਲਕ (ਸ਼ਾਹੂਕਾਰ) ਹੈਂ ਅਤੇ ਮੈਂ ਤੇਰਾ ਵਣਜਾਰਾ ਹਾਂ (ਤੂੰ ਮਾਲਕ ਹੈਂ ਤੇ ਮੈਂ ਤੈਥੋਂ ਪੂੰਜੀ ਲੈ ਕੇ ਲੋਕਾਂ ਵਿਚ ਨਾਮ ਰੂਪ ਸੌਦਾ ਵੇਚਣ ਵਾਲਾ ਦੁਕਾਨਦਾਨ ਹਾਂ ਭਾਵ ਤੈਥੋਂ ਨਾਮ ਲੈ ਕੇ ਲੋਕਾਂ ਤੋਂ ਜਪਾਉਣ ਵਾਲਾ ਹਾਂ)।ਮਨ ਤੋਂ ਧੋਖਾ ਤਾਂ ਲੱਥਦਾ ਹੈ, ਜਦ ਮੈਂ ਤੇਰੀ ਸਿਫਤ ਸਲਾਹ ਅਤੇ (ਤੇਰੇ ਅੱਗੇ) ਅਰਦਾਸ ਕਰਾਂ।੪।੧।

ਪਦਾਰਥ = ਅਮਲੀ–(ਅਫੀਮ ਆਦਿ) ਨਸ਼ੇ ਦਾ ਆਦੀ।ਅਮਲੁ–ਨਸ਼ਾ; ਅਫੀਮ (ਸਿੰਧੀ)।ਨਾ ਅੰਬੜੈ–ਨਾ ਅਪੜੇ (ਪਹੁੰਚੇ; ਮਿਲੇ)। ਨੀਰੁ–ਪਾਣੀ।ਰਤੇ–ਰੰਗੇ ਹੋਏ ਹਨ।ਸਹਿ–ਮਾਲਕ ਪ੍ਰਭੂ।ਤਿਨ–ਉਨ੍ਹਾਂ ਨੂੰ।ਭਾਵੈ–ਭਾਵੇਂ; ਚਾਹੇ।੧।ਹਉ–ਮੈਂ।ਵਾਰੀ ਵੰਞਾ–ਵਾਰਨੇ ਜਾਂਦਾ ਹਾਂ।ਖੰਨੀਐ ਵੰਞਾ–ਟੋਟੇ ਟੋਟੇ (ਕੁਰਬਾਨ) ਹੋ ਜਾਵਾਂ।ਤਉ–ਤੇਰੇ।ਨਾਵੈ–ਨਾਮ ਤੋਂ।੧।ਰਹਾਉ।ਰੁਖੜਾ–ਦਰੱਖਤ।ਸਫਲਿਓ–ਫਲਾਂ ਵਾਲਾ।ਜਾ ਕਾ–ਜਿਸ ਦਾ।ਜਿਨ–ਜਿਨ੍ਹਾਂ ਨੇ।ਪੀਆ–ਪੀਤਾ ਹੈ।ਤੇ–ਉਹ।ਤ੍ਰਿਪਤ ਭਏ–ਰੱਜ ਗਏ ਹਨ।੨।ਮੈ ਕੀ–ਮੈਨੂੰ। ਨਦਰਿ–ਨਜਰ।ਹਭੀਆਂ ਨਾਲਿ–ਸਭ ਨਾਲ।ਤਿਖਾ–ਪਿਆਸ।ਤਿਹਾਇਆ–ਪਿਆਸੇ ਮਨੁੱਖ ਦੀ।ਲਹੈ–ਲੱਥ (ਉਤਰ) ਸਕਦੀ ਹੈ। ਸਰ–ਸਰੋਵਰ।ਪਾਲਿ–ਕੰਧ (ਪੜਦਾ)।੩।ਬਾਣੀਆ–ਵਣਜਾਰਾ; ਦੁਕਾਨਦਾਰ।ਰਾਸਿ–ਪੂੰਜੀ।ਮਨ ਤੇ–ਮਨ ਤੋਂ।ਧੋਖਾ–ਛਲ; ਭਰਮ। ਤਾ–ਤਾਂ ;ਤਦ।ਜਾ–ਜਦ।ਕਰੀ–(ਕਰੀਂ) ਕਰਾਂ।੪।੧।

ਵਡਹੰਸੁ ਮਹਲਾ ੧ ॥ ਗੁਣਵੰਤੀ ਸਹੁ ਰਾਵਿਆ, ਨਿਰਗੁਣਿ ਕੂਕੇ ਕਾਇ ॥ ਜੇ ਗੁਣਵੰਤੀ ਥੀ ਰਹੈ, ਤਾ ਭੀ ਸਹੁ ਰਾਵਣ ਜਾਇ ॥੧॥ ਮੇਰਾ ਕੰਤੁ ਰੀਸਾਲੂ ,ਕੀ ਧਨ ਅਵਰਾ ਰਾਵੇ ਜੀ ॥੧॥ਰਹਾਉ॥ ਕਰਣੀ ਕਾਮਣਿ ਜੇ ਥੀਐ, ਜੇ ਮਨੁ ਧਾਗਾ ਹੋਇ ॥ ਮਾਣਕੁ ਮੁਲਿ ਨ ਪਾਈਐ, ਲੀਜੈ ਚਿਤਿ ਪਰੋਇ ॥੨॥ ਰਾਹੁ ਦਸਾਈ ਨ ਜੁਲਾਂ, ਆਖਾਂ ਅੰਮੜੀਆਸੁ ॥ ਤੈ ਸਹ ਨਾਲਿ ਅਕੂਅਣਾ, ਕਿਉ ਥੀਵੈ ਘਰ ਵਾਸੁ ॥੩॥ ਨਾਨਕ ਏਕੀ ਬਾਹਰਾ, ਦੂਜਾ ਨਾਹੀ ਕੋਇ ॥ ਤੈ ਸਹ ਲਗੀ ਜੇ ਰਹੈ, ਭੀ ਸਹੁ ਰਾਵੈ ਸੋਇ ॥੪॥੨॥ (ਗੁਰਮੁਖ ਰੂਪ) ਗੁਣਾਂ ਵਾਲੀ ਇਸਤ੍ਰੀ ਨੇ ਪਤੀ ਪ੍ਰਮੇਸਰ ਦਾ ਅਨੰਦ ਮਾਣਿਆ ਹੈ, (ਉਸ ਨੂੰ ਸੁਖੀ ਦੇਖ ਕੇ) ਗੁਣ ਹੀਣ (ਮਨਮੁਖ ਇਸਤ੍ਰੀ) ਕਿਸ ਵਾਸਤੇ ਪੁਕਾਰ ਕਰਦੀ ਹੈ? (ਉਸ ਦਾ ਕੂਕਣਾ ਨਿਸਫਲ ਹੈ।ਪਰ ਮਨਮੁਖ ਇਸਤ੍ਰੀ) ਜੇ ਗੁਣਾਂ ਵਾਲੀ ਹੋ ਰਹੇ, ਤਾਂ (ਉਹ) ਵੀ ਪਤੀ ਪ੍ਰਮੇਸਰ ਦਾ ਅਨੰਦ ਮਾਨਣ ਲਗ ਜਾਵੇਗੀ।੧।ਮੇਰਾ ਪਤੀ ਪ੍ਰਮੇਸਰ ਰਸਾਂ ਦਾ ਘਰ (ਪਿਆਰ ਵਾਲਾ) ਹੈ, ਫਿਰ (ਗੁਣ ਹੀਣ) ਇਸਤ੍ਰੀ ਹੋਰਨਾਂ ਦਾ ਅਨੰਦ ਕਿਸ ਵਾਸਤੇ ਮਾਨਣ ਜਾਂਦੀ ਹੈ? (ਦੇਵੀ ਦੇਵਤਿਆਂ ਦੀ ਪੂਜਾ ਕਿਉਂ ਕਰਦੀ ਹੈ?)।੧।ਰਹਾਉ।(ਇਸਤ੍ਰੀਆਂ ਪਤੀ ਨੂੰ ਵਸ ਕਰਨ ਲਈ ਮੰਤ੍ਰ ਸਾਧਨਾ ਜਾਂ ਟੂਣਾ ਕਰਦੀਆਂ ਹਨ, ਗੁਣ ਹੀਣ ਇਸਤ੍ਰੀ ਪਾਸ) ਜੇ ਸ਼ੁੱਭ ਕਰਨੀ ਦਾ ਟੂਣਾ ਹੋਵੇ ਅਤੇ ਜੇ (ਉਸ ਦਾ) ਮਨ ਧਾਗਾ ਹੋਵੇ।(ਜਿਵੇਂ ਮੰਤ੍ਰ ਤੰਤ੍ਰ ਤੇ ਧਾਗਾ ਤਵੀਤ ਮੁੱਲ ਦੇ ਕੇ ਲੈ ਲਈਦੇ ਹਨ, ਉਵੇਂ ਇਹ ਸ਼ੁਭ ਗੁਣ ਜਾਂ ਨਾਮ ਰੂਪ) ਮਾਣਕ ਮੁੱਲ ਦੇ ਕੇ ਨਹੀਂ ਪ੍ਰਾਪਤ ਹੁੰਦਾ, (ਇਸ ਨੂੰ) ਚਿਤ ਵਿਚ ਪਰੋ ਲੈਣਾ ਚਾਹੀਦਾ ਹੈ (ਗੁਣਵਾਨ ਬਣਨਾ ਚਾਹੀਦਾ ਹੈ, ਫਿਰ

ਪਤੀ ਆਪੇ ਵਸ ਵਿਚ ਰਹਿੰਦਾ ਹੈ।੨।ਪਤੀ ਪਾਸ ਪਹੁੰਚਣ ਦਾ) ਰਸਤਾ ਤਾਂ ਪੁੱਛਦੀ ਰਹਾਂ, (ਪਰ ਉਸ ਰਸਤੇ ਤੇ) ਤੁਰਾਂ ਹੀ ਨਾਂ, ਤੇ ਆਖੀ ਜਾਵਾਂ ਕਿ ਮੈਂ (ਪਤੀ ਪਾਸ) ਪਹੁੰਚ ਗਈ ਹਾਂ (ਇਹ ਸਭ ਬਿਅਰਥ ਹੈ।ਹੇ ਪ੍ਰਭੂ! ਜਿਸ ਜੀਵ ਇਸਤ੍ਰੀ ਦੀ) ਤੈਂ ਪਤੀ ਨਾਲ ਬੋਲ ਚਾਲ ਨਾ ਹੋਵੇ (ਅਣਬਣ ਭਾਵ ਬੇਮੁਖ ਹੋਈ ਹੋਵੇ, ਤਾਂ ਫਿਰ ਉਸ ਨੂੰ ਤੇਰੇ) ਘਰ ਦਾ ਨਿਵਾਸ ਕਿਵੇਂ ਪ੍ਰਾਪਤ ਹੋ ਸਕਦਾ ਹੈ?।੩।ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਇਕ ਪ੍ਰਭੂ ਤੋਂ ਬਿਨਾ (ਗੁਣਵਾਨ ਬਣਾਉਣ ਵਾਲਾ) ਦੂਜਾ ਕੋਈ ਹੋਰ ਹੈ ਹੀ ਨਹੀਂ।(ਜਿਹੜੀ ਜੀਵ ਇਸਤ੍ਰੀ) ਜੇ ਤੈਂ ਪਤੀ ਨਾਲ ਜੁੜੀ ਰਹੇ, ਤਾਂ ਉਹ ਨਿਸਚੇ ਹੀ ਪਤੀ ਦਾ ਅਨੰਦ ਮਾਣ ਸਕਦੀ ਹੈ।੪।੨।

ਪਦਾਰਥ = ਗੁਣਵੰਤੀ–ਗੁਣਾਂ ਵਾਲੀ ਇਸਤ੍ਰੀ।ਸਹੁ–ਪਤੀ ਪ੍ਰਮੇਸਰ।ਰਾਵਿਆ–ਭੋਗਿਆ (ਅਨੰਦ ਮਾਣਿਆ)।ਨਿਰਗੁਣਿ–ਗੁਣ ਹੀਣ।ਕੂਕੇ–ਪੁਕਾਰ ਕਰਦੀ ਹੈ।ਕਾਇ–ਕਿਸ ਵਾਸਤੇ।ਥੀ ਰਹੈ–ਹੋ ਰਹੇ।ਰਾਵਣ ਜਾਇ–ਮਾਨਣ ਲਗ ਜਾਵੇਗੀ।੧।ਕੰਤੁ–ਪਤੀ।ਰੀਸਾਲੂ–ਰਸਾਂ ਦਾ ਘਰ; ਸੁੰਦਰ।ਕੀ–ਕਿਸ ਵਾਸਤੇ।ਧਨ–ਇਸਤ੍ਰੀ।ਅਵਰਾ–ਹੋਰਨਾਂ ਨੂੰ।੧।ਰਹਾਉ।ਕਰਣੀ–ਸ਼ੁੱਭ ਕਰਨੀ।ਕਾਮਣ–ਕਿਸੇ ਵਸ ਕਰਨ ਵਾਲਾ ਮੰਤ੍ਰ; ਟੂਣਾ।ਥੀਐ–ਹੋ ਜਾਵੇ।ਧਾਗਾ–(ਤੰਤ੍ਰ ਸ਼ਾਸਤ੍ਰ ਅਨੁਸਾਰ) ਮੰਤ੍ਰ ਵਿਚ ਨਾਲ ਬੰਨ੍ਹਿਆ ਧਾਗਾ; ਧਾਗੇ ਵਿਚ ਪ੍ਰੋਇਆ ਮੰਤ੍ਰ ਜਾਂ ਤਵੀਤ।ਮਾਣਕੁ–ਸ਼ੁਭ ਗੁਣ ਰੂਪ ਲਾਲ; ਨਾਮ।ਲੀਜੈ ਪਰੋਇ–ਪਰੋ ਲੈਣਾ ਚਾਹੀਦਾ ਹੈ।ਚਿਤਿ–ਮਨ ਵਿਚ।੨।ਰਾਹੁ–ਰਾਹ।ਦਸਾਈ–ਪੁੱਛਦੀ ਹਾਂ।ਨਾ ਜੁਲਾ–ਨਾ ਤੁਰਾਂ।ਅੰਮੜੀਆਸੁ–ਪਹੁੰਚ ਗਈ ਹਾਂ।ਸਹ–ਪਤੀ।ਅਕੂਅਣਾ–ਬੋਲ ਚਾਲ ਨਾ ਹੋਣੀ।ਥੀਵੈ–ਹੋ ਸਕਦਾ ਹੈ।੩।ਏਕੀ ਬਾਹਰਾ–ਇਕ ਪ੍ਰਭੂ ਤੋਂ ਬਿਨਾ।ਲਗੀ ਰਹੈ–ਜੁੜੀ ਰਹੇ।ਭੀ–ਨਿਸ਼ਚੇ ਹੀ।ਸੋਇ–ਉਹ।੪।੨।

ਵਡਹੰਸੁ ਮਹਲਾ ੧ ਘਰੁ ੨ ॥ ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣੁ ਆਇਆ ॥ ਤੇਰੇ ਮੁੰਧ ਕਟਾਰੇ ਜੇਵਡਾ, ਤਿਨਿ ਲੋਭੀ ਲੋਭ ਲੁਭਾਇਆ ॥ ਤੇਰੇ ਦਰਸਨ ਵਿਟਹੁ ਖੰਨੀਐ ਵੰਞਾ, ਤੇਰੇ ਨਾਮ ਵਿਟਹੁ ਕੁਰਬਾਣੋ ॥ ਜਾ ਤੂ ਤਾ ਮੈ ਮਾਣੁ ਕੀਆ ਹੈ, ਤੁਧੁ ਬਿਨੁ ਕੇਹਾ ਮੇਰਾ ਮਾਣੋ ॥ ਚੂੜਾ ਭੰਨੁ ਪਲੰਘ ਸਿਉ ਮੁੰਧੇ, ਸਣੁ ਬਾਹੀ ਸਣੁ ਬਾਹਾ ॥ ਏਤੇ ਵੇਸ ਕਰੇਦੀਏ ਮੁੰਧੇ, ਸਹੁ ਰਾਤੋ ਅਵਰਾਹਾ ॥ ਹੇ ਭੈਣੇ! ਸਾਵਣ ਆਇਆ ਹੈ, (ਕਾਲੀ ਘਟਾ ਦੇਖ ਕੇ) ਮੋਰਾਂ ਨੇ ਰੁਣ ਝੁਣ ਲਾਇਆ ਹੋਇਆ ਹੈ।(ਤਿਵੇਂ ਸੁਫਨੇ ਵਿਚ ਦਿਸੇ ਪਿਆਰੇ ਦੀ ਮੈਂ ਸਿਫਤ ਸਲਾਹ ਕਰਦੀ ਹਾਂ, ਹੇ ਪਿਆਰੇ ਪ੍ਰੀਤਮ!) ਤੇਰੇ ਅੱਖਾਂ ਦੇ ਕਟਾਖ ਫਾਹੀ ਵਾਂਗ ਹਨ (ਕਟਾਰ ਵਾਂਗ ਕੱਟਣ ਵਾਲੇ ਤੇ ਮਨ ਨੂੰ ਬੰਨ੍ਹ ਲੈਣ ਵਾਲੇ ਬੰਧਨ ਹਨ), ਉਨ੍ਹਾਂ (ਅੱਖਾਂ ਨੇ) ਮੈਂ ਇਸਤ੍ਰੀ ਦੇ ਮਨ ਨੂੰ ਲੋਭੀਆਂ ਵਾਂਗ ਲੋਭ ਦੇ ਕੇ ਲੁਭਾ (ਮੋਹ) ਲਿਆ ਹੈ।(ਹੇ ਪਿਆਰੇ!) ਮੈਂ ਤੇਰੇ ਦਰਸ਼ਨਾਂ ਤੋਂ ਕੁਰਬਾਨ ਜਾਵਾਂ ਤੇ ਤੇਰੇ ਨਾਮ ਤੋਂ ਵੀ ਕੁਰਬਾਨ ਹੋਵਾਂ।(ਕਿਉਂਕਿ) ਜਦ ਤੂੰ (ਮੇਰਾ ਪ੍ਰੀਤਮ) ਹੈਂ, ਤਾਂ ਹੀ ਮੈਂ (ਤੇਰੇ ਤੇ) ਮਾਣ ਕੀਤਾ ਹੈ, ਤੇਰੇ ਬਿਨਾ ਮੇਰਾ ਕਾਹਦਾ ਮਾਣ ਹੈ? (ਕਿਉਂਕਿ ਪਤੀ ਬਿਨਾ ਇਸਤ੍ਰੀ ਦਾ ਕੋਈ ਮਾਣ ਨਹੀਂ ਹੁੰਦਾ।ਸੁਪਨੇ ਦਾ ਦਰਸ਼ਨ ਸਦੀਵੀ ਨਾ ਹੋਣ ਕਰਕੇ ਹੁਣ ਅਪਣੇ ਆਪ ਨੂੰ ਕੋਸਦੀ ਹੈ) ਹੇ ਇਸਤ੍ਰੀ! (ਤੂੰ ਸੁਹਾਗ ਵਾਲਾ ਪਾਇਆ) ਚੂੜਾ ਪਲੰਘ ਨਾਲ ਮਾਰ ਕੇ ਭੰਨ ਦੇਹ, ਸਣੇ (ਪਲੰਘ ਦੀਆਂ) ਬਾਹੀਆਂ ਤੇ ਸਣੇ (ਅਪਣੀਆਂ) ਬਾਹਾਂ ਦੇ (ਸਭ ਕੁਝ ਭੰਨ ਦੇਹ)।ਇਤਨੇ ਵੇਸ ਕਰਨ ਵਾਲੀ ਇਸਤ੍ਰੀਏ! (ਤੇਰਾ ਪਤੀ ਮਾਲਕ ਤਾਂ) ਹੋਰਨਾਂ ਨਾਲ ਪਿਆਰ ਕਰ ਰਿਹਾ ਹੈ (ਤੇਰਾ ਸ਼ਿੰਗਾਰ ਕਿਸ ਕੰਮ)।

ਅੰਗ ੫੫੮ = ਨਾ ਮਨੀਆਰੁ ਨ ਚੂੜੀਆ, ਨਾ ਸੇ ਵੰਗੁੜੀਆਹਾ ॥ ਜੋ ਸਹ ਕੰਠਿ ਨ ਲਗੀਆ, ਜਲਨੁ ਸਿ ਬਾਹੜੀਆਹਾ ॥ ਸਭਿ ਸਹੀਆ ਸਹੁ ਰਾਵਣ ਗਈਆ, ਹਉ ਦਾਧੀ ਕੈ ਦਰਿ ਜਾਵਾ ॥ ਅੰਮਾਲੀ ਹਉ ਖਰੀ ਸੁਚਜੀ, ਤੈ ਸਹ ਏਕਿ ਨ ਭਾਵਾ ॥ ਮਾਠਿ ਗੁੰਦਾਈ ਪਟੀਆ, ਭਰੀਐ ਮਾਗ ਸੰਧੂਰੇ ॥ ਅਗੈ ਗਈ ਨ ਮੰਨੀਆ, ਮਰਉ ਵਿਸੂਰਿ ਵਿਸੂਰੇ ॥ (ਅਪਣੇ ਸ਼ਿੰਗਾਰ ਨੂੰ ਨਿਕੰਮਾ ਜਾਣ ਕੇ ਅਸਲੀ ਸ਼ਿੰਗਾਰ ਧਾਰਨ ਕਰਨ ਦੀ ਗੱਲ ਕਰਦੀ ਹੈ, ਮੈਨੂੰ) ਨਾ ਮਨਿਆਰ (ਪੂਰਨ ਗੁਰੂ) ਮਿਲਿਆ ਤੇ ਨਾ (ਮੇਰੇ ਪਾਸ ਦੈਵੀ ਗੁਣਾਂ ਤੇ ਭਗਤੀ ਭਾਵ ਦੀਆਂ) ਚੂੜੀਆਂ ਤੇ ਵੰਗਾਂ ਹਨ (ਜੋ ਪਹਿਨ ਕੇ ਪਤੀ ਨੂੰ ਮਿਲਣ ਜਾਈਦਾ ਹੈ)।ਉਹ ਬਾਹਾਂ ਸੜ ਜਾਣ, ਜੋ ਪਤੀ ਦੇ ਗਲ ਨਾਲ ਨਹੀਂ ਲੱਗੀਆਂ।ਸਾਰੀਆਂ ਸਹੇਲੀਆਂ ਪਤੀ ਨੂੰ ਭੋਗਣ (ਮਿਲਾਪ ਦਾ ਅਨੰਦ ਮਾਨਣ) ਗਈਆਂ ਹਨ, (ਪਰ) ਮੈਂ ਵਿਛੋੜੇ ਦੀ ਅੱਗ ਵਿਚ ਸੜੀ ਹੋਈ ਕਿਸ ਦੇ ਦਰ ਤੇ ਜਾਵਾਂ? ਹੇ ਪਿਆਰੀ ਸਖੀ! (ਅਪਣੇ ਵੱਲੋਂ ਬੇਸ਼ੱਕ) ਮੈਂ ਬਹੁਤ ਸੁਚੱਜੀ ਹਾਂ, (ਪਰ) ਹੇ ਪਤੀ! ਤੈਨੂੰ ਮੇਰਾ ਇਕ ਚੱਜ ਵੀ ਚੰਗਾ ਨਹੀਂ ਲਗਦਾ (ਜੇ ਪਤੀ ਨੂੰ ਚੰਗੀ ਨਹੀਂ ਲਗਦੀ, ਤਾਂ ਮੈਂ ਕਾਹਦੀ ਸੁਚੱਜੀ ਹੋਈ।ਕੰਘੀ ਨਾਲ) ਸਵਾਰ ਸਵਾਰ ਕੇ ਮੈ ਸਿਰ ਦੇ ਵਾਲਾਂ ਦੀਆਂ ਪਟੀਆਂ (ਮੀਢੀਆਂ) ਗੁੰਦੀਆਂ ਹਨ ਅਤੇ ਪੱਟੀਆਂ ਦਾ ਚੀਰ ਸੰਧੂਰ ਨਾਲ ਭਰਿਆ ਹੈ।(ਪਰ ਫਿਰ ਵੀ ਪਤੀ ਦੇ) ਅੱਗੇ ਗਈ ਪ੍ਰਵਾਨ ਨਹੀਂ ਹੋਈ, (ਇਸ ਲਈ ਮੈਂ) ਝੂਰ ਝੂਰ ਕੇ ਮਰ ਰਹੀ ਹਾਂ।

ਪਦਾਰਥ = ਮੋਰੀ–(ਮੋਰੀਂ) ਮੋਰਾਂ ਨੇ।ਰੁਣ ਝੁਣ–ਧੀਮੀ ਅਤੇ ਮਿੱਠੀ ਅਵਾਜ ਵਿਚ ਬੋਲਣਾ ਤੇ ਪੈਲਾਂ ਪਾਉਣੀਆਂ।ਮੁੰਧ–ਇਸਤ੍ਰੀ। ਕਟਾਰੇ–ਕਟਾਖ (ਪਿਆਰ ਵਿਚ ਟੇਢੀ ਨਜਰ ਨਾਲ ਦੇਖਣਾ); ਕਟਾਰ ਵਾਂਗ ਕੱਟਣ ਵਾਲੇ।ਜੇਵਡਾ–ਰੱਸਾ (ਫੰਧਾ)।ਤਿਨਿ–ਉਨ੍ਹਾਂ ਨੇ।

ਲੁਭਾਇਆ–ਮੋਹ ਲਿਆ।ਵਿਟਹੁ–ਤੋਂ।ਖੰਨੀਐ ਵੰਞਾ–ਕੁਰਬਾਨ ਜਾਵਾਂ।ਜਾ–ਜਦ।ਤੁਧੁ ਬਿਨੁ–ਤੇਰੇ ਬਿਨਾ।ਕੇਹਾ–ਕਿਸ ਤਰ੍ਹਾਂ ਦਾ। ਚੂੜਾ–ਸੁਹਾਗ ਦੀ ਨਿਸ਼ਾਨੀ ਦੀਆਂ ਲਾਲ ਚੂੜੀਆਂ।ਭੰਨੁ–ਤੋੜ ਦੇਹ।ਪਲੰਘ–ਸੇਜ।ਸਿਉ–ਨਾਲ।ਸਣੁ–ਸਮੇਤ।ਬਾਹੀ–ਮੰਜੇ ਦੀਆਂ ਬਾਹੀਆਂ।ਬਾਹਾ–ਬਾਹਾਂ।ਏਤੇ–ਇਤਨੇ।ਵੇਸ–ਧਾਰਮਕ ਕਰਮ।ਕਰੇਦੀਏ–ਕਰਨ ਵਾਲੀਏ!।ਸਹੁ–ਪਤੀ।ਰਾਤੋ–ਪਿਆਰਾ ਕਰਦਾ ਹੈ।ਅਵਰਾਹਾ–ਹੋਰਨਾਂ ਨਾਲ।ਮਨੀਆਰੁ–ਚੂੜੀਆਂ ਵੇਚਣ ਵਾਲਾ।ਸੇ–ਉਹ।ਵੰਗੁੜੀਆਹ–ਵੰਗਾਂ।ਸਹ ਕੰਠਿ–ਪਤੀ ਦੇ ਗਲ ਨਾਲ।ਸਿ–ਉਹ।ਜਲਨੁ–ਸੜ ਜਾਣ।ਬਾਹੜੀਆਹ–ਬਾਹਾਂ।ਸਹੀਆ–ਸਹੇਲੀਆਂ।ਰਾਵਣਿ ਗਈਆ–ਭੋਗਣ (ਅਨੰਦ ਮਾਨਣ) ਗਈਆਂ।ਹਉ–ਮੈਂ।ਰੋਵੰਦੀ–ਰੋਂਦੀ ਹਾਂ।ਰੁੰਨਾ–ਰੋਂਦਾ ਹੈ।ਰੁੰਨੜੇ–ਰੋਂਦੇ ਹਨ।ਦਾਧੀ–ਸੜੀ ਹੋਈ।ਕੈ ਦਰਿ–ਕਿਸ ਦੇ ਦਰ ਤੇ।ਅੰਮਾਲੀ–ਹੇ ਪਿਆਰੀ ਸਹੇਲੀ!।ਖਰੀ ਸੁਚਜੀ–(ਸੁਚੱਜੀ ਬੋਲੋ) ਬਹੁਤ ਸ੍ਰੇਸਟਾਚਾਰ ਵਾਲੀ।ਤੈ–ਤੈਨੂੰ।ਨ ਭਾਵਾ–ਚੰਗਾ ਨਹੀਂ ਲਗਦਾ।ਮਾਠਿ–(ਕੰਘੀ ਨਾਲ ਚੰਗੀ ਤਰ੍ਹਾਂ) ਵਾਹ ਕੇ।ਗੁੰਦਾਈਂ–ਗੁੰਦੀਆਂ ਹਨ।ਪਟੀਆ–ਵਾਹ ਕੇ ਚਿਪਕਾਏ ਹੋਏ ਵਾਲ।ਮਾਗ–ਸਿਰ ਦੇ ਵਾਲਾਂ ਦੇ ਵਿਚਕਾਰ ਦਾ ਚੀਰ।ਮਰਉ–ਮੈ ਮਰ ਰਹੀ ਹਾਂ।ਵਿਸੂਰਿ ਵਿਸੂਰੇ–ਝੂਰ ਝੂਰ (ਪਛਤਾ) ਕੇ; ਦੁਖੀ ਹੋ ਕੇ।ਨ ਮੰਨੀਆ–ਪ੍ਰਵਾਨ ਨਹੀਂ ਹੋਈ।

ਮੈ ਰੋਵੰਦੀ ਸਭੁ ਜਗੁ ਰੁਨਾ, ਰੁੰਨੜੇ ਵਣਹੁ ਪੰਖੇਰੂ ॥ ਇਕੁ ਨ ਰੁਨਾ ਮੇਰੇ ਤਨ ਕਾ ਬਿਰਹਾ, ਜਿਨਿ ਹਉ ਪਿਰਹੁ ਵਿਛੋੜੀ ॥ ਸੁਪਨੈ ਆਇਆ ਭੀ ਗਇਆ, ਮੈ ਜਲੁ ਭਰਿਆ ਰੋਇ ॥ ਆਇ ਸਕਾ ਤੁਝ ਕਨਿ ਪਿਆਰੇ, ਭੇਜਿ ਨ ਸਕਾ ਕੋਇ ॥ ਆਉ ਸਭਾਗੀ ਨੀਦੜੀਏ, ਮਤੁ ਸਹੁ ਦੇਖਾ ਸੋਇ ॥ ਤੈ ਸਾਹਿਬ ਕੀ ਬਾਤ ਜਿ ਆਖੈ ਜਿ ਆਖੈ, ਕਹੁ ਨਾਨਕ ਕਿਆ ਦੀਜੈ ॥ ਸੀਸੁ ਵਢੇ ਕਰਿ ਬੈਸਣੁ ਦੀਜੈ, ਵਿਣੁ ਸਿਰ ਸੇਵ ਕਰੀਜੈ ॥ ਕਿਉ ਨ ਮਰੀਜੈ ਜੀਅੜਾ ਨ ਦੀਜੈ, ਜਾ ਸਹੁ ਭਇਆ ਵਿਡਾਣਾ ॥੧॥੩॥ ਮੈਨੂੰ ਰੋਂਦੀ ਨੂੰ ਦੇਖ ਕੇ ਸਾਰਾ ਜਗਤ ਰੋਂਦਾ ਹੈ, (ਇਥੋਂ ਤਕ ਕਿ) ਜੰਗਲ ਵਿਚੋਂ ਪੰਛੀ ਵੀ ਰੋਂਦੇ ਹਨ।(ਪਰ) ਇਕ ਮੇਰੇ ਤਨ ਦਾ ਵਿਛੋੜਾ ਨਹੀਂ ਰੋਇਆ, ਜਿਸ ਨੇ ਮੈਨੂੰ ਪਤੀ ਤੋਂ ਵਿਛੋੜ ਰੱਖਿਆ ਹੈ।(ਹੇ ਪਤੀ! ਤੂੰ) ਸੁਪਨੇ ਵਿਚ ਆਇਆ ਤੇ ਫਿਰ ਚਲਾ ਗਿਆ, (ਵਿਛੋੜੇ ਕਰਕੇ ਅੱਖਾਂ ਵਿਚ) ਜਲ ਭਰ ਆਇਆ ਤੇ ਮੈਂ ਬਹੁਤ ਰੋਈ।ਹੇ ਪਿਆਰੇ! ਮੈਂ ਤੇਰੇ ਵੱਲ ਨਹੀਂ ਆ ਸਕਦੀ ਅਤੇ ਨਾ ਹੀ (ਤੇਰੇ ਪਾਸ ਸੁਨੇਹਾ ਦੇ ਕੇ) ਕਿਸੇ ਨੂੰ ਭੇਜ ਸਕਦੀ ਹਾਂ।ਹੇ ਭਾਗਾਂ ਵਾਲੀ ਨੀਂਦ! ਤੂੰ (ਫਿਰ ਦੁਬਾਰਾ) ਆ ਜਾ, ਸ਼ਾਇਦ (ਨੀਂਦ ਵਿਚ ਫਿਰ ਦੁਬਾਰਾ) ਉਸ ਪਤੀ ਨੂੰ ਦੇਖ ਸਕਾਂ।ਤੇਰੇ ਮਾਲਕ ਦੀ ਜੇ ਕੋਈ ਬਾਤ ਆ ਕੇ ਆਖੇ (ਸੁਣਾਵੇ), ਹੇ ਨਾਨਕ! ਆਖ (ਉਸ ਨੂੰ) ਕੀ ਭੇਟਾ ਦੇਈਏ? ਸਿਰ ਵਢ ਕਰਕੇ (ਉਸ ਨੂੰ ਬੈਠਣ ਲਈ) ਆਸਣ ਦੇ ਦੇਈਏ ਅਤੇ ਬਿਨਾ ਸਿਰ ਦੇ (ਉਸ ਦੀ) ਸੇਵਾ ਕਰਦੇ ਰਹੀਏ।ਜਿਹੜਾ ਪਤੀ ਬਿਗਾਨਾ ਹੋ ਗਿਆ ਹੈ, (ਉਸ ਨੂੰ ਅਪਣਾ ਬਣਾਉਣ ਲਈ) ਕਿਉਂ ਨਾ ਮਰ ਜਾਈਏ ਤੇ ਜੀਵਨ ਭੇਟਾ ਕਰ ਦੇਈਏ।੧।੩।

ਪਦਾਰਥ = ਰੋਵੰਦੀ–ਰੋਂਦੀ ਹਾਂ।ਰੁੰਨਾ–ਰੋਂਦਾ ਹੈ।ਵਣਹੁ–ਜੰਗਲ ਵਿਚੋਂ।ਪੰਖੇਰੂ–ਪੰਛੀ।ਬਿਰਹਾ–ਵਿਛੋੜਾ।ਹਉ–ਮੈਂ।ਪਿਰਹੁ–ਪਤੀ ਤੋਂ।ਸੁਪਨੈ–ਸੁਪਨੇ ਵਿਚ।ਭੀ–ਫਿਰ; ਮੁੜ।ਜਲੁ ਭਰਿਆ–(ਅੱਖਾਂ ਵਿਚ) ਜਲ ਭਰ ਆਇਆ।ਤੁਝ ਕਨਿ–ਤੇਰੇ ਵੱਲ।ਕੋਇ–ਕਿਸੇ ਨੂੰ।ਸਭਾਗੀ–ਭਾਗਾਂ ਵਾਲੀ।ਮਤੁ–ਸ਼ਾਇਦ।ਸਹੁ–ਪਤੀ ਨੂੰ।ਤੈ–ਤੇਰੇ।ਬਾਤ–ਗੱਲ।ਦੀਜੈ–(ਭੇਟਾ) ਦੇਈਏ।ਵਢੇ ਕਰਿ–ਵੱਢ ਕਰਕੇ। ਬੈਸਣੁ–ਬੈਠਣ ਲਈ ਆਸਣ।ਜੀਅੜਾ–ਜਿੰਦ; ਜੀਵਨ।ਜਾ–ਜਦ।ਭਇਆ–ਹੋ ਗਿਆ।ਵਿਡਾਣਾ–ਬਿਗਾਨਾ।੧।੩।

ਵਿਆਖਿਆ = ਵਿਦਵਾਨ ਲੋਕ ਇਉਂ ਵੀ ਅਰਥ ਕਰਦੇ ਹਨ ਕਿ ਇਸ ਸ਼ਬਦ ਵਿਚ ਦੋ ਪ੍ਰਭੂ ਪ੍ਰੇਮੀ ਸਖੀਆਂ ਦੀ ਆਪਸ ਵਿਚ ਗਲ ਬਾਤ ਹੁੰਦੀ ਹੈ।ਇਕ ਗੁਰਮੁਖ ਰੂਪ ਉਤਮ ਸਖੀ ਹੈ, ਜਿਸ ਨੂੰ ਪ੍ਰਭੂ ਪਤੀ ਪ੍ਰਾਪਤ ਹੈ, ਦੂਜੀ ਮੱਧਮ ਸਖੀ, ਜੋ ਪ੍ਰੇਮਣ ਹੈ, ਪਰ ਪ੍ਰਭੂ ਪਤੀ ਦਾ ਅਜੇ ਮਿਲਾਪ ਨਹੀਂ ਹੋਇਆ।ਇਕ ਵਾਰੀ ਸੁਰਤ ਜੁੜਨ ਨਾਲ ਥੋੜੇ ਸਮੇਂ ਲਈ ਪ੍ਰਭੂ ਦਰਸ਼ਨ ਹੋਏ, ਫਿਰ ਬਿਰਤੀ ਟੁੱਟ ਗਈ।ਤਦ ਉਹ ਬਿਰਤੀ ਦੇ ਵਿਯੋਗ ਦੀ ਦਸ਼ਾ ਅਤੇ ਅਪਣੀ ਵਿਆਕੁਲਤਾ ਗੁਰਮੁਖ ਰੂਪ ਉਤਮ ਸਖੀ ਕੋਲ ਦਸਦੀ ਹੈ।ਬਿਰਹਾ ਤੇ ਪ੍ਰੇਮ ਦੀ ਇਹ ਖਿੱਚ ਮਧਮ ਸਖੀ ਨੂੰ ਪ੍ਰਭੂ ਦੇ ਸਦੀਵੀ ਮੇਲ ਵਿਚ ਲੈ ਜਾਂਦੀ ਹੈ।

ਭਾਵਾਰਥ = ਸੁਪਨੈ ਆਇਆ ... = (ਮੱਧਮ ਸਖੀ ਆਖਦੀ ਹੈ ਕਿ ਹੇ ਭੈਣੇ!) ਚਿਤ ਬਿਰਤੀ ਦੀ ਇਕਾਗਰਤਾ ਵਿਚ ਪਤੀ ਪ੍ਰਭੂ ਆਇਆ ਤੇ ਫਿਰ ਉਹ ਚਲਾ ਗਿਆ (ਦਰਸ਼ਨਾਂ ਦਾ ਝਲਕਾਰਾ ਪਿਆ, ਜਦ ਬਿਰਤੀ ਟੁੱਟ ਗਈ ਤਾਂ) ਮੇਰੇ ਅੱਖਾਂ ਵਿਚ ਜਲ ਭਰ ਆਇਆ ਤੇ ਮੈਂ ਬਹੁਤ ਰੋਈ।ਮੋਰੀ ਰੁਣ ਝੁਣ ਲਾਇਆ... = (ਜਦ ਪ੍ਰਭੂ ਦੇ ਦਰਸ਼ਨਾਂ ਦਾ ਚਮਕਾਰਾ ਪਿਆ ਸੀ, ਤਦ ਮੈਨੂੰ ਇਉਂ ਜਾਪਿਆ ਕਿ) ਸਾਵਣ ਮਹੀਨਾ ਆਇਆ ਹੈ ਤੇ ਮੋਰਾਂ ਨੇ ਰੁਣ ਝੁਣ ਲਾਇਆ ਹੋਇਆ ਹੈ (ਖੁਸ਼ੀ ਵਿਚ ਮੋਰ ਬੋਲ ਰਹੇ ਹਨ ਤੇ ਪੈਲਾਂ ਪਾ ਰਹੇ ਹਨ ਭਾਵ ਪ੍ਰਭੂ ਚਮਕਾਰੇ ਦਾ ਅੱਤ ਸੁਹਾਵਣਾ ਤੇ ਅਨੰਦ ਦੇਣ ਵਾਲਾ ਸਮਾਂ ਸੀ)।ਅਗਲੀਆਂ ਤਿੰਨ ਤੁਕਾਂ ਦੇ ਅਰਥ ਉਪਰ ਵਾਲੇ ਹੀ ਹਨ।ਚੂੜਾ ਭੰਨੁ.... = ਉਤਮ ਸਖੀ ਕਹਿੰਦੀ ਹੈ ਕਿ ਪ੍ਰਭੂ ਨੂੰ ਮਿਲਣ ਵਾਸਤੇ ਜੋ ਦਿਖਾਵੇ ਦੇ ਕਰਮ ਤੂੰ ਕੀਤੇ ਹਨ, ਉਹ

ਛਡ ਦੇਹ। ਏਤੇ ਵੇਸ...ਇਤਨੇ ਵੇਸ ਕਰਨ ਵਾਲੀ ਸਹੇਲੀਏ! (ਇਨ੍ਹਾਂ ਕੀਤੇ ਧਾਰਮਕ ਕਰਮਾਂ ਤੇ ਭੇਖਾਂ ਦਾ ਕੀ ਲਾਭ?) ਪਤੀ ਮਾਲਕ ਤਾਂ ਹੋਰਨਾਂ ਨਾਲ ਪ੍ਰੇਮ ਕਰ ਰਿਹਾ ਹੈ। ਨਾ ਮਨੀਆਰੁ... = ਨਾ ਤੈਨੂੰ ਨਾਮ ਜਪਾਉਣ ਵਾਲਾ ਕੋਈ ਪੂਰਨ ਗੁਰੂ ਮਿਲਿਆ ਹੈ ਤੇ ਨਾ ਹੀ ਤੂੰ ਨਾਮ ਸਿਮਰਨ ਦਾ ਕਰਮ ਕੀਤਾ ਹੈ। ਜੋ ਸਹ ਕੰਠਿ.... = ਜਿਹੜੇ ਕਰਮ ਪ੍ਰਭੂ ਨਾਲ ਨਹੀਂ ਮਿਲਾ ਸਕਦੇ ਉਹ ਕਰਮਾਂ ਦੀਆਂ ਵਿਧੀਆਂ ਸੜ ਜਾਣ। ਅਗਲੀਆਂ ਦੋ ਤੁਕਾਂ ਦੇ ਅਰਥ ਪਹਿਲੇ ਹੀ ਹਨ। ਮਧਮ ਸਖੀ ਕਹਿੰਦੀ ਹੈ ਕਿ ਮਾਠਿ ਗੁੰਦਾਈਂ....= ਮੈਂ ਜਟਾਂ ਬਣਾ ਲਈਆਂ ਤੇ ਜਟਾਂ ਵਿਚ ਸੰਧੂਰ (ਸੁਆਹ) ਭਰ ਲਈ। ਅਗੈ ਗਈ ਨ...= ਇਨ੍ਹਾਂ ਕਰਮ ਕਾਂਡ ਦੇ ਕਰਨ ਨਾਲ ਪਤੀ ਪ੍ਰਭੂ ਦੀ ਹਜ਼ੂਰੀ ਵਿਚ ਗਈ ਪ੍ਰਵਾਨ ਨਾ ਹੋਈ, ਇਸ ਕਰਕੇ ਦੁਖੀ ਹੋ ਕੇ ਮਰ ਰਹੀ ਹਾਂ। ਮੈ ਰੋਵੰਦੀ...= ਜਦ ਕਰਮ ਕਾਂਡ ਕਰਕੇ ਪ੍ਰਭੂ ਨਾ ਮਿਲਿਆ ਤਾਂ ਮੈਂ ਬੈਰਾਗ ਵਿਚ ਬਹੁਤ ਰੋਈ, ਮੇਰੇ ਭਾਣੇ ਸਾਰਾ ਜਗਤ ਰੋਇਆ ਤੇ ਬਨ ਦੇ ਪੰਛੀ ਵੀ ਰੋਏ; ਸਾਰੇ ਨਗਰ ਵਾਸੀ ਕੋਮਲ ਚਿਤ ਵਾਲੇ ਹੋ ਗਏ। ਆਇ ਨ ਸਕਾ.... = ਹੇ ਪਿਆਰੇ! ਤੂੰ ਮਨ ਬਾਣੀ ਤੋਂ ਬਹੁਤ ਪਰੇ ਹੈਂ, ਮੈਂ ਤੇਰੇ ਤਕ ਨਹੀਂ ਪੁਜ ਸਕਦੀ, ਨਾ ਤੇਰੇ ਤਕ ਮੈਂ ਕੋਈ ਕਰਮ ਇੰਦ੍ਰਾ ਭੇਜ ਸਕਦੀ ਹਾਂ। ਆਉ ਸਭਾਗੀ.....= ਪ੍ਰਭੂ ਨਾਲ ਜੋੜਨ ਵਾਲੀ ਬਿਰਤੀ ਰੂਪ ਹੇ ਨੀਂਦੇ! ਤੂੰ ਆ ਜਾ, ਸ਼ਾਇਦ ਪ੍ਰਭੂ ਦੇ ਦਰਸ਼ਨ ਦੇਖ ਲਵਾਂ। ਸੀਸੁ ਵਢੇ ਕਰਿ... = ਹੰਕਾਰ ਛਡ ਕੇ ਸਿਰ ਦਾ ਆਸਣ ਪ੍ਰਭੂ ਦੇ ਬੈਠਣ ਲਈ ਬਣਾ ਦੇਈਏ ਅਤੇ ਹੰਕਾਰ ਤੋਂ ਬਿਨਾ ਹੋ ਕੇ ਸੇਵਾ ਕਰੀਏ। ਜੇ ਪਤੀ ਬਿਗਾਨਾ ਹੋ ਜਾਵੇ ਤਾਂ ਉਸ ਦੇ ਮਿਲਾਉਣ ਵਾਲੇ ਲਈ ਕਿਉਂ ਨਾ ਜਿੰਦ ਵਾਰ ਦੇਈਏ ਤੇ ਕਿਉਂ ਨਾ ਆਪਾ ਭਾਵ ਛਡ ਦੇਈਏ। (ਇਸ ਤਰ੍ਹਾਂ ਦੇ ਭਾਵ ਸੰ.ਸ. ਤੇ ਫ.ਸ. ਵਿਚ ਵੀ ਹਨ)।

ਇਸ ਸ਼ਬਦ ਵਿਚ ਰਹਾਉ ਨਹੀ ਹੈ ਤੇ ਨਾ ਹੀ ਪਦਿਆਂ ਦੇ ਅੰਕ ਹਨ।

ਵਡਹੰਸੁ ਮਹਲਾ ੩ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਮਨਿ ਮੈਲੈ ਸਭੁ ਕਿਛੁ ਮੈਲਾ, ਤਨਿ ਧੋਤੈ ਮਨੁ ਹਛਾ ਨ ਹੋਇ ॥ ਇਹ ਜਗਤੁ ਭਰਮਿ ਭੁਲਾਇਆ, ਵਿਰਲਾ ਬੂਝੈ ਕੋਇ ॥੧॥ ਜਪਿ ਮਨ ਮੇਰੇ ਤੂ ਏਕੋ ਨਾਮੁ ॥ ਸਤਿਗੁਰਿ ਦੀਆ ਮੋ ਕਉ ਏਹੁ ਨਿਧਾਨੁ ॥੧ ॥ਰਹਾਉ॥ ਸਿਧਾ ਕੇ ਆਸਣ ਜੇ ਸਿਖੈ, ਇੰਦ੍ਰੀ ਵਸਿ ਕਰਿ ਕਮਾਇ ॥ ਮਨ ਕੀ ਮੈਲੁ ਨ ਉਤਰੈ, ਹਉਮੈ ਮੈਲੁ ਨ ਜਾਇ ॥੨॥ ਇਸੁ ਮਨ ਕਉ ਹੋਰੁ ਸੰਜਮੁ ਕੋ ਨਾਹੀ, ਵਿਣੁ ਸਤਿਗੁਰ ਕੀ ਸਰਣਾਇ ॥ ਸਤਿਗੁਰਿ ਮਿਲਿਐ ਉਲਟੀ ਭਈ, ਕਹਣਾ ਕਿਛੂ ਨ ਜਾਇ ॥੩॥ ਭਣਤਿ ਨਾਨਕੁ ਸਤਿਗੁਰ ਕਉ ਮਿਲਦੋ ਮਰੈ, ਗੁਰ ਕੈ ਸਬਦਿ ਫਿਰਿ ਜੀਵੈ ਕੋਇ ॥ ਮਮਤਾ ਕੀ ਮਲੁ ਉਤਰੈ, ਇਹੁ ਮਨੁ ਹਛਾ ਹੋਇ ॥੪॥੧॥ (ਹੇ ਭਾਈ! ਵਿਕਾਰਾਂ ਨਾਲ) ਮੈਲਾ ਮਨ ਹੋਣ ਕਰਕੇ ਸਭ ਕੁਛ ਮੈਲਾ ਰਹਿੰਦਾ ਹੈ, ਸਰੀਰ ਦੇ ਧੋਣ ਨਾਲ ਮਨ ਨਿਰਮਲ ਨਹੀਂ ਹੁੰਦਾ। ਇਹ ਜਗਤ ਭਰਮ ਨੇ ਭੁਲਾਇਆ (ਕੁਰਾਹੇ ਪਾਇਆ) ਹੋਇਆ ਹੈ (ਤੀਰਥ ਇਸ਼ਨਾਲ ਨਾਲ ਮਨ ਦੀ ਮੈਲ ਨਹੀਂ ਲਹਿੰਦੀ, ਇਸ ਗਲ ਨੂੰ) ਕੋਈ ਵਿਰਲਾ ਮਨੁੱਖ ਸਮਝਦਾ ਹੈ।੧। ਹੇ ਮੇਰੇ ਮਨ! ਤੂੰ ਇਕ ਪ੍ਰਭੂ ਦਾ ਨਾਮ ਜਪ (ਨਾਮ ਜਪ ਕੇ ਮਨ ਨਿਰਮਲ ਹੁੰਦਾ ਹੈ)। ਇਹ ਨਾਮ ਦਾ ਖਜਾਨਾ (ਮੈਨੂੰ) ਸਤਿਗੁਰੂ ਨੇ ਬਖਸ਼ ਦਿਤਾ ਹੈ।੧।ਰਹਾਉ। ਜੇ ਕੋਈ ਮਨੁੱਖ ਸਿੱਧਾਂ ਦੇ (ਚੁਰਾਸੀ) ਆਸਣ ਲਗਾਉਣੇ ਸਿੱਖ ਲਵੇ ਅਤੇ ਇੰਦ੍ਰੀਆਂ ਨੂੰ ਵਸ ਵਿਚ ਕਰਕੇ ਹਠ ਕਰਮ ਕਰੇ। (ਫਿਰ ਵੀ ਉਸ ਦੇ ਮਨ ਦੀ) ਮੈਲ ਨਹੀਂ ਉਤਰ ਸਕਦੀ ਅਤੇ ਨਾ ਹੀ ਹਉਮੈ ਦੀ ਮੈਲ ਦੂਰ ਜਾਂਦੀ ਹੈ।੨। ਸਤਿਗੁਰੂ ਦੀ ਸ਼ਰਣ ਵਿਚ ਪੈਣ ਤੋਂ ਬਿਨਾ ਇਸ ਮਨ ਨੂੰ (ਨਿਰਮਲ ਕਰਨ ਲਈ) ਹੋਰ ਕੋਈ ਤਰੀਕਾ ਨਹੀਂ ਹੈ। ਸਤਿਗੁਰੂ ਦੇ ਮਿਲਣ ਨਾਲ (ਜਿਸ ਮਨੁੱਖ ਦੀ ਮੈਲੀ ਬਿਰਤੀ) ਬਦਲ ਗਈ ਹੈ, (ਉਸ ਬਦਲੇ ਹੋਏ ਮਨ ਦੀ ਉਚੀ ਅਵਸਥਾ) ਕੁਛ ਕਹੀ ਨਹੀਂ ਜਾ ਸਕਦੀ।੩। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਨੂੰ ਮਿਲ ਕੇ (ਜਿਹੜਾ ਮਨੁੱਖ) ਜੀਵਤ ਭਾਵ ਤੋਂ ਮਰਦਾ ਹੈ ਅਤੇ ਫਿਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਕੋਈ (ਆਤਮਕ ਜੀਵਨ) ਜਿਉਂਦਾ ਹੈ। (ਉਸ ਦੀ) ਮਮਤਾ ਦੀ ਮੈਲ ਉਤਰ ਜਾਂਦੀ ਹੈ ਅਤੇ ਇਹ ਮਨ ਨਿਰਮਲ ਹੋ ਜਾਂਦਾ ਹੈ।੪।੧।

ਪਦਾਰਥ = ਤਨਿ–ਸਰੀਰ। ਹਛਾ–ਸਵੱਛ; ਨਿਰਮਲ। ਬੂਝੈ–ਸਮਝਦਾ ਹੈ।੧। ਮਨ ਮੇਰੇ–ਹੇ ਮੇਰੇ ਮਨ!। ਸਤਿਗੁਰਿ–ਸਤਿਗੁਰੂ ਨੇ। ਮੋਕਉ–ਮੈਨੂੰ। ਨਿਧਾਨੁ–ਖਜਾਨਾ।੧।ਰਹਾਉ। ਸਿਧਾ ਕੇ–ਕਰਾਮਾਤੀ ਸਿੱਧਾਂ ਦੇ। ਸਿਖੈ–ਸਿੱਖ ਲਵੇ। ਵਸਿ ਕਰਿ–ਕਾਬੂ ਵਿਚ ਕਰਕੇ। ਨ ਉਤਰੈ–ਨਹੀਂ ਲਹਿ ਸਕਦੀ।੨। ਸੰਜਮੁ–ਤਰੀਕਾ; ਜਤਨ। ਕੋ ਨਾਹੀ–ਕੋਈ ਨਹੀਂ। ਉਲਟੀ ਭਈ–ਬਦਲ ਗਈ।੩। ਭਣਤਿ–ਆਖਦਾ ਹੈ। ਮਰੈ–ਜੀਵਤ ਭਾਵ ਤੋਂ ਮਰ ਜਾਵੇ। ਸਬਦਿ–ਸ਼ਬਦ ਵਿਚ ਜੁੜ ਕੇ। ਜੀਵੈ–ਜਿਉਂਦਾ ਹੈ। ਮਲੁ–ਮੈਲ।੪।੧।

ਵਡਹੰਸੁ ਮਹਲਾ ੩ ॥ ਨਦਰੀ ਸਤਿਗੁਰੁ ਸੇਵੀਐ, ਨਦਰੀ ਸੇਵਾ ਹੋਇ ॥ ਨਦਰੀ ਇਹੁ ਮਨੁ ਵਸਿ ਆਵੈ, ਨਦਰੀ ਮਨੁ ਨਿਰਮਲੁ ਹੋਇ ॥੧॥ ਮੇਰੇ ਮਨ ਚੇਤਿ ਸਚਾ ਸੋਇ ॥ ਏਕੋ ਚੇਤਹਿ ਤਾ ਸੁਖੁ ਪਾਵਹਿ, ਫਿਰਿ ਦੂਖੁ ਨ ਮੂਲੇ ਹੋਇ ॥੧॥ਰਹਾਉ॥ ਨਦਰੀ ਮਰਿ ਕੈ ਜੀਵੀਐ, ਨਦਰੀ ਸਬਦੁ ਵਸੈ ਮਨਿ ਆਇ ॥ ਨਦਰੀ ਹੁਕਮੁ ਬੁਝੀਐ, ਹੁਕਮੇ ਰਹੈ ਸਮਾਇ ॥੨॥ ਜਿਨਿ ਜਿਹਵਾ ਹਰਿ ਰਸੁ ਨ

ਚਖਿਓ, ਸਾ ਜਿਹਵਾ ਜਲਿ ਜਾਉ ॥ ਅਨ ਰਸ ਸਾਦੇ ਲਗਿ ਰਹੀ, ਦੁਖੁ ਪਾਇਆ ਦੂਜੈ ਭਾਇ ॥੩॥ (ਹੇ ਭਾਈ!) ਪ੍ਰਭੂ ਦੀ ਮੇਹਰ ਦੀ ਨਜਰ ਨਾਲ ਸਤਿਗੁਰੂ ਨੂੰ ਸੇਵਿਆ ਜਾਂਦਾ ਹੈ, (ਸਤਿਗੁਰੂ ਦੀ) ਮੇਹਰ ਦੀ ਨਜਰ ਨਾਲ (ਪ੍ਰਭੂ ਦੀ) ਸੇਵਾ ਭਗਤੀ ਹੁੰਦੀ ਹੈ।(ਗੁਰੂ ਦੀ ਮੇਹਰ ਭਰੀ) ਨਜਰ ਨਾਲ ਇਹ ਮਨ ਵਸ ਵਿਚ ਆਉਂਦਾ ਹੈ ਤੇ ਮੇਹਰ ਦੀ ਨਜਰ ਨਾਲ ਹੀ ਮਨ ਨਿਰਮਲ ਹੁੰਦਾ ਹੈ।੧।ਹੇ ਮੇਰੇ ਮਨ! ਉਸ ਸੱਚੇ ਪ੍ਰਭੂ ਨੂੰ ਯਾਦ ਰੱਖਿਆ ਕਰ।ਇਕ ਪ੍ਰਭੂ ਨੂੰ ਯਾਦ ਕਰੇਂਗਾ ਤਾਂ ਸੁਖ ਪਾਵੇਂਗਾ, ਮੁੜ ਕੇ (ਤੈਨੂੰ) ਬਿਲਕੁਲ ਦੁਖ ਨਹੀਂ ਹੋਵੇਗਾ।੧।ਰਹਾਉ।(ਗੁਰੂ ਦੀ) ਮੇਹਰ ਭਰੀ ਨਜਰ ਨਾਲ ਹੀ ਸੰਸਾਰ ਦੇ ਬੁਰੇ ਕੰਮਾਂ ਵੱਲੋਂ ਮਰ ਕੇ ਪ੍ਰਭੂ ਵਾਲੇ ਪਾਸੇ (ਆਪਾ ਭਾਵ ਤੋਂ ਮਰ ਕੇ ਆਤਮਕ ਜੀਵਨ) ਜਿਉਂ ਪਈਦਾ ਹੈ ਅਤੇ (ਉਸ ਦੀ) ਮੇਹਰ ਦੀ ਨਜਰ ਨਾਲ ਹੀ ਗੁਰੂ ਦਾ ਸ਼ਬਦ ਮਨ ਵਿਚ ਆ ਵਸਦਾ ਹੈ।(ਗੁਰੂ ਦੀ) ਮੇਹਰ ਦੀ ਨਜਰ ਨਾਲ (ਪ੍ਰਭੂ ਦੇ) ਹੁਕਮ ਨੂੰ ਸਮਝ ਸਕੀਦਾ ਹੈ ਅਤੇ (ਉਸ ਦੇ) ਹੁਕਮ ਵਿਚ ਟਿਕੇ ਰਹੀਦਾ ਹੈ।੨। (ਮਨੁੱਖ ਦੀ) ਜਿਸ ਜੀਭ ਨੇ ਹਰੀ ਦੇ ਨਾਮ ਰਸ ਨੂੰ ਨਹੀਂ ਚੱਖਿਆ, ਉਹ ਜੀਭ ਜਲ ਜਾਵੇ।(ਕਿਉਂਕਿ ਉਹ ਜੀਭ) ਹੋਰ ਰਸਾਂ ਦੇ ਸੁਆਦ ਵਿਚ ਲਗ ਰਹੀ ਹੈ, ਦ੍ਵੈਤ ਭਾਵ ਵਿਚ ਲੱਗੇ ਹੋਣ ਕਰਕੇ (ਲੋਕਾਂ ਨੇ) ਦੁਖ ਹੀ ਪਾਇਆ ਹੈ।੩।

ਅੰਗ ੫੫੯ = ਸਭਨਾ ਨਦਰਿ ਏਕ ਹੈ, ਆਪੇ ਫਰਕੁ ਕਰੇਇ ॥ ਨਾਨਕ ਸਤਿਗੁਰਿ ਮਿਲਿਐ ਫਲੁ ਪਾਇਆ, ਨਾਮੁ ਵਡਾਈ ਦੇਇ ॥੪॥੨॥ ਸਭਨਾਂ ਜੀਵਾਂ ਉਪਰ ਇਕ ਹਰੀ ਦੀ ਨਜਰ ਹੈ, (ਪਰ ਜੀਵਾਂ ਦੇ ਚੰਗੇ ਮੰਦੇ ਸੁਭਾਵ ਦਾ ਜੋ) ਫਰਕ ਹੈ, (ਉਹ ਵੀ) ਹਰੀ ਨੇ ਆਪੇ ਪੈਦਾ ਕੀਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੇ ਮਿਲਣ ਕਰਕੇ ਹੀ (ਪ੍ਰਮਾਤਮਾ ਦੀ ਮੇਹਰ ਦੀ ਨਜਰ ਦਾ) ਫਲ ਪਾਇਆ ਜਾਂਦਾ ਹੈ ਅਤੇ (ਸਤਿਗੁਰੂ ਹੀ ਮਨੁੱਖ ਨੂੰ) ਨਾਮ ਰੂਪ ਵਡਿਆਈ ਦੇਂਦਾ ਹੈ।੪।੨।

ਪਦਾਰਥ = ਨਦਰੀ–ਪ੍ਰਭੂ ਦੀ ਮੇਹਰ ਦੀ ਨਜਰ ਨਾਲ।ਸੇਵੀਐ–ਸੇਵਿਆ ਜਾਂਦਾ ਹੈ।ਵਸਿ–ਕਾਬੂ ਵਿਚ।ਨਿਰਮਲੁ–ਪਵਿਤ੍ਰ।੧।ਚੇਤਿ–ਯਾਦ ਰੱਖਿਆ ਕਰ।ਸਚਾ ਸੋਇ–ਉਸ ਸੱਚੇ ਪ੍ਰਭੂ ਨੂੰ।ਫਿਰਿ–ਮੁੜ ਕੇ।ਮੂਲੇ–ਬਿਲਕੁਲ।੧।ਰਹਾਉ।ਮਰਿ ਕੈ–(ਬੁਰੇ ਕੰਮਾਂ ਜਾਂ ਆਪਾ ਭਾਵ ਵੱਲੋਂ) ਮਰ ਕੇ।ਜੀਵੀਐ–(ਆਤਮਕ ਜੀਵਨ) ਜਿਉਂ ਪਈਦਾ ਹੈ।ਮਨਿ–ਮਨ ਵਿਚ।ਹੁਕਮੇ–ਹੁਕਮ ਵਿਚ।ਰਹੈ ਸਮਾਇ–ਟਿਕੇ ਰਹੀਦਾ ਹੈ।੨।ਜਿਨਿ–ਜਿਸ ਨੇ।ਜਿਹਵਾ–ਜੀਭ।ਨ ਚਖਿਓ–ਨਹੀਂ ਚੱਖਿਆ (ਅਨੰਦ ਨਹੀਂ ਮਾਣਿਆ)।ਸਾ–ਉਹ।ਜਲਿ ਜਾਉ–ਸੜ ਜਾਵੇ।ਅਨ–ਹੋਰ ਦੂਜੇ।ਸਾਦੇ–ਸੁਆਦ ਵਿਚ।ਦੂਜੈ ਭਾਇ–ਦੁਬਿਧਾ (ਦ੍ਵੈਤ ਭਾਵ) ਵਿਚ।੩।ਸਭਨਾ–ਸਭ ਜੀਵਾਂ ਉਤੇ।ਕਰੇਇ–ਕਰਦਾ ਹੈ।ਸਤਿਗੁਰਿ ਮਿਲਿਐ–ਸਤਿਗੁਰੂ ਦੇ ਮਿਲਣ ਕਰਕੇ।ਦੇਇ–ਦੇਂਦਾ ਹੈ।੪।੨।

ਵਡਹੰਸੁ ਮਹਲਾ ੩ ॥ ਮਾਇਆ ਮੋਹੁ ਗੁਬਾਰੁ ਹੈ, ਗੁਰ ਬਿਨੁ ਗਿਆਨੁ ਨ ਹੋਈ ॥ ਸਬਦਿ ਲਗੇ ਤਿਨ ਬੁਝਿਆ, ਦੂਜੈ ਪਰਜ ਵਿਗੋਈ ॥੧॥ ਮਨ ਮੇਰੇ ਗੁਰਮਤਿ ਕਰਣੀ ਸਾਰੁ ॥ ਸਦਾ ਸਦਾ ਹਰਿ ਪ੍ਰਭੁ ਰਵਹਿ, ਤਾ ਪਾਵਹਿ ਮੋਖ ਦੁਆਰੁ ॥੧॥ਰਹਾਉ॥ ਗੁਣਾ ਕਾ ਨਿਧਾਨੁ ਏਕੁ ਹੈ, ਆਪੇ ਦੇਇ ਤਾ ਕੋ ਪਾਏ ॥ ਬਿਨੁ ਨਾਵੈ ਸਭ ਵਿਛੁੜੀ, ਗੁਰ ਕੈ ਸਬਦਿ ਮਿਲਾਏ ॥੨॥ ਮੇਰੀ ਮੇਰੀ ਕਰਦੇ ਘਟਿ ਗਏ, ਤਿਨਾ ਹਥਿ ਕਿਹੁ ਨ ਆਇਆ ॥ ਸਤਿਗੁਰਿ ਮਿਲਿਐ ਸਚਿ ਮਿਲੇ, ਸਚਿ ਨਾਮਿ ਸਮਾਇਆ ॥੩॥ ਆਸਾ ਮਨਸਾ ਇਹੁ ਸਰੀਰੁ ਹੈ, ਅੰਤਰਿ ਜੋਤਿ ਜਗਾਏ ॥ ਨਾਨਕ ਮਨਮੁਖਿ ਬੰਧੁ ਹੈ, ਗੁਰਮੁਖਿ ਮੁਕਤਿ ਕਰਾਏ ॥੪॥੩॥ (ਹੇ ਭਾਈ!) ਮਾਇਆ ਮੋਹ ਘੁੱਪ ਹਨ੍ਹੇਰਾ ਹੈ (ਜੋ ਲੋਕਾਂ ਦੇ ਮਨਾਂ ਵਿਚ ਛਾਇਆ ਹੋਇਆ ਹੈ, ਇਸ ਹਨ੍ਹੇਰੇ ਨੂੰ ਦੂਰ ਕਰਨ ਵਾਲਾ) ਗਿਆਨ ਗੁਰੂ ਤੋਂ ਬਿਨਾ ਨਹੀਂ ਪ੍ਰਾਪਤ ਹੁੰਦਾ।(ਜਿਹੜੇ ਮਨੁੱਖ ਗੁਰੂ ਦੇ) ਸ਼ਬਦ ਵਿਚ ਜੁੜੇ ਹਨ, ਉਨ੍ਹਾਂ ਨੇ (ਇਸ ਗਲ ਨੂੰ) ਸਮਝਿਆ ਹੈ, (ਬਾਕੀ ਸਾਰੀ) ਪਰਜਾ ਦੂਜੇ ਪਾਸੇ ਲਗ ਕੇ ਖੱਜਲ ਖੁਆਰ ਹੋ ਰਹੀ ਹੈ।੧।ਹੇ ਮੇਰੇ ਮਨ! ਗੁਰੂ ਦੀ ਮੱਤ ਅਨੁਸਾਰ (ਜੋ ਸੇਵਾ ਭਗਤੀ ਦੀ) ਕਮਾਈ ਕਰਨੀ ਹੈ, (ਉਹ) ਸ੍ਰੇਸਟ ਹੈ।(ਜੇ ਤੂੰ) ਸਦਾ ਸਦਾ ਹਰੀ ਪ੍ਰਭੂ ਨੂੰ ਸਿਮਰਦਾ ਰਹੇਂ, ਤਾਂ ਮੁਕਤੀ ਦਾ ਦਰ (ਗਿਆਨ) ਪਾ ਲਵੇਂਗਾ।੧।ਰਹਾਉ।(ਸਾਰੇ) ਗੁਣਾਂ ਦਾ ਖਜਾਨਾ ਇਕ ਪ੍ਰਭੂ ਹੀ ਹੈ, (ਪਰ ਇਹ ਖਜਾਨਾ ਜਦ ਪ੍ਰਭੂ) ਆਪੇ ਦੇਂਦਾ ਹੈ, ਤਾਂ ਕੋਈ ਮਨੁੱਖ ਪ੍ਰਾਪਤ ਕਰ ਸਕਦਾ ਹੈ। (ਹਰੀ ਦੇ) ਨਾਮ ਤੋਂ ਬਿਨਾ ਸਾਰੀ ਸ੍ਰਿਸਟੀ (ਹਰੀ ਤੋਂ) ਵਿਛੜੀ ਹੋਈ ਹੈ, ਗੁਰੂ ਦੇ ਸ਼ਬਦ ਵਿਚ ਜੋੜ ਕੇ (ਪ੍ਰਭੂ ਸ੍ਰਿਸਟੀ ਨੂੰ ਅਪਣੇ ਨਾਲ) ਮਿਲਾਉਂਦਾ ਹੈ।੨।(ਜੋ ਮਨੁੱਖ ਮੋਹ ਮਾਇਆ ਦੇ ਗੁਬਾਰ ਵਿਚ ਫਸ ਕੇ) ਮੇਰੀ ਮੇਰੀ ਕਰਦੇ ਰਹੇ, (ਉਨ੍ਹਾਂ ਦੇ ਸ਼ੁੱਭ ਗੁਣ) ਘਟ ਗਏ, ਉਨ੍ਹਾਂ ਦੇ ਹੱਥਾਂ ਵਿਚ ਕੁਛ ਵੀ ਨਹੀਂ ਆਇਆ।ਸਤਿਗੁਰੂ ਦੇ ਮਿਲਣ ਕਰਕੇ (ਜੋ ਮਨੁੱਖ) ਸੱਚੇ ਨਾਮ ਵਿਚ ਲੀਨ ਰਹਿੰਦੇ ਹਨ, ਉਹ ਸੱਚੇ ਪ੍ਰਭੂ ਨਾਲ ਮਿਲ ਗਏ ਹਨ।੩।ਆਸਾ ਤੇ ਵਾਸ਼ਨਾ ਨਾਲ ਬੱਝਾ ਇਹ ਸਰੀਰ ਹੈ, (ਪਰ ਗੁਰਮੁਖ ਅਪਣੇ ਸਰੀਰ ਦੇ) ਅੰਦਰ ਗਿਆਨ ਦੀ ਜੋਤ ਜਗਾ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮਨਮੁਖ (ਦੇ ਸਰੀਰ ਅੰਦਰ ਆਸਾ ਮਨਸਾ ਦਾ) ਬੰਧਨ ਪਿਆ ਰਹਿੰਦਾ ਹੈ, ਗੁਰਮੁਖ (ਅਪਣੇ ਆਪ ਨੂੰ ਆਸਾ ਮਨਸਾ ਤੋਂ) ਮੁਕਤ ਕਰਾ ਲੈਂਦਾ ਹੈ।੪।੩।

ਪਦਾਰਥ = ਗੁਬਾਰੁ-ਘੁੱਪ ਹਨ੍ਹੇਰਾ। ਸਬਦਿ ਲਗੇ-ਗੁਰੂ ਦੇ ਸ਼ਬਦ ਵਿਚ ਜੁੜੇ ਹਨ। ਤਿਨ-ਉਨ੍ਹਾਂ ਨੇ। ਦੂਜੈ-ਦੂਜੇ ਪਾਸੇ (ਮਾਇਆ ਵਿਚ)। ਪਰਜ-ਪਰਜਾ (ਸ੍ਰਿਸਟੀ)। ਵਿਗੋਈ-ਖਜਲ ਖੁਆਰ ਹੋ ਰਹੀ ਹੈ।੧। ਗੁਰਮਤਿ-ਗੁਰੂ ਦੀ ਸਿੱਖਿਆ ਅਨੁਸਾਰ। ਕਰਣੀ-ਸੇਵਾ ਭਗਤੀ ਦੀ ਘਾਲ ਕਮਾਈ। ਸਾਰੁ-ਸ੍ਰੇਸਟ। ਰਵਹਿ-ਸਿਮਰਦਾ ਰਹੇਂ। ਮੋਖ ਦੁਆਰੁ-ਮੁਕਤੀ ਦਾ ਦਰ (ਗਿਆਨ)।੧। ਰਹਾਉ। ਨਿਧਾਨੁ-ਖਜਾਨਾ। ਦੇਇ-ਦੇਂਦਾ ਹੈ। ਤਾ ਕੋ-ਤਾਂ ਕੋਈ (ਮਨੁੱਖ)। ਸਬਦਿ-ਸ਼ਬਦ ਵਿਚ ਜੋੜ ਕੇ।੨। ਘਟਿ ਗਏ-(ਦੈਵੀ ਗੁਣ) ਘਟ ਗਏ; ਮਾਤਾ ਦੇ ਗਰਭ ਰੂਪ ਘੜੇ ਵਿਚ ਪੈ ਗਏ। ਤਿਨਾ-ਉਨ੍ਹਾਂ ਦੇ। ਕਿਹੁ-ਕੁਛ ਵੀ। ਸਤਿਗੁਰਿ ਮਿਲਿਐ-ਸਤਿਗੁਰੂ ਦੇ ਮਿਲਣ ਕਰਕੇ। ਸਚਿ-ਸੱਚੇ ਪ੍ਰਭੂ ਨਾਲ। ਸਮਾਇਆ-ਲੀਨ ਰਹਿੰਦੇ ਹਨ।੩। ਮਨਸਾ-ਵਾਸ਼ਨਾ। ਅੰਤਰਿ-ਅੰਦਰ। ਬੰਧੁ-ਬੰਧਨ।੪।੩।

ਵਡਹੰਸੁ ਮਹਲਾ ੩ ॥ ਸੋਹਾਗਣੀ ਸਦਾ ਮੁਖੁ ਉਜਲਾ, ਗੁਰ ਕੈ ਸਹਜਿ ਸੁਭਾਏ ॥ ਸਦਾ ਪਿਰੁ ਰਾਵਹਿ ਆਪਣਾ, ਵਿਚਹੁ ਆਪੁ ਗਵਾਏ ॥੧॥ ਮੇਰੇ ਮਨ ਤੂ ਹਰਿ ਹਰਿ ਨਾਮੁ ਧਿਆਇ ॥ ਸਤਗੁਰਿ ਮੋ ਕਉ ਹਰਿ ਦੀਆ ਬੁਝਾਇ ॥੧॥ਰਹਾਉ॥ ਦੋਹਾਗਣੀ ਖਰੀਆ ਬਿਲਲਾਦੀਆ ਤਿਨਾ ਮਹਲੁ ਨ ਪਾਇ ॥ ਦੂਜੈ ਭਾਇ ਕਰੂਪੀ, ਦੂਖੁ ਪਾਵਹਿ ਆਗੈ ਜਾਇ ॥੨॥ ਗੁਣਵੰਤੀ ਨਿਤ ਗੁਣ ਰਵੈ, ਹਿਰਦੈ ਨਾਮੁ ਵਸਾਇ ॥ ਅਉਗਣਵੰਤੀ ਕਾਮਣੀ, ਦੁਖੁ ਲਾਗੈ ਬਿਲਲਾਇ ॥੩॥ ਸਭਨਾ ਕਾ ਭਤਾਰੁ ਏਕੁ ਹੈ ਸੁਆਮੀ, ਕਹਣਾ ਕਿਛੂ ਨ ਜਾਇ ॥ ਨਾਨਕ ਆਪੇ ਵੇਕ ਕੀਤਿਅਨੁ ,ਨਾਮੇ ਲਇਅਨੁ ਲਾਇ ॥੪॥੪॥ (ਗੁਰਮੁਖ ਰੂਪ) ਸੁਹਾਗਣਾਂ ਦਾ ਮੁਖ ਗੁਰੂ ਦੇ ਬਖਸ਼ੇ ਆਤਮਕ ਸ਼ਾਂਤੀ ਵਾਲੇ ਸੁਭਾਵ ਕਰਕੇ ਸਦਾ ਉਜਲ ਰਹਿੰਦਾ ਹੈ। (ਕਿਉਂਕਿ ਉਹ ਮਨ) ਵਿਚੋਂ ਆਪਾ ਭਾਵ ਗੁਆ ਕੇ ਸਦਾ ਅਪਣੇ ਪਤੀ ਪ੍ਰਮੇਸ਼ਰ (ਦੇ ਮਿਲਾਪ) ਦਾ ਰੁਹਾਨੀ ਅਨੰਦ ਮਾਣਦੀਆਂ ਹਨ।੧। ਹੇ ਮੇਰੇ ਮਨ! ਤੂੰ ਹਰਿ ਹਰਿ ਨਾਮ ਜਪਿਆ ਕਰ। ਸਤਿਗੁਰੂ ਨੇ ਮੈਨੂੰ ਹਰੀ ਦਾ (ਨਾਮ ਜਪਣ ਦੀ) ਸਮਝ ਬਖਸ਼ ਦਿਤੀ ਹੈ।੧। ਰਹਾਉ। (ਮਨਮੁਖ ਰੂਪ) ਦੁਹਾਗਣਾਂ ਬਹੁਤ ਵਿਰਲਾਪ ਕਰਦੀਆਂ (ਦੁਖ ਵਿਚ ਰੋਂਦੀਆਂ) ਹਨ, ਉਨ੍ਹਾਂ ਨੂੰ (ਪ੍ਰਭੂ ਪਤੀ ਦਾ) ਮਹਿਲ ਪ੍ਰਾਪਤ ਨਹੀਂ ਹੁੰਦਾ। ਦ੍ਵੈਤ ਭਾਵ ਵਿਚ ਰਹਿਣ ਕਰਕੇ (ਉਹ) ਬਦ ਸ਼ਕਲ ਵਾਲੀਆਂ ਅੱਗੇ ਪ੍ਰਲੋਕ ਵਿਚ ਜਾ ਕੇ ਦੁਖ ਹੀ ਪਾਉਂਦੀਆਂ ਹਨ।੨। ਗੁਣਾਂ ਵਾਲੀ (ਗੁਰਮੁਖ ਰੂਪ ਇਸਤ੍ਰੀ) ਹਿਰਦੇ ਵਿਚ ਹਰੀ ਦਾ ਨਾਮ ਵਸਾ ਕੇ ਨਿਤ (ਹਰੀ ਦੇ) ਗੁਣ ਗਾਉਂਦੀ ਹੈ। ਔਗਣਾਂ ਵਾਲੀ (ਮਨਮੁਖ) ਇਸਤ੍ਰੀ ਨੂੰ ਜਦ ਦੁਖ ਲਗਦਾ ਹੈ, ਤਾਂ ਉਹ ਵਿਰਲਾਪ ਕਰਦੀ (ਰੋਂਦੀ) ਹੈ।੩। ਸਭ (ਸੁਹਾਗਣਾਂ ਤੇ ਦੁਹਾਗਣਾਂ) ਦਾ ਖਸਮ ਇਕੋ ਪ੍ਰਭੂ ਮਾਲਕ ਹੈ, (ਇਸ ਅਸਚਰਜ ਖੇਡ ਬਾਰੇ ਹੋਰ) ਕੁਝ ਕਿਹਾ ਨਹੀਂ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਨੇ ਆਪੇ (ਮਨਮੁਖ ਅਪਣੇ ਤੋਂ) ਵੱਖ ਕੀਤੇ ਹਨ ਅਤੇ ਆਪੇ ਉਸ ਨੇ (ਗੁਰਮੁਖ) ਨਾਮ ਜਪਣ ਵਿਚ ਲਾ ਦਿਤੇ ਹਨ।੪।੪।

ਪਦਾਰਥ = ਸੋਹਾਗਣੀ-ਸੁਹਾਗ ਭਾਗ ਵਾਲੀਆਂ ਇਸਤ੍ਰੀਆਂ (ਪ੍ਰਭੂ ਨੂੰ ਸਦੀਵ ਕਾਲ ਰਹਿਣ ਵਾਲਾ ਜਾਨਣ ਵਾਲੇ ਗੁਰਮੁਖ)। ਉਜਲਾ-ਚਮਕੀਲਾ; ਨਿਰਮਲ। ਸਹਜਿ ਸੁਭਾਇ-(ਆਤਮਕ) ਸ਼ਾਂਤੀ ਵਾਲੇ ਸੁਭਾਵ ਕਰਕੇ। ਪਿਰੁ-ਪ੍ਰਭੂ ਪਤੀ। ਰਾਵਹਿ-(ਮਿਲਾਪ ਦਾ ਰੁਹਾਨੀ) ਅਨੰਦ ਮਾਣਦੀਆਂ ਹਨ। ਵਿਚਹੁ-ਮਨ ਦੇ ਵਿਚੋਂ। ਆਪੁ-ਆਪਾ ਭਾਵ। ਗਵਾਏ-ਦੂਰ ਕਰਕੇ।੧। ਮੇਰੇ ਮਨ-ਹੇ ਮੇਰੇ ਮਨ!। ਸਤਿਗੁਰਿ -ਸਤਿਗੁਰੂ ਨੇ। ਮੋ ਕਉ-ਮੈਨੂੰ। ਬੁਝਾਇ-ਸਮਝ ਬਖਸ਼ ਦਿਤੀ ਹੈ।੧। ਰਹਾਉ। ਦੁਹਾਗਣੀ-ਖੋਟੇ ਭਾਗਾਂ ਵਾਲੀ ਇਸਤ੍ਰੀ; ਪ੍ਰਭੂ ਪਤੀ ਤੋਂ ਵਿਛੜੀ ਜੀਵ ਰੂਪ ਇਸਤ੍ਰੀ। ਖਰੀਆ-ਬਹੁਤ। ਬਿਲਲਾਦੀਆ-ਵਿਰਲਾਪ ਕਰਦੀਆਂ (ਦੁਖ ਵਿਚ ਰੋਂਦੀਆਂ) ਹਨ। ਤਿਨਾ-ਉਨ੍ਹਾਂ ਨੂੰ। ਮਹਲੁ-ਰੱਬ ਦੀ ਹਜੂਰੀ। ਦੂਜੈ ਭਾਇ-ਦ੍ਵੈਤ ਭਾਵ ਵਿਚ। ਕਰੂਪੀ-ਬੁਰੀ ਸ਼ਕਲ ਵਾਲੀ ਇਸਤ੍ਰੀ। ਆਗੈ-ਅੱਗੇ ਪ੍ਰਲੋਕ ਵਿਚ। ਜਾਇ-ਜਾ ਕੇ।੨। ਗੁਣਵੰਤੀ-ਗੁਣਾਂ ਵਾਲੀ ਇਸਤ੍ਰੀ। ਨਿਤ-ਸਦਾ। ਰਵੈ-ਉਚਾਰਦੀ ਹੈ; ਗਾਉਂਦੀ ਹੈ। ਅਉਗਣਵੰਤੀ ਕਾਮਣੀ-ਔਗਣਾਂ ਵਾਲੀ ਇਸਤ੍ਰੀ। ਬਿਲਲਾਇ-ਰੋਂਦੀ ਹੈ।੩। ਸਭਨਾ ਕਾ-ਸਭ ਦਾ। ਭਤਾਰੁ-ਪਤੀ। ਏਕੁ-ਇਕ ਪ੍ਰਭੂ। ਵੇਕ-(ਅਪਣੇ ਨਾਲੋਂ) ਵੱਖ। ਕੀਤਿਅਨੁ-ਉਸ ਨੇ ਕੀਤੇ ਹਨ। ਨਾਮੇ-ਨਾਮ ਵਿਚ। ਲਇਅਨੁ-ਉਸ ਨੇ ਲਾ ਦਿਤੇ।੪।੪।

ਵਡਹੰਸੁ ਮਹਲਾ ੩ ॥ ਅੰਮ੍ਰਿਤ ਨਾਮੁ ਸਦ ਮੀਠਾ ਲਾਗਾ, ਗੁਰ ਸਬਦੀ ਸਾਦੁ ਆਇਆ ॥ ਸਚੀ ਬਾਣੀ ਸਹਜਿ ਸਮਾਣੀ, ਹਰਿ ਜੀਉ ਮਨਿ ਵਸਾਇਆ ॥੧॥ ਹਰਿ ਕਰਿ ਕਿਰਪਾ ਸਤਗੁਰੂ ਮਿਲਾਇਆ ॥ ਪੂਰੈ ਸਤਿਗੁਰਿ ਹਰਿ ਨਾਮੁ ਧਿਆਇਆ ॥੧॥ਰਹਾਉ॥ ਬ੍ਰਹਮੈ ਬੇਦ ਬਾਣੀ ਪਰਗਾਸੀ, ਮਾਇਆ ਮੋਹ ਪਸਾਰਾ ॥ ਮਹਾ ਦੇਉ ਗਿਆਨੀ ਵਰਤੈ ਘਰਿ ਆਪਣੈ, ਤਾਮਸੁ ਬਹੁਤੁ ਅਹੰਕਾਰਾ ॥੨॥ ਕਿਸਨੁ ਸਦਾ ਅਵਤਾਰੀ ਰੂਧਾ, ਕਿਤੁ ਲਗਿ ਤਰੈ ਸੰਸਾਰਾ ॥ ਗੁਰਮੁਖਿ ਗਿਆਨਿ ਰਤੇ ਜੁਗ ਅੰਤਰਿ, ਚੂਕੈ ਮੋਹ ਗੁਬਾਰਾ ॥੩॥ ਸਤ ਗੁਰ ਸੇਵਾ ਤੇ ਨਿਸਤਾਰਾ, ਗੁਰਮੁਖਿ ਤਰੈ ਸੰਸਾਰਾ ॥ ਸਾਚੈ ਨਾਇ ਰਤੇ ਬੈਰਾਗੀ, ਪਾਇਨਿ ਮੋਖ ਦੁਆਰਾ ॥੪॥ ਏਕੋ ਸਚੁ ਵਰਤੈ ਸਭ ਅੰਤਰਿ, ਸਭਨਾ ਕਰੇ ਪ੍ਰਤਿਪਾਲਾ ॥ ਨਾਨਕ ਇਕਸੁ ਬਿਨੁ ਮੈ ਅਵਰੁ ਨ ਜਾਣਾ, ਸਭਨਾ ਦੀਵਾਨੁ ਦਇਆਲਾ ॥੫॥੫॥ (ਹੇ

ਭਾਈ! ਜਿਨ੍ਹਾ ਮਨੁੱਖਾਂ ਨੂੰ ਪ੍ਰਮਾਤਮਾ ਦਾ) ਅੰਮ੍ਰਿਤ ਨਾਮ ਸਦਾ ਮਿੱਠਾ ਲੱਗਾ ਹੈ, (ਉਨ੍ਹਾਂ ਨੂੰ ਇਹ ਮਿੱਠਾ) ਸੁਆਦ ਗੁਰੂ ਦੇ ਸ਼ਬਦ ਦੁਆਰਾ ਆਇਆ ਹੈ।(ਉਨ੍ਹਾਂ ਦੀ ਬ੍ਰਿਤੀ ਗੁਰੂ ਦੀ) ਸੱਚੀ ਬਾਣੀ ਵਿਚ ਸਹਜੇ ਹੀ ਲੀਨ ਹੋ ਗਈ ਹੈ ਅਤੇ ਹਰਿ ਜੀਉ ਨੂੰ ਮਨਿ ਵਿਚ ਵਸਾ ਲਿਆ ਹੈ।੧।ਹਰੀ ਨੇ ਕ੍ਰਿਪਾ ਕਰਕੇ (ਉਨ੍ਹਾਂ ਨੂੰ) ਸਤਿਗੁਰੂ ਮਿਲਾ ਦਿਤਾ ਹੈ।(ਉਨ੍ਹਾਂ ਨੇ) ਪੂਰੇ ਸਤਿਗੁਰੂ ਦੁਆਰਾ ਹਰੀ ਨਾਮ ਨੂੰ ਜਪਿਆ ਹੈ।੧।ਰਹਾਉ।ਬ੍ਰਹਮਾ ਨੇ ਬੇਦ ਬਾਣੀ ਪਰਗਟ ਕੀਤੀ, (ਪਰ ਉਸ ਨੇ ਵੀ ਤ੍ਰੈ ਗੁਣੀ) ਮਾਇਆ ਦੇ ਮੋਹ ਦਾ ਪਸਾਰਾ ਹੀ ਬਿਆਨ ਕੀਤਾ ਹੈ।ਸ਼ਿਵ ਜੀ ਗਿਆਨ ਵਾਲਾ ਹੋ ਕੇ ਵਰਤਦਾ ਹੈ, (ਪਰ ਉਸ ਦੇ) ਅਪਣੇ ਹਿਰਦੇ ਵਿਚ ਕ੍ਰੋਧ ਤੇ (ਅਪਣੀ ਸਮਾਧੀ ਦਾ) ਹੰਕਾਰ ਬਹੁਤ ਹੈ।੨।ਵਿਸ਼ਨੂ ਸਦਾ ਅਵਤਾਰ ਧਾਰਨ ਵਿਚ ਰੁੱਝਿਆ ਰਹਿੰਦਾ ਹੈ, (ਦੱਸੋ) ਸੰਸਾਰ ਕਿਸ ਦੇ ਲੜ ਲਗ ਕੇ (ਭਵ ਜਲ ਤੋਂ) ਤਰੇ।ਜੋ ਗੁਰਮੁਖ ਲੋਕ ਇਸ ਜੁਗ ਦੇ ਅੰਦਰ ਗਿਆਨ ਅਵਸਥਾ ਵਿਚ ਰੰਗੇ ਹੋਏ ਹਨ, (ਉਨ੍ਹਾਂ ਦੇ) ਮੋਹ ਦਾ ਗੁਬਾਰ ਦੂਰ ਹੋ ਜਾਂਦਾ ਹੈ।੩।(ਸਿੱਟੇ ਦੀ ਗੱਲ ਇਹ ਹੈ ਕਿ) ਸਤਿਗੁਰੂ ਦੀ ਸੇਵ ਕਰਨ ਤੋਂ ਹੀ (ਭਵਜਲ ਤੋਂ) ਪਾਰ ਉਤਾਰਾ ਹੁੰਦਾ ਹੈ, ਸੰਸਾਰ ਗੁਰਮੁਖ ਬਣ ਕੇ (ਭਵਜਲ ਤੋਂ) ਤਰ ਸਕਦਾ ਹੈ।ਸੱਚੇ ਪ੍ਰਭੂ ਦੇ ਨਾਮ ਵਿਚ (ਜੋ ਪੁਰਖ) ਰੰਗੇ ਹੋਏ ਹਨ, (ਉਹ ਅਸਲ) ਬੈਰਾਗੀ ਹਨ ਤੇ (ਉਹ ਹੀ) ਮੁਕਤੀ ਦਾ ਦਰ (ਗਿਆਨ) ਪ੍ਰਾਪਤ ਕਰਦੇ ਹਨ।੪।(ਸਾਰੇ ਦੇਵੀ ਦੇਵਤਿਆਂ ਤੋਂ ਉਪਰ) ਇਕ ਸੱਚਾ ਪ੍ਰਮਾਤਮਾ ਸਭ ਜੀਵਾਂ ਦੇ ਹਿਰਦਿਆਂ ਅੰਦਰ ਵਰਤ ਰਿਹਾ ਹੈ ਅਤੇ ਸਭ (ਜੀਵਾਂ) ਦੀ ਪਾਲਣਾ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਇਕ ਪ੍ਰਭੂ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਜਾਣਦਾ, ਜੋ ਸਭ ਦਾ ਆਸਰਾ ਤੇ (ਸਭ ਉਤੇ) ਦਇਆ ਕਰਨ ਵਾਲਾ ਹੈ।੫।੫।

ਪਦਾਰਥ = ਸਦ–ਸਦਾ।ਸਬਦੀ–ਸ਼ਬਦ ਦੁਆਰਾ।ਸਾਦੁ–ਸੁਆਦ।ਸਹਜਿ–ਸਹਜੇ ਹੀ; ਸਹਿਜ ਅਵਸਥਾ ਵਿਚ।ਸਮਾਣੀ–ਲੀਨ ਹੋ ਗਈ।ਮਨਿ–ਮਨ ਵਿਚ।੧।ਹਰਿ–ਹਰੀ ਨੇ।ਕਰਿ–ਕਰ ਕੇ।ਪੂਰੈ ਸਤਿਗੁਰਿ–ਪੂਰੇ ਸਤਿਗੁਰੂ ਦੁਆਰਾ।੧।ਰਹਾਉ।ਬ੍ਰਹਮੈ–ਬ੍ਰਹਮਾ ਨੇ।ਪਰਗਾਸੀ–ਪਰਗਟ ਕੀਤੀ (ਰਚੀ)।ਮਹਾਦੇਉ–ਸ਼ਿਵ ਜੀ।ਘਰਿ–ਹਿਰਦੇ ਵਿਚ।ਤਾਮਸੁ–ਤਮੋ ਗੁਣ (ਕ੍ਰੋਧ)।੨।ਕਿਸਨੁ–ਵਿਸ਼ਨੂੰ। ਅਵਤਾਰੀ–ਅਵਤਾਰ ਧਾਰਨ ਵਿਚ।ਰੁਧਾ–ਰੁੱਝਿਆ ਰਹਿੰਦਾ ਹੈ।ਕਿਤੁ ਲਗਿ–ਕਿਸ ਦੇ ਨਾਲ ਲਗ ਕੇ।ਗਿਆਨਿ ਰਤੇ–ਗਿਆਨ ਵਿਚ ਰੰਗੇ ਹੋਏ ਹਨ।ਜੁਗ ਅੰਤਰਿ–ਇਸ ਜੁਗ (ਜਮਾਨੇ) ਵਿਚ।ਚੂਕੈ–ਦੂਰ ਹੋ ਜਾਂਦਾ ਹੈ।ਮੋਹ ਗੁਬਾਰਾ–ਮੋਹ ਦਾ ਘੁੱਪ ਹਨ੍ਹੇਰਾ।੩।ਤੇ–ਤੋਂ।ਨਿਸਤਾਰਾ–ਪਾਰ ਉਤਾਰਾ।ਸਾਚੈ ਨਾਇ–ਸੱਚੇ ਪ੍ਰਭੂ ਦੇ ਨਾਮ ਵਿਚ।ਬੈਰਾਗੀ–ਮੋਹ ਮਾਇਆ ਤੋਂ ਨਿਰਲੇਪ ਮਨੁੱਖ।ਪਾਇਨਿ–ਪਾ ਲੈਂਦੇ ਹਨ।ਮੋਖ ਦੁਆਰਾ–ਮੁਕਤੀ ਦਾ ਦਰ (ਗਿਆਨ)।੪।ਏਕੋ ਸਚੁ–ਇਕੋ ਸਚਾ ਪ੍ਰਭੂ।ਅੰਤਰਿ–ਹਿਰਦਿਆਂ ਅੰਦਰ।ਕਰੈ ਪ੍ਰਤਿਪਾਲਾ –ਪ੍ਰਤੀ ਜੀਵ ਪਾਲਣਾ ਕਰਦਾ ਹੈ।ਅਵਰੁ–ਹੋਰ ਕਿਸੇ ਨੂੰ।ਸਭਨਾ–ਸਾਰੇ ਜੀਵਾਂ ਦਾ।ਦੀਵਾਨੁ–ਆਸਰਾ; ਹਾਕਮ।੫।੫।

ਵਡਹੰਸੁ ਮਹਲਾ ੩ ॥ ਗੁਰਮੁਖਿ ਸਚੁ ਸੰਜਮੁ ਤਤੁ ਗਿਆਨੁ ॥ ਗੁਰਮੁਖਾਂ ਨੂੰ ਸੱਚ, ਸੰਜਮ ਤੇ ਸੱਚਾ ਗਿਆਨ ਪ੍ਰਾਪਤ ਹੁੰਦਾ ਹੈ।

ਅੰਗ ੫੬੦ = ਗੁਰਮੁਖਿ ਸਾਚੇ ਲਗੈ ਧਿਆਨੁ ॥੧॥ ਗੁਰਮੁਖਿ ਮਨ ਮੇਰੇ ਨਾਮੁ ਸਮਾਲਿ ॥ ਸਦਾ ਨਿਬਹੈ ਚਲੈ ਤੇਰੈ ਨਾਲਿ ॥੧॥ਰਹਾਉ ॥ ਗੁਰਮੁਖਿ ਜਾਤਿ ਪਤਿ ਸਚੁ ਸੋਇ ॥ ਗੁਰਮੁਖਿ ਅੰਤਰਿ ਸਖਾਈ ਪ੍ਰਭੁ ਹੋਇ ॥੨॥ ਗੁਰਮੁਖਿ ਜਿਸ ਨੋ ਆਪਿ ਕਰੇ ਸੋ ਹੋਇ ॥ ਗੁਰਮੁਖਿ ਆਪਿ ਵਡਾਈ ਦੇਵੈ ਸੋਇ ॥੩॥ ਗੁਰਮੁਖਿ ਸਬਦੁ ਸਚੁ ਕਰਣੀ ਸਾਰੁ ॥ ਗੁਰਮੁਖਿ ਨਾਨਕ ਪਰਵਾਰੈ ਸਾਧਾਰੁ ॥੪॥੬॥ ਗੁਰਮੁਖਾਂ ਦਾ ਧਿਆਨ ਸੱਚੇ ਪ੍ਰਭੂ ਵਿਚ ਲੱਗਾ ਰਹਿੰਦਾ ਹੈ।੧।ਹੇ ਮੇਰੇ ਮਨ! (ਤੂੰ) ਗੁਰਮੁਖ ਬਣ ਕੇ ਪ੍ਰਭੂ ਦਾ ਨਾਮ ਯਾਦ ਕਰਦਾ ਰਹੁ।(ਇਹ ਨਾਮ ਇਸ ਲੋਕ ਵਿਚ) ਸਦਾ ਤੇਰੇ ਨਾਲ ਨਿਭੇਗਾ ਅਤੇ (ਪ੍ਰਲੋਕ ਵਿਚ ਵੀ) ਤੇਰੇ ਨਾਲ ਜਾਵੇਗਾ।੧।ਰਹਾਉ।ਉਹ ਹੀ ਸੱਚਾ ਪ੍ਰਭੂ ਗੁਰਮੁਖਾਂ ਦੀ ਜਾਤ ਤੇ ਇੱਜਤ ਹੈ।ਗੁਰਮੁਖਾਂ ਦੇ ਹਿਰਦੇ ਅੰਦਰ ਪ੍ਰਭੂ ਵਸਦਾ ਹੁੰਦਾ ਹੈ, (ਜੋ ਉਨ੍ਹਾਂ ਦੀ) ਸਹਾਇਤਾ ਕਰਨ ਵਾਲਾ ਹੈ।੨।ਜਿਸ ਨੂੰ ਆਪ ਪ੍ਰਭੂ ਗੁਰਮੁਖ ਬਣਾਉਂਦਾ ਹੈ, ਉਹ (ਗੁਰਮੁਖ) ਹੁੰਦਾ ਹੈ।ਗੁਰਮੁਖਾਂ ਨੂੰ ਵਡਿਆਈ ਉਹ ਪ੍ਰਭੂ ਹੀ ਦੇਂਦਾ ਹੈ।੩।ਸੱਚਾ ਸ਼ਬਦ ਹੀ ਗੁਰਮੁਖਾਂ ਦੀ ਸ੍ਰੇਸ਼ਟ ਕਰਣੀ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਅਪਣੇ ਪ੍ਰਵਾਰ ਨੂੰ ਸੁਧਾਰ ਲੈਂਦੇ ਹਨ; (ਪ੍ਰਭੂ ਦੇ) ਆਸਰੇ ਸਹਿਤ ਕਰ ਲੈਂਦੇ ਹਨ।੪।੬।

ਪਦਾਰਥ = ਸੰਜਮੁ–ਸ਼ੁੱਭ ਆਚਰਣ; ਇੰਦ੍ਰੀਆਂ ਨੂੰ ਕਾਬੂ ਕਰਨ ਦਾ ਜਤਨ।ਤਤੁ ਗਿਆਨੁ–ਸੱਚਾ ਗਿਆਨ; ਆਤਮ ਗਿਆਨ; ਬ੍ਰਹਮ ਗਿਆਨ।ਸਾਚੇ–ਸੱਚੇ ਪ੍ਰਭੂ ਵਿਚ।੧।ਮਨ ਮੇਰੇ–ਹੇ ਮੇਰੇ ਮਨ!।ਸਮਾਲਿ–ਯਾਦ ਕਰ।੧।ਰਹਾਉ।ਪਤਿ–ਇੱਜਤ (ਜੋ ਉਚੀ ਜਾਤ ਕਰਕੇ ਹੁੰਦੀ ਹੈ); ਖਾਨਦਾਨ।ਸੋਇ–ਉਹ ਹੀ।ਅੰਤਰਿ–ਹਿਰਦੇ ਅੰਦਰ।ਸਖਾਈ ਸਹਾਇਤਾ ਕਰਨ ਵਾਲਾ।੨।ਜਿਸ ਨੋ–ਜਿਸ ਨੂੰ। ਕਰੇ–ਬਣਾਉਂਦਾ ਹੈ।ਸੋ–ਉਹ।੩।ਕਰਣੀ ਸਾਰੁ–ਸ੍ਰੇਸ਼ਟ ਕਰਣੀ।ਪਰਵਾਰੈ–ਪ੍ਰਵਾਰ ਨੂੰ।ਸਾਧਾਰੁ–ਸੁਧਾਰ; ਆਸਰੇ ਸਹਿਤ।੪।੬।

ਵਡਹੰਸੁ ਮਹਲਾ ੩ ॥ ਰਸਨਾ ਹਰਿ ਸਾਦਿ ਲਗੀ ਸਹਜਿ ਸੁਭਾਇ ॥ ਮਨੁ ਤ੍ਰਿਪਤਿਆ ਹਰਿ ਨਾਮੁ ਧਿਆਇ ॥੧॥ ਸਦਾ ਸੁਖੁ ਸਾਚੈ

ਸਬਦਿ ਵੀਚਾਰੀ ॥ ਆਪਣੇ ਸਤਿਗੁਰ ਵਿਟਹੁ ਸਦਾ ਬਲਿਹਾਰੀ ॥੧॥ਰਹਾਉ॥ ਅਖੀ ਸੰਤੋਖੀਆ ਏਕ ਲਿਵ ਲਾਇ ॥ ਮਨੁ ਸੰਤੋਖਿਆ ਦੂਜਾ ਭਾਉ ਗਵਾਇ ॥੨॥ ਦੇਹ ਸਰੀਰਿ ਸੁਖੁ ਹੋਵੈ ਸਬਦਿ ਹਰਿ ਨਾਇ ॥ ਨਾਮੁ ਪਰਮਲੁ ਹਿਰਦੈ ਰਹਿਆ ਸਮਾਇ ॥੩॥ ਨਾਨਕ ਮਸਤਕਿ ਜਿਸੁ ਵਡਭਾਗੁ ॥ ਗੁਰ ਕੀ ਬਾਣੀ ਸਹਜ ਬੈਰਾਗੁ ॥੪॥੭॥ (ਹੇ ਭਾਈ! ਜਿਸ ਮਨੁੱਖ ਦੀ) ਰਸਨਾ ਸੁਤੇ ਸਿੱਧ ਹਰੀ ਦੇ ਨਾਮ ਦੇ ਸੁਆਦ ਵਿਚ ਲੱਗੀ ਹੋਈ ਹੈ। ਹਰੀ ਦਾ ਨਾਮ ਸਿਮਰ ਕੇ (ਉਸ ਦਾ) ਮਨ ਰੱਜ ਗਿਆ ਹੈ।੧।ਮੈਂ ਅਪਣੇ ਸਤਿਗੁਰੂ ਤੋਂ ਸਦਾ ਬਲਹਾਰ ਜਾਂਦਾ ਹਾਂ। (ਜਿਸ ਦੇ ਬਖਸ਼ੇ) ਸੱਚੇ ਸ਼ਬਦ ਦੁਆਰਾ ਵਿਚਾਰ ਕਰਨ ਨਾਲ ਸਦੀਵੀ ਸੁਖ ਮਿਲਿਆ ਹੈ।੧।ਰਹਾਉ।ਇਕ ਪ੍ਰਭੂ ਨਾਲ ਲਿਵ ਲਾਉਣ ਕਰਕੇ ਅੱਖਾਂ ਸੰਤੁਸ਼ਟ ਹੋ ਗਈਆ ਹਨ। ਦ੍ਵੈਤ ਭਾਵ ਦੂਰ ਕਰਨ ਨਾਲ ਮਨ ਨੂੰ ਸੰਤੋਖ ਮਿਲ ਗਿਆ ਹੈ।੨।ਗੁਰੂ ਦੇ ਸ਼ਬਦ ਦੁਆਰਾ ਹਰੀ ਦਾ ਨਾਮ ਜਪਣ ਕਰਕੇ ਸਥੂਲ ਦੇਹ ਤੇ ਸੂਖਮ ਸਰੀਰ ਵਿਚ ਸੁਖ ਪੈਦਾ ਹੁੰਦਾ ਹੈ। ਨਾਮ ਰੂਪ ਚੰਦਨ ਹਿਰਦੇ ਵਿਚ ਟਿਕਿਆ ਰਹਿੰਦਾ ਹੈ (ਜੋ ਸੀਤਲਤਾ ਪ੍ਰਦਾਨ ਕਰਦਾ ਹੈ)।੩।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਦੇ ਮੱਥੇ ਤੇ ਵੱਡੇ ਭਾਗ ਹਨ। (ਉਸ ਨੂੰ) ਗੁਰੂ ਦੀ ਬਾਣੀ ਦੀ ਬਰਕਤ ਨਾਲ ਸੁਭਾਵਕ ਹੀ ਬੈਰਾਗ ਹੋ ਜਾਂਦਾ ਹੈ।੪।੭।

ਪਦਾਰਥ = ਰਸਨਾ–ਜੀਭ। ਸਾਦਿ–ਸੁਆਦ ਵਿਚ। ਸਹਜਿ ਸੁਭਾਇ–ਸੁਤੇ ਸਿੱਧ। ਤ੍ਰਿਪਤਿਆ–ਰੱਜ ਗਿਆ।੧। ਸਾਚੈ ਸਬਦਿ–ਸੱਚੇ ਗੁਰੂ ਦੇ ਸ਼ਬਦ ਦੁਆਰਾ। ਵਿਟਹੁ–ਤੋਂ। ਬਲਿਹਾਰੀ–ਕੁਰਬਾਨ ਹਾਂ।੧। ਰਹਾਉ। ਅਖੀ–ਅੱਖਾਂ। ਏਕ–ਇਕ ਪ੍ਰਭੂ। ਲਿਵ ਲਾਇ–ਸੁਤ ਜੋੜ ਕੇ। ਸੰਤੋਖਿਆ–ਸੰਤੁਸ਼ਟ ਹੋ ਗਿਆ; ਰੱਜ ਗਿਆ। ਦੂਜਾ ਭਾਉ–ਦ੍ਵੈਤ ਭਾਵ (ਰੱਬ ਨੂੰ ਛਡ ਕੇ ਦੂਜੇ ਇਸ਼ਟ ਦਾ ਪਿਆਰ)। ਗਵਾਇ–ਗਵਾ ਕੇ।੨। ਨਾਇ–ਨਾਮ (ਜਪਣ ਕਰਕੇ)। ਨਾਮੁ ਪਰਮਲੁ–ਮਨ ਵਿਚ ਠੰਢ ਪਾਉਣ ਵਾਲਾ ਚੰਦਨ ਰੂਪ ਨਾਮ; ਰੂਹਾਨੀ ਸੁਗੰਧੀ ਦੇਣ ਵਾਲਾ ਨਾਮ।੩। ਮਸਤਕਿ–ਮੱਥੇ ਉਤੇ। ਸਹਜ ਬੈਰਾਗ–ਸੁਤੇ ਸਿੱਧ ਪੈਦਾ ਹੋਈ ਮੋਹ ਰਹਿਤ ਅਵਸਥਾ।੪।੭।

ਵਡਹੰਸੁ ਮਹਲਾ ੩ ॥ ਪੂਰੇ ਗੁਰ ਤੇ ਨਾਮੁ ਪਾਇਆ ਜਾਇ ॥ ਸਚੈ ਸਬਦਿ ਸਚਿ ਸਮਾਇ ॥੧॥ ਏ ਮਨ ਨਾਮੁ ਨਿਧਾਨੁ ਤੂ ਪਾਇ ॥ ਆਪਣੇ ਗੁਰ ਕੀ ਮੰਨਿ ਲੈ ਰਜਾਇ ॥੧॥ਰਹਾਉ॥ ਗੁਰ ਕੈ ਸਬਦਿ ਵਿਚਹੁ ਮੈਲੁ ਗਵਾਇ ॥ ਨਿਰਮਲੁ ਨਾਮੁ ਵਸੈ ਮਨਿ ਆਇ ॥੨॥ ਭਰਮੇ ਭੂਲਾ ਫਿਰੈ ਸੰਸਾਰੁ ॥ ਮਰਿ ਜਨਮੈ ਜਮੁ ਕਰੇ ਖੁਆਰੁ ॥੩॥ ਨਾਨਕ ਸੇ ਵਡਭਾਗੀ, ਜਿਨ ਹਰਿ ਨਾਮੁ ਧਿਆਇਆ ॥ ਗੁਰ ਪਰਸਾਦੀ ਮੰਨਿ ਵਸਾਇਆ ॥੪॥੮॥ (ਹੇ ਭਾਈ! ਪ੍ਰਭੂ ਦਾ) ਨਾਮ ਪੂਰੇ ਗੁਰੂ ਤੋਂ ਪਾਇਆ ਜਾ ਸਕਦਾ ਹੈ। (ਗੁਰੂ ਦੇ) ਸੱਚੇ ਸ਼ਬਦ ਵਿਚ ਜੁੜ ਕੇ ਸੱਚੇ ਪ੍ਰਭੂ ਵਿਚ ਸਮਾ ਜਾਈਦਾ ਹੈ।੧।ਹੇ ਮੇਰੇ ਮਨ! ਤੂੰ ਅਪਣੇ ਗੁਰੂ ਦੀ ਰਜ਼ਾ ਮੰਨ ਲੈ ਅਤੇ (ਗੁਰੂ ਪਾਸੋਂ) ਨਾਮ ਰੂਪ ਖਜਾਨਾ ਪ੍ਰਾਪਤ ਕਰ ਲੈ।੧।ਰਹਾਉ।ਗੁਰੂ ਦੇ ਸ਼ਬਦ ਵਿਚ ਜੁੜ ਕੇ (ਅਪਣੇ ਮਨ) ਵਿਚੋਂ (ਵਿਕਾਰਾਂ ਦੀ) ਮੈਲ ਦੂਰ ਕਰ ਲੈ। (ਫਿਰ ਤੇਰੇ) ਮਨ ਵਿਚ ਨਿਰਮਲ ਨਾਮ ਆ ਵਸੇਗਾ।੨। (ਸਾਰਾ) ਸੰਸਾਰ ਭਰਮ ਵਿਚ ਭੁੱਲਿਆ ਫਿਰਦਾ ਹੈ। (ਜਿਸ ਕਰ ਕੇ ਇਹ) ਮਰਦਾ ਜੰਮਦਾ ਰਹਿੰਦਾ ਹੈ ਤੇ ਜਮ ਖੁਆਰ ਕਰਦਾ ਹੈ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਮਨੁੱਖਾਂ ਨੇ ਹਰੀ ਦਾ ਨਾਮ ਸਿਮਰਿਆ ਹੈ, ਉਹ ਵੱਡੇ ਭਾਗਾਂ ਵਾਲੇ ਹਨ। (ਉਨ੍ਹਾਂ ਨੇ ਹਰੀ ਦੇ ਨਾਮ ਨੂੰ) ਗੁਰੂ ਦੀ ਕ੍ਰਿਪਾ ਨਾਲ ਮਨ ਵਿਚ ਵਸਾਇਆ ਹੈ।੪।੮।

ਪਦਾਰਥ = ਤੇ–ਤੋਂ। ਸਚੈ ਸਬਦਿ–ਸੱਚੇ ਸ਼ਬਦ ਵਿਚ ਜੁੜ ਕੇ। ਸਚਿ ਸਮਾਇ–ਸੱਚੇ ਪ੍ਰਭੂ ਵਿਚ ਲੀਨ ਹੋ ਜਾਈਦਾ ਹੈ।੧। ਏ ਮਨ–ਹੇ ਮਨ!। ਨਿਧਾਨੁ–ਖਜਾਨਾ। ਪਾਇ–ਪ੍ਰਾਪਤ ਕਰ ਲੈ। ਰਜਾਇ–ਆਗਿਆ।੧। ਰਹਾਉ। ਵਿਚਹੁ–(ਮਨ) ਵਿਚੋਂ। ਗਵਾਇ–ਦੂਰ ਕਰ ਲੈ। ਮਨਿ–ਮਨ ਵਿਚ। ਨਿਰਮਲ–ਪਵਿਤ੍ਰ।੨। ਭੂਲਾ ਫਿਰੈ–ਭੁੱਲਿਆ ਫਿਰਦਾ ਹੈ (ਕੁਰਾਹੇ ਪਿਆ ਹੋਇਆ ਹੈ)। ਮਰਿ ਜਨਮੈ–ਮਰਦਾ ਜੰਮਦਾ ਰਹਿੰਦਾ ਹੈ।੩। ਸੇ–ਉਹ। ਜਿਨ–ਜਿਨ੍ਹਾਂ ਨੇ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਮੰਨਿ–ਮਨ ਵਿਚ।੪।੮।

ਵਡਹੰਸੁ ਮਹਲਾ ੩ ॥ ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥ ਹਉਮੈ ਵਿਚਿ ਸੇਵਾ ਨ ਹੋਵਈ, ਤਾ ਮਨੁ ਬਿਰਥਾ ਜਾਇ ॥੧॥ ਹਰਿ ਚੇਤਿ ਮਨ ਮੇਰੇ, ਤੂ ਗੁਰ ਕਾ ਸਬਦੁ ਕਮਾਇ ॥ ਹੁਕਮੁ ਮੰਨਹਿ ਤਾ ਹਰਿ ਮਿਲੈ, ਤਾ ਵਿਚਹੁ ਹਉਮੈ ਜਾਇ ॥੧॥ਰਹਾਉ॥ ਹਉਮੈ ਸਭੁ ਸਰੀਰੁ ਹੈ, ਹਉਮੈ ਓਪਤਿ ਹੋਇ ॥ ਹਉਮੈ ਵਡਾ ਗੁਬਾਰੁ ਹੈ, ਹਉਮੈ ਵਿਚਿ ਬੁਝਿ ਨ ਸਕੈ ਕੋਇ ॥੨॥ ਹਉਮੈ ਵਿਚਿ ਭਗਤਿ ਨ ਹੋਵਈ, ਹੁਕਮੁ ਨ ਬੁਝਿਆ ਜਾਇ ॥ ਹਉਮੈ ਵਿਚਿ ਜੀਉ ਬੰਧੁ ਹੈ, ਨਾਮੁ ਨ ਵਸੈ ਮਨਿ ਆਇ ॥੩॥ ਨਾਨਕ ਸਤਿਗੁਰਿ ਮਿਲਿਐ ਹਉਮੈ ਗਈ, ਤਾ ਸਚੁ ਵਸਿਆ ਮਨਿ ਆਇ ॥ ਸਚੁ ਕਮਾਵੈ ਸਚਿ ਰਹੈ, ਸਚੇ ਸੇਵਿ ਸਮਾਇ ॥੪॥੯॥੧੨॥ ਹਉਮੈ ਦਾ ਪ੍ਰਮਾਤਮਾ ਦੇ ਨਾਮ ਨਾਲ ਵਿਰੋਧ ਹੈ, ਦੋਵੇਂ ਇਕ ਥਾਂ (ਹਿਰਦੇ ਵਿਚ ਇਕੱਠੇ) ਨਹੀਂ ਵਸ ਸਕਦੇ (ਹਉਮੈ ਹੋਵੇ ਤਾਂ ਮਨ ਵਿਚ ਨਾਮ ਨਹੀਂ ਟਿਕਦਾ, ਜੇ ਨਾਮ ਹੋਵੇ ਤਾਂ ਮਨ ਵਿਚ ਹਉਮੈ ਨਹੀਂ ਰਹਿੰਦੀ)। ਹਉਮੈ ਵਿਚ (ਮਨੁੱਖ ਤੋਂ) ਸੇਵਾ ਨਹੀਂ ਹੋ ਸਕਦੀ, (ਹਉਮੈ ਵਿਚ ਸੇਵਾ ਕੀਤਿਆਂ) ਮਨ ਬਿਰਥਾ ਚਲਾ ਜਾਂਦਾ ਹੈ (ਮਨ ਦੈਵੀ ਗੁਣਾਂ ਤੋਂ ਖਾਲੀ ਰਹਿੰਦਾ ਹੈ)।੧।ਹੇ ਮੇਰੇ ਮਨ!

ਤੂੰ ਹਰੀ ਨੂੰ ਯਾਦ ਕਰ ਅਤੇ ਗੁਰੂ ਦਾ ਸ਼ਬਦ ਕਮਾ (ਗੁਰੂ ਦਾ ਉਪਦੇਸ਼ ਹਿਰਦੇ ਵਿਚ ਵਸਾ ਲੈ।ਜੇ ਤੂੰ ਗੁਰੂ ਦਾ) ਹੁਕਮ ਮੰਨੇਂਗਾ ਤਾਂ ਤੈਨੂੰ ਹਰੀ ਮਿਲ ਪਵੇਗਾ, ਤਦ ਤੇਰੇ ਮਨ ਵਿਚੋਂ ਹਉਮੈ ਦੂਰ ਹੋ ਜਾਵੇਗੀ।੧।ਰਹਾਉ।(ਜੀਵਾਂ ਦੇ) ਸਾਰੇ ਸਰੀਰ ਹਉਮੈ ਦੇ ਪੁਤਲੇ ਹਨ (ਸਭ ਵਿਚ ਹਉਮੈ ਹੈ) ਅਤੇ ਹਉਮੈ ਦੇ ਕਾਰਣ ਹੀ (ਜੀਵਾਂ ਦੀ) ਉਤਪਤੀ ਹੁੰਦੀ ਹੈ।(ਜੀਵਾਂ ਦੇ ਅੰਦਰ) ਹਉਮੈ ਦਾ ਵੱਡਾ ਘੁੱਪ ਹਨ੍ਹੇਰਾ ਹੈ, (ਇਸ ਲਈ) ਹਉਮੈ ਵਾਲੀ ਹਾਲਤ ਵਿਚ ਹੋਣ ਕਰਕੇ ਕੋਈ ਵੀ ਜੀਵ (ਅਪਣੇ ਆਤਮਕ ਜੀਵਨ ਨੂੰ) ਨਹੀਂ ਜਾਣ ਸਕਦਾ (ਆਤਮਕ ਗਿਆਨ ਨਹੀਂ ਹੋ ਸਕਦਾ)।੨।ਹਉਮੈ ਵਿਚ ਪ੍ਰਭੂ ਦੀ ਭਗਤੀ ਨਹੀਂ ਹੋ ਸਕਦੀ ਅਤੇ ਨਾ ਹੀ (ਪ੍ਰਭੂ ਦਾ) ਹੁਕਮ ਜਾਣਿਆ ਜਾ ਸਕਦਾ ਹੈ।ਹਉਮੈ ਵਿਚ ਜੀਵ ਨੂੰ ਬੰਧਨ ਪਿਆ ਰਹਿੰਦਾ ਹੈ (ਸੁਤੰਤਰ ਨਹੀ ਹੁੰਦਾ, ਇਸ ਲਈ ਹਰੀ ਦਾ) ਨਾਮ ਮਨ ਵਿਚ ਆ ਕੇ ਨਹੀਂ ਵਸ ਸਕਦਾ।੩।ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਦੇ ਮਿਲਣ ਨਾਲ (ਜਿਸ ਮਨੁੱਖ ਦੀ) ਹਉਮੈ ਦੂਰ ਹੋ ਗਈ ਹੈ, ਤਦ (ਉਸ ਦੇ) ਮਨ ਵਿਚ ਸੱਚ ਸਰੂਪ ਪ੍ਰਭੂ ਆ ਵਸਦਾ ਹੈ।(ਫਿਰ ਉਹ) ਸੱਚ ਨੂੰ ਕਮਾਉਂਦਾ ਹੈ, ਸੱਚ ਵਿਚ ਟਿਕਿਆ ਰਹਿੰਦਾ ਹੈ ਅਤੇ ਸੱਚ ਸਰੂਪ ਪ੍ਰਭੂ ਦੀ ਸੇਵਾ ਭਗਤੀ ਕਰਦਿਆਂ (ਉਸੇ ਵਿਚ) ਸਮਾ ਜਾਂਦਾ ਹੈ।੪।੯।

ਪਦਾਰਥ = ਨਾਵੈ ਨਾਲਿ–ਨਾਮ ਨਾਲ।ਵਿਰੋਧੁ–ਵੈਰ।ਦੁਇ–ਦੋਵੇਂ।ਇਕ ਠਾਇ–ਇਕ ਥਾਂ ਤੇ (ਹਿਰਦੇ ਵਿਚ)।ਤਾ–ਤਾਂ; ਤਦ।ਬਿਰਥਾ –ਨਿਸਫਲ।੧।ਚੇਤਿ–ਯਾਦ ਕਰ।ਮਨ ਮੇਰੇ–ਹੇ ਮੇਰੇ ਮਨ!।ਮੰਨਹਿ–ਮੰਨ ਲਏਂਗਾ।੧।ਰਹਾਉ।ਓਪਤਿ–ਪੈਦਾਇਸ਼ (ਜਨਮ ਮਰਨ ਦਾ ਚੱਕਰ)।ਗੁਬਾਰੁ–ਘੁੱਪ ਹਨ੍ਹੇਰਾ।ਬੁਝਿ ਨ ਸਕੈ–ਜਾਣ ਨਹੀਂ ਸਕਦਾ।੨।ਭਗਤਿ–ਭਗਤੀ।ਨ ਹੋਵਈ–ਨਹੀਂ ਹੋ ਸਕਦੀ।ਜੀਉ–ਜੀਵ; ਜੀਵਾਤਮਾ।ਬੰਧੁ–ਬੰਧਨ।ਮਨਿ–ਮਨ ਵਿਚ।੩।ਸਚੁ–ਸੱਚ ਸਰੂਪ ਪ੍ਰਭੂ।ਸਚਿ–ਸੱਚ ਸਰੂਪ ਪ੍ਰਭੂ ਵਿਚ।ਸਚੁ ਕਮਾਵੈ–ਸੱਚੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।ਸੇਵਿ–ਸੇਵਾ ਭਗਤੀ ਕਰਕੇ।ਸਮਾਇ–ਲੀਨ ਹੋ ਜਾਂਦਾ ਹੈ।੪।੯।੧੨।

ਵਡਹੰਸੁ ਮਹਲਾ ੪ ਘਰੁ ੧ ੴ ਸਤਿਗੁਰ ਪ੍ਰਸਾਦਿ ॥ ਸੇਜ ਏਕ ਏਕੋ ਪ੍ਰਭੁ ਠਾਕੁਰੁ ॥ ਗੁਰਮੁਖਿ ਹਰਿ ਰਾਵੇ ਸੁਖ ਸਾਗਰੁ ॥੧॥ (ਗੁਰਮੁਖ ਦਾ ਹਿਰਦਾ ਰੂਪ) ਸੇਜ ਇਕ ਹੈ, ਮਾਲਕ ਪ੍ਰਭੂ ਵੀ ਇਕ ਹੈ (ਜੋ ਹਿਰਦਾ ਰੂਪ ਸੇਜ ਉਤੇ ਬਿਰਾਜਮਾਨ ਹੈ)। ਗੁਰਮੁਖ (ਉਸ ਸੇਜ ਉਤੇ) ਸੁੱਖਾਂ ਦੇ ਸਾਗਰ ਹਰੀ ਦੇ ਮਿਲਾਪ ਦਾ ਉਚਾ ਰੁਹਾਨੀ ਅਨੰਦ ਮਾਣਦਾ ਹੈ।੧।

ਅੰਗ ੫੬੧ = ਮੈ ਪ੍ਰਭ ਮਿਲਣ ਪ੍ਰੇਮ ਮਨਿ ਆਸਾ ॥ ਗੁਰੁ ਪੂਰਾ ਮੇਲਾਵੈ ਮੇਰਾ ਪ੍ਰੀਤਮੁ ,ਹਉ ਵਾਰਿ ਵਾਰਿ ਆਪਣੇ ਗੁਰੂ ਕਉ ਜਾਸਾ ॥੧॥ਰਹਾਉ॥ ਮੈ ਅਵਗਣ ਭਰਪੂਰਿ ਸਰੀਰੇ ॥ ਹਉ ਕਿਉ ਕਰਿ ਮਿਲਾ ਅਪਣੇ ਪ੍ਰੀਤਮ ਪੂਰੇ ॥੨॥ ਜਿਨਿ ਗੁਣਵੰਤੀ ਮੇਰਾ ਪ੍ਰੀਤਮੁ ਪਾਇਆ ॥ ਸੇ ਮੈ ਗੁਣ ਨਾਹੀ, ਹਉ ਕਿਉ ਮਿਲਾ ਮੇਰੀ ਮਾਇਆ ॥੩॥ ਹਉ ਕਰਿ ਕਰਿ ਥਾਕਾ ਉਪਾਵ ਬਹੁਤੇਰੇ ॥ ਨਾਨਕ ਗਰੀਬ ਰਾਖਹੁ ਹਰਿ ਮੇਰੇ ॥੪॥੧॥ ਮੇਰੇ ਮਨ ਵਿਚ ਪ੍ਰੇਮ ਹੈ ਤੇ ਪ੍ਰਭੂ ਨੂੰ ਮਿਲਣ ਦੀ ਆਸਾ ਹੈ।ਪੂਰਾ ਗੁਰੂ ਮੈਨੂੰ ਮੇਰਾ ਪਿਆਰਾ ਪ੍ਰਭੂ ਮਿਲਾ ਸਕਦਾ ਹੈ, (ਇਸ ਲਈ) ਮੈਂ ਮਨ ਤੇ ਸਰੀਰ ਕਰਕੇ ਅਪਣੇ ਗੁਰੂ ਤੋਂ ਵਾਰਨੇ ਜਾਂਦਾ ਹਾਂ।੧।ਰਹਾਉ।ਮੇਰੇ ਸਰੀਰ ਵਿਚ ਔਗੁਣ ਭਰੇ ਹੋਏ ਹਨ।(ਇਨ੍ਹਾਂ ਔਗੁਣਾਂ ਕਰਕੇ) ਮੈਂ ਅਪਣੇ ਪਿਆਰੇ ਪੂਰੇ ਪ੍ਰਭੂ ਨੂੰ ਕਿਸ ਤਰ੍ਹਾਂ ਮਿਲ ਸਕਦੀ ਹਾਂ?।੨।ਜਿਸ ਗੁਣਾਂ ਵਾਲੀ ਜੀਵ ਇਸਤ੍ਰੀ ਨੇ ਮੇਰੇ ਪਿਆਰੇ ਪ੍ਰਭੂ ਪਤੀ ਨੂੰ ਪਾਇਆ ਹੈ (ਉਹ ਗੁਣਾਂ ਕਰਕੇ ਮਿਲਿਆ ਹੈ।ਪਰ) ਉਹ ਗੁਣ ਮੇਰੇ ਵਿਚ ਨਹੀਂ ਹਨ, ਹੇ ਮੇਰੀ ਮਾਂ! ਮੈਂ (ਪਤੀ ਪ੍ਰਭੂ ਨੂੰ) ਕਿਸ ਤਰ੍ਹਾਂ ਮਿਲ ਸਕਦੀ ਹਾਂ?।੩।ਮੈਂ (ਉਸ ਨੂੰ ਮਿਲਣ ਦੇ) ਬਹੁਤ ਉਪਾਉ ਕਰ ਕਰਕੇ ਥਕ ਗਿਆ ਹਾਂ।(ਇਸ ਲਈ ਅਰਦਾਸ ਹੈ ਕਿ) ਹੇ ਮੇਰੇ ਪ੍ਰਭੂ! ਨਾਨਕ ਗਰੀਬ ਦੀ ਰੱਖਿਆ ਕਰੋ (ਤਾਂ ਕਿ ਮੈਂ ਤੈਨੂੰ ਮਿਲ ਸਕਾਂ)।੪।੧।

ਪਦਾਰਥ = ਸੇਜ ਏਕ–ਹਿਰਦਾ ਰੂਪ ਸੇਜ ਇਕ ਹੈ (ਮਨ ਦੀ ਇਕਾਗਰਤਾ)।ਠਾਕੁਰੁ–ਮਾਲਕ।ਰਾਵੇ–(ਉਚਾ ਰੁਹਾਨੀ) ਅਨੰਦ ਮਾਣਦਾ ਹੈ।੧।ਮਨਿ–ਮਨ ਵਿਚ।ਪ੍ਰੀਤਮੁ–ਪਿਆਰਾ ਪ੍ਰਭੂ।ਹਉ–ਮੈਂ।ਵਾਰਿ–ਵਾਰਨੇ ਜਾਂਦਾ ਹਾਂ।ਗੁਰੂ ਕਉ–ਗੁਰੂ ਤੋਂ।ਜਾਸਾ–ਜਾਂਦਾ ਹਾਂ।੧।ਰਹਾਉ।ਸਰੀਰੇ–ਸਰੀਰ ਵਿਚ।ਕਿਉ ਕਰਿ–ਕਿਸ ਤਰ੍ਹਾਂ।੨।ਜਿਨਿ–ਜਿਸ ਨੇ।ਗੁਣਵੰਤੀ–ਗੁਣਾਂ ਵਾਲੀ ਇਸਤ੍ਰੀ ਨੇ।ਸੇ–ਉਹ ।ਮਾਇਆ–ਹੇ ਮਾਂ!।੩।ਥਾਕਾ–ਥੱਕ ਗਿਆ।ਉਪਾਵ–ਉਪਾਉ।ਬਹੁਤੇਰੇ–ਬਹੁਤ।ਗਰੀਬ–ਨਿਮਾਣਾ; ਅਸਮਰੱਥ।੪।੧।

ਵਡਹੰਸੁ ਮਹਲਾ ੪ ॥ ਮੇਰਾ ਹਰਿ ਪ੍ਰਭੁ ਸੁੰਦਰੁ ,ਮੈ ਸਾਰ ਨ ਜਾਣੀ ॥ ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ ॥੧॥ ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ ॥ ਜੋ ਪਿਰ ਭਾਵੈ ਸਾ ਸੋਹਾਗਣਿ, ਸਾਈ ਪਿਰ ਕਉ ਮਿਲੈ ਸਿਆਣੀ ॥੧।ਰਹਾਉ॥ ਮੈ ਵਿਚਿ ਦੋਸ, ਹਉ ਕਿਉ ਕਰਿ ਪਿਰੁ ਪਾਵਾ ॥ ਤੇਰੇ ਅਨੇਕ ਪਿਆਰੇ, ਹਉ ਪਿਰ ਚਿਤਿ ਨ ਆਵਾ ॥੨॥ ਜਿਨਿ ਪਿਰੁ ਰਾਵਿਆ, ਸਾ ਭਲੀ ਸੁਹਾਗਣਿ ॥ ਸੇ ਮੈ ਗੁਣ ਨਾਹੀ, ਹਉ ਕਿਆ ਕਰੀ ਦੁਹਾਗਣਿ ॥੩॥ ਨਿਤ ਸੁਹਾਗਣਿ ਸਦਾ ਪਿਰੁ ਰਾਵੈ ॥ ਮੈ ਕਰਮਹੀਣ ਕਬ ਹੀ ਗਲਿ ਲਾਵੈ ॥੪॥ ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ ॥ ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ ॥੫॥੨॥ (ਹੇ ਸੰਤ ਰੂਪ ਸਖੀਓ!) ਮੇਰਾ

ਹਰੀ ਪ੍ਰਭੂ ਸੁੰਦਰ ਹੈ, (ਪਰ ਉਸ ਦੀ ਸੁੰਦਰਤਾ ਅਤੇ ਗੁਣਾਂ ਦੀ) ਮੈਂ ਕਦਰ ਨਹੀਂ ਜਾਣੀ।ਮੈਂ ਹਰੀ ਪ੍ਰਭੂ ਨੂੰ ਛਡ ਕੇ ਦੂਜੇ ਪਾਸੇ (ਮਾਇਆ ਤੇ ਦੇਵੀ ਦੇਵਤਿਆਂ ਦੀ ਪੂਜਾ ਵਿਚ) ਲੁਭਾਇਵਾਨ ਰਹੀ ਹਾਂ।੧।ਮੈਂ ਅਣਜਾਣ ਇਸਤ੍ਰੀ ਅਪਣੇ ਪਤੀ ਪ੍ਰਮਾਤਮਾ ਨੂੰ ਕਿਵੇਂ ਮਿਲ ਸਕਦੀ ਹਾਂ?।ਜੋ ਜੀਵ ਰੂਪ ਇਸਤ੍ਰੀ ਪਤੀ ਪ੍ਰਭੂ ਨੂੰ ਚੰਗੀ ਲਗਦੀ ਹੈ, ਉਹ ਸੁਹਾਗਣ ਹੈ ਅਤੇ ਉਹ ਸਿਆਣਪ ਵਾਲੀ ਇਸਤ੍ਰੀ ਹੀ ਪਤੀ ਪ੍ਰਭੂ ਨੂੰ ਮਿਲਦੀ ਹੈ।੧।ਰਹਾਉ।ਮੇਰੇ ਵਿਚ ਦੋਸ਼ ਹਨ, (ਇਨ੍ਹਾਂ ਦੋਸ਼ਾਂ ਦੇ ਹੁੰਦਿਆਂ) ਮੈਂ ਕਿਸ ਤਰ੍ਹਾਂ ਪ੍ਰਭੂ ਪਤੀ ਨੂੰ ਪ੍ਰਾਪਤ ਕਰਾਂ? (ਹੇ ਪ੍ਰਭੂ ਪਤੀ!) ਅਨੇਕਾਂ ਲੋਕ ਤੇਰੇ ਪਿਆਰੇ ਹਨ, (ਪਰ) ਮੈਂ ਪ੍ਰਭੂ ਪਤੀ ਦੇ ਚਿਤ ਵਿਚ (ਯਾਦ ਹੀ ਨਹੀਂ) ਆ ਰਹੀ ਹਾਂ।੨।ਜਿਸ ਜੀਵ ਰੂਪ ਇਸਤ੍ਰੀ ਨੇ ਪ੍ਰਭੂ ਪਤੀ ਦੇ ਮਿਲਾਪ ਦਾ ਅਨੰਦ ਮਾਣਿਆ ਹੈ, ਉਹ ਨੇਕ ਹੈ, ਸੁਹਾਗਣ ਹੈ।(ਸੁਹਾਗਣਾਂ ਵਾਲੇ) ਉਹ ਗੁਣ ਮੇਰੇ ਵਿਚ ਨਹੀਂ ਹਨ, ਮੈਂ ਦੁਹਾਗਣ (ਪਤੀ ਤੋਂ ਵਿਛੜੀ ਇਸਤ੍ਰੀ) ਕੀ ਕਰ ਸਕਦੀ ਹਾਂ (ਪਤੀ ਦਾ ਅਨੰਦ ਨਹੀਂ ਮਾਣ ਸਕਦੀ)?।੩।ਸਹਾਗਣ ਇਸਤ੍ਰੀ ਪ੍ਰਭੂ ਪਤੀ ਦੇ ਮਿਲਾਪ ਦਾ ਅਨੰਦ ਨਿਤ ਮਾਣਦੀ ਹੈ।(ਮੈਨੂੰ ਆਸ ਹੈ ਕਿ ਪ੍ਰਭੂ ਪਤੀ) ਕਦੇ ਨਾ ਕਦੇ ਮੈਨੂੰ ਅਭਾਗਣ ਨੂੰ ਵੀ ਅਪਣੇ ਗਲ ਨਾਲ ਲਾ ਹੀ ਲਵੇਗਾ।੪।ਹੇ ਪ੍ਰਭੂ ਪਤੀ! ਤੂੰ ਗੁਣਵਾਨ ਹੈਂ ਤੇ ਮੈਂ ਔਗਣਾਂ ਵਾਲਾ ਹਾਂ। (ਅਰਦਾਸ ਹੈ ਕਿ ਹੇ ਪ੍ਰਭੂ!) ਬਿਚਾਰੇ ਨਿਰਗੁਣ ਨਾਨਕ ਨੂੰ ਬਖਸ਼ ਲੈ (ਅਪਣੇ ਗਲ ਨਾਲ ਲਾ ਲੈ)।੫।੨।

ਪਦਾਰਥ = ਸਾਰ–ਕਦਰ।ਹਉ–ਮੈਂ।ਦੂਜੈ–ਦੂਜੇ ਪਾਸੇ (ਮਾਇਆ ਤੇ ਦੇਵੀ ਦੇਵਤਿਆਂ ਦੀ ਪੂਜਾ ਵਿਚ)।ਲੋਭਾਣੀ–ਮਸਤ ਰਹੀ ਹਾਂ।੧।ਕਿਉ ਕਰਿ–ਕਿਸ ਤਰ੍ਹਾਂ।ਪਿਰ ਕਉ–ਪ੍ਰਭੂ ਪਤੀ ਨੂੰ।ਇਆਣੀ–ਅਣਜਾਣ; ਮੂਰਖ।ਭਾਵੈ–ਚੰਗੀ ਲਗਦੀ ਹੈ।ਸਾ–ਉਹ।ਸਾਈ–ਉਹ ਹੀ।ਸਿਆਣੀ–ਅਕਲਵੰਦ।੧।ਰਹਾਉ।ਮੈ ਵਿਚਿ–ਮੇਰੇ ਅੰਦਰ।ਪਾਵਾ–ਪ੍ਰਾਪਤ ਕਰਾਂ।ਚਿਤਿ–ਚਿਤ ਵਿਚ।੨।ਜਿਨਿ–ਜਿਸ ਨੇ।ਰਾਵਿਆ–ਅਨੰਦ ਮਾਣਿਆ।ਭਲੀ–ਨੇਕ।ਸੇ–ਉਹ।ਦੁਹਾਗਣਿ–ਖੋਟੇ ਭਾਗਾਂ ਵਾਲੀ; ਪਤੀ ਤੋਂ ਵਿਛੜੀ ਹੋਈ ਇਸਤ੍ਰੀ।੩।ਨਿਤ–ਸਦਾ।ਕਰਮਹੀਣ–ਅਭਾਗਣ; ਮਾੜੀ ਕਿਸਮਤ ਵਾਲੀ।ਕਬ ਹੀ–ਕਦੇ ਹੀ।ਗਲਿ–ਗਲ ਨਾਲ।੪।ਗੁਣਵੰਤਾ–ਗੁਣਵਾਨ।ਨਿਰਗੁਣ–ਗੁਣ ਹੀਣ।ਅਉਗੁਣਿਆਰਾ–ਔਗਣਾਂ ਵਾਲਾ।ਵੇਚਾਰਾ–ਮੱਦਤ ਹੀਣ; ਨਿਮਾਣਾ।੫।੨।

ਵਡਹੰਸੁ ਮਹਲਾ ੪ ਘਰੁ ੨ ੴ ਸਤਿਗੁਰ ਪ੍ਰਸਾਦਿ ॥ ਮੈ ਮਨਿ ਵਡੀ ਆਸ ਹਰੇ, ਕਿਉ ਕਰਿ ਹਰਿ ਦਰਸਨੁ ਪਾਵਾ ॥ ਹਉ ਜਾਇ ਪੁਛਾ ਅਪਨੇ ਸਤਿਗੁਰੈ, ਗੁਰ ਪੁਛਿ ਮਨੁ ਮੁਗਧੁ ਸਮਝਾਵਾ ॥ ਭੂਲਾ ਮਨੁ ਸਮਝੈ ਗੁਰ ਸਬਦੀ, ਹਰਿ ਹਰਿ ਸਦਾ ਧਿਆਏ ॥ ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ, ਸੋ ਹਰਿ ਚਰਣੀ ਚਿਤੁ ਲਾਏ ॥੧॥ ਹਉ ਸਭਿ ਵੇਸ ਕਰੀ ਪਿਰ ਕਾਰਣਿ, ਜੇ ਹਰਿ ਪ੍ਰਭ ਸਾਚੇ ਭਾਵਾ ॥ ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ, ਹਉ ਕਿਉ ਕਰਿ ਧੀਰਜੁ ਪਾਵਾ ॥ ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ, ਸੋ ਪਿਰੁ ਰਤਾ ਮੇਰਾ ਅਵਰਾ ॥ ਨਾਨਕ ਧਨੁ ਧੰਨੁ ਧੰਨੁ ਸੋਹਾਗਣਿ, ਜਿਨਿ ਪਿਰੁ ਰਾਵਿਅੜਾ ਸਚੁ ਸਵਰਾ ॥੨॥ ਹਉ ਜਾਇ ਪੁਛਾ ਸੋਹਾਗ ਸੁਹਾਗਣਿ, ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ ॥ ਮੈ ਊਪਰਿ ਨਦਰਿ ਕਰੀ ਪਿਰਿ ਸਾਚੈ, ਮੈ ਛੋਡਿਅੜਾ ਮੇਰਾ ਤੇਰਾ ॥ ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ, ਇਤੁ ਮਾਰਗਿ ਭੈਣੇ ਮਿਲੀਐ ॥ ਆਪਨੜਾ ਪ੍ਰਭੁ ਨਦਰਿ ਕਰਿ ਦੇਖੈ, ਨਾਨਕ ਜੋਤਿ ਜੋਤੀ ਰਲੀਐ ॥੩॥ ਹੇ ਹਰੀ! ਮੇਰੇ ਮਨ ਵਿਚ (ਤੇਰੀ ਪ੍ਰਾਪਤੀ ਦੀ) ਵੱਡੀ ਆਸ ਲੱਗੀ ਹੋਈ ਹੈ, ਹੇ ਹਰੀ! ਮੈਂ ਕਿਸ ਤਰ੍ਹਾਂ (ਤੇਰੇ) ਦਰਸ਼ਨ ਪ੍ਰਾਪਤ ਕਰਾਂ? ਮੈਂ ਅਪਣੇ ਸਤਿਗੁਰੂ ਨੂੰ ਜਾ ਕੇ ਪੁੱਛਾਂ, ਗੁਰੂ ਨੂੰ ਪੁੱਛ ਕੇ ਅਪਣੇ ਮੂਰਖ ਮਨ ਨੂੰ ਸਮਝਾਵਾਂ।(ਕਿਉਂਕਿ) ਗੁਰੂ ਦੇ ਉਪਦੇਸ਼ ਦੁਆਰਾ ਹੀ ਭੁੱਲਿਆ ਮਨ ਸਮਝ ਸਕਦਾ ਹੈ, (ਇਉਂ ਸਮਝ ਕੇ ਮਨ) ਹਰਿ ਹਰਿ ਨਾਮ ਧਿਆਉਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ (ਮਨੁੱਖ ਉਤੇ) ਮੇਰਾ ਪਿਆਰਾ ਗੁਰੂ ਮੇਹਰ ਦੀ ਦ੍ਰਿਸਟੀ ਕਰਦਾ ਹੈ, ਉਹ ਹਰੀ ਦੇ ਚਰਨਾਂ ਵਿਚ ਚਿਤ ਲਾਉਂਦਾ ਹੈ।੧।ਮੈਂ ਪ੍ਰਭੂ ਪਤੀ ਦੀ ਪ੍ਰਾਪਤੀ ਵਾਸਤੇ ਸਾਰੇ ਤਰ੍ਹਾਂ ਦੇ ਵੇਸ (ਸਾਧਨ) ਕਰਦੀ ਹਾਂ, ਜੇ ਸੱਚੇ ਹਰੀ ਪ੍ਰਭੂ ਨੂੰ ਪਸੰਦ ਆ ਜਾਵਾਂ।(ਪਰ ਮੇਰੀ ਸਾਧਨਾਂ ਦੀ ਹਉਮੈ ਕਰਕੇ) ਉਹ ਪਿਆਰਾ ਪਤੀ ਮੇਰੇ ਵੱਲ ਨਜਰ ਭਰ ਕੇ ਦੇਖਦਾ ਹੀ ਨਹੀਂ, (ਫਿਰ ਦੱਸੋ ਉਸ ਨੂੰ ਮਿਲੇ ਬਿਨਾ) ਮੈਂ ਕਿਸ ਤਰ੍ਹਾਂ ਧੀਰਜ ਪ੍ਰਾਪਤ ਕਰਾਂ? ਜਿਸ (ਪਤੀ ਪ੍ਰਭੂ ਨੂੰ ਪ੍ਰਸੰਨ ਕਰਨ) ਵਾਸਤੇ ਮੈਂ ਸ਼ਿੰਗਾਰ ਸ਼ਿੰਗਾਰਦੀ ਹਾਂ, ਉਹ ਮੇਰਾ ਪਤੀ ਹੋਰਨਾਂ (ਗੁਰਮੁਖ ਸੁਹਾਗਣਾਂ) ਨਾਲ ਰਚਿਆ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਸੁਹਾਗਣਾਂ ਮਨ ਬਾਣੀ ਤੇ ਸਰੀਰ ਕਰਕੇ ਧੰਨ ਹਨ, ਜਿਨ੍ਹਾਂ ਨੇ (ਅਪਣੇ) ਸ੍ਰੇਸਟ ਤੇ ਸੱਚੇ ਪਤੀ ਨੂੰ ਭੋਗਿਆ (ਮਿਲਾਪ ਦਾ ਅਨੰਦ ਮਾਣਿਆ) ਹੈ।੨।ਹੁਣ ਮੈਂ ਸੁਭਾਗ ਸੁਹਾਗਣਾਂ ਨੂੰ ਜਾ ਕੇ ਪੁੱਛਦੀ ਹਾਂ (ਕਿ ਹੇ ਭੈਣੇ!) ਤੁਸੀਂ ਮੇਰਾ ਪ੍ਰਭੂ ਪਤੀ ਕਿਵੇਂ ਪ੍ਰਾਪਤ ਕੀਤਾ ਹੈ।(ਉਨ੍ਹਾਂ ਵਿਚੋਂ ਇਕ ਨੇ ਦਸਿਆ ਕਿ ਜਦ) ਮੈਂ ਮੇਰਾ ਤੇਰਾ ਛਡ ਦਿਤਾ, ਤਾਂ ਸੱਚੇ ਪਤੀ ਨੇ ਮੇਰੇ ਉਪਰ ਮੇਹਰ ਦੀ ਨਜਰ ਕੀਤੀ।(ਜੇ ਤੈਨੂੰ ਵੀ ਉਸ ਨੂੰ ਮਿਲਣ ਦੀ ਇੱਛਾ ਹੈ ਤਾਂ ਤੂੰ ਵੀ) ਸਭ ਮਨ ਤਨ ਤੇ ਜਿੰਦ ਹਰੀ ਪ੍ਰਭੂ ਦਾ ਕਰ (ਬਣਾ) ਦੇਹ (ਸਭ ਕਾਸੇ ਦਾ ਹੰਕਾਰ ਛਡ ਦੇਹ), ਹੇ ਭੈਣੇ! ਇਸ

ਰਸਤੇ ਤੇ ਚਲ ਕੇ (ਉਸ ਨੂੰ) ਮਿਲ ਪਈਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਜਿਸ ਗੁਰਮੁਖ ਨੂੰ) ਅਪਣਾ ਪ੍ਰਭੂ ਮੇਹਰ ਦੀ ਨਜਰ ਨਾਲ ਦੇਖਦਾ ਹੈ, (ਉਸ ਦੀ ਆਤਮ) ਜੋਤ ਪ੍ਰਭੂ ਦੀ ਜੋਤ ਵਿਚ ਰਲ ਜਾਂਦੀ ਹੈ।੩।

ਪਦਾਰਥ = ਮੈ ਮਨਿ–ਮੇਰੇ ਮਨ ਵਿਚ। ਹਰੇ–ਹੇ ਹਰੀ!। ਕਿਉ ਕਰਿ–ਕਿਸ ਤਰ੍ਹਾਂ। ਪਾਵਾ–ਪ੍ਰਾਪਤ ਕਰਾਂ। ਹਉ–ਮੈਂ। ਜਾਇ–ਜਾ ਕੇ। ਪੁਛਾ–ਪੁੱਛਾਂ। ਸਤਿਗੁਰੈ–ਸਤਿਗੁਰੂ ਨੂੰ। ਪੁਛਿ–ਪੁਛ ਕੇ। ਮਨੁ ਮੁਗਧੁ–ਮੂਰਖ ਮਨ ਨੂੰ। ਨਦਰਿ–ਮੇਹਰ ਦੀ ਨਜਰ। ਸੋ–ਉਹ।੧। ਵੇਸ–ਸ਼ਿੰਗਾਰ; ਭੇਖ (ਸੁੰਦਰ ਬਸਤ੍ਰ ਪਹਿਨਣੇ)। ਕਰੀ ਕਰਦੀ ਹਾਂ। ਪਿਰ–ਪਤੀ। ਕਾਰਣਿ–(ਪ੍ਰਸੰਨ ਕਰਨ ਜਾਂ ਮਿਲਣ) ਵਾਸਤੇ। ਭਾਵਾ–ਪਸੰਦ ਆ ਜਾਵਾਂ। ਸੀਗਾਰੁ ਸੀਗਾਰੀ–ਸ਼ਿੰਗਾਰ ਸ਼ਿੰਗਾਰਦੀ ਹਾਂ। ਰਤਾ–ਰਚਿਆ ਹੋਇਆ; ਪਿਆਰ ਕਰਦਾ ਹੈ। ਅਵਰਾ–ਹੋਰਨਾਂ ਨਾਲ। ਧੰਨੁ–ਧੰਨਤਾ ਯੋਗ; ਸਲਾਹੁਣ ਯੋਗ। ਜਿਨਿ–ਜਿਨ੍ਹਾਂ ਨੇ। ਰਾਵਿਅੜਾ–ਭੋਗਿਆ (ਅਨੰਦ ਮਾਣਿਆ)। ਸਵਰਾ–ਸ੍ਰੇਸਟ; ਸੁੰਦਰ।੨। ਸੋਹਾਗ ਸੁਹਾਗਣਿ–ਸੁਹਾਗ ਭਾਗ ਵਾਲੀ ਸੁਹਾਗਣਾਂ ਨੂੰ। ਕਿਉ–ਕਿਵੇਂ। ਪਿਰਿ ਸਾਚੈ–ਸੱਚੇ ਪਤੀ ਨੇ। ਜੀਉ–ਜਿੰਦ। ਕਰਹੁ–ਬਣਾ ਦੇਹ। ਇਤੁ–ਇਸ। ਮਾਰਗਿ–ਰਸਤੇ ਤੇ। ਭੈਣੇ–ਹੇ ਭੈਣ!। ਜੋਤਿ ਜੋਤੀ ਰਲੀਐ–ਪ੍ਰਭੂ ਦੀ ਜੋਤ ਵਿਚ (ਗੁਰਮੁਖ ਦੀ) ਜੋਤ ਰਲ ਜਾਂਦੀ ਹੈ।੩।

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ, ਤਿਸੁ ਮਨੁ ਤਨੁ ਅਪਣਾ ਦੇਵਾ ॥ ਨਿਤ ਪਖਾ ਫੇਰੀ ਸੇਵ ਕਮਾਵਾ, ਤਿਸੁ ਆਗੈ ਪਾਣੀ ਢੋਵਾਂ ॥ ਜੋ (ਮਹਾਂ ਪੁਰਖ) ਮੈਨੂੰ ਹਰੀ ਪ੍ਰਭੂ (ਦੇ ਮਿਲਣ) ਦਾ ਸੁਨੇਹਾ ਦੇਵੇ, ਮੈਂ ਉਸ ਨੂੰ ਅਪਣਾ ਮਨ ਤੇ ਤਨ ਭੇਟਾ ਕਰ ਦੇਵਾਂ। (ਫਿਰ ਮੈ ਉਸ ਨੂੰ) ਨਿਤ ਪੱਖਾ ਝੱਲਾਂ ਤੇ ਉਸ ਅੱਗੇ ਪਾਣੀ ਢੋਵਾਂ ਅਤੇ (ਉਸ ਦੀ ਹਰ ਪ੍ਰਕਾਰ) ਸੇਵਾ ਕਰਾਂ।

ਅੰਗ ੫੬੨ = ਨਿਤ ਨਿਤ ਸੇਵ ਕਰੀ ਹਰਿ ਜਨ ਕੀ, ਜੋ ਹਰਿ ਹਰਿ ਕਥਾ ਸੁਣਾਏ ॥ ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ, ਨਾਨਕ ਮਨਿ ਆਸ ਪੁਜਾਏ ॥੪॥ ਗੁਰੁ ਸਜਣੁ ਮੇਰਾ ਮੇਲਿ ਹਰੇ, ਜਿਤੁ ਮਿਲਿ ਹਰਿ ਨਾਮੁ ਧਿਆਵਾ ॥ ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ, ਕਰਿ ਸਾਂਝੀ ਹਰਿ ਗੁਣ ਗਾਵਾਂ ॥ ਗੁਣ ਗਾਵਾ ਨਿਤ ਨਿਤ ਸਦ ਹਰਿ ਕੇ, ਮਨੁ ਜੀਵੈ ਨਾਮੁ ਸੁਣਿ ਤੇਰਾ ॥ ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ, ਤਿਤੁ ਵੇਲੈ ਮਰਿ ਜਾਇ ਜੀਉ ਮੇਰਾ ॥੫॥ ਹਰਿ ਵੇਖਣ ਕਉ ਸਭੁ ਕੋਈ ਲੋਚੈ, ਸੋ ਵੇਖੈ ਜਿਸੁ ਆਪਿ ਵਿਖਾਲੇ ॥ ਜਿਸ ਨੋ ਨਦਰਿ ਕਰੇ ਮੇਰਾ ਪਿਆਰਾ, ਸੋ ਹਰਿ ਹਰਿ ਸਦਾ ਸਮਾਲੇ ॥ ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ, ਜਿਸੁ ਸਤਿਗੁਰੁ ਪੂਰਾ ਮੇਰਾ ਮਿਲਿਆ ॥ ਨਾਨਕ ਹਰਿ ਜਨ ਹਰਿ ਇਕੇ ਹੋਏ, ਹਰਿ ਜਪਿ ਹਰਿ ਸੇਤੀ ਰਲਿਆ ॥੬॥੧॥੩॥ ਮੈਂ ਹਰੀ ਦੇ ਸੇਵਕ ਦੀ ਨਿਤ ਨਿਤ ਸੇਵਾ ਕਰਾਂ, ਜੋ ਮੈਨੂੰ ਹਰਿ ਹਰਿ ਕਥਾ ਸੁਣਾਵੇ। ਗੁਰੂਆਂ ਦਾ ਗੁਰੂ ਪੂਰਾ ਸਤਿਗੁਰੂ ਧੰਨ ਹੈ, ਨਾਨਕ ਦੇ ਮਨ ਵਿਚ ਜੋ (ਪ੍ਰਭੂ ਨੂੰ ਮਿਲਣ ਦੀ) ਆਸ ਹੈ, ਉਹ ਪੂਰੀ ਕਰਦਾ ਹੈ।੪। (ਅਰਦਾਸ) ਹੇ ਹਰੀ! ਮੇਰਾ ਸੱਜਣ ਗੁਰੂ ਮੈਨੂੰ ਮਿਲਾ ਦੇਹ, ਜਿਸ ਨੂੰ ਮਿਲ ਕੇ ਮੈਂ ਹਰਿ ਹਰਿ ਨਾਮ ਜਪਦਾ ਰਹਾਂ। (ਤਾਂ ਜੋ ਮੈਂ ਉਸ) ਪੂਜਨੀਕ ਸਤਿਗੁਰੂ ਪਾਸੋਂ ਹਰੀ ਦੀਆਂ ਕਥਾ ਕਹਾਣੀਆਂ ਪੁੱਛਾਂ ਅਤੇ (ਗੁਰੂ ਨਾਲ) ਸਾਂਝੀ ਕਰਕੇ ਹਰੀ ਦੇ ਗੁਣ ਗਾਉਂਦਾ ਰਹਾਂ। ਮੈਂ ਹਰ ਰੋਜ ਸਦਾ ਹਰੀ ਦੇ ਗੁਣ ਗਾਉਂਦਾ ਰਹਾਂ ਅਤੇ (ਹੇ ਹਰੀ!) ਤੇਰਾ ਨਾਮ ਸੁਣ ਕੇ ਮੇਰਾ ਮਨ ਜਿਉਂਦਾ ਰਹੇ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਸਮੇਂ ਮੈਨੂੰ ਮੇਰਾ ਮਾਲਕ ਪ੍ਰਭੂ ਭੁੱਲ ਜਾਂਦਾ ਹੈ, ਉਸ ਸਮੇਂ ਮੇਰਾ ਜੀਵਨ ਮਰ ਜਾਂਦਾ ਹੈ।੫। ਹਰੀ ਨੂੰ ਦੇਖਣ ਵਾਸਤੇ ਸਭ ਕੋਈ ਲੋਚਦਾ ਹੈ, (ਪਰ ਉਸ ਨੂੰ) ਉਹ ਦੇਖ ਸਕਦਾ ਹੈ, ਜਿਸ ਨੂੰ ਹਰੀ ਆਪ ਦਿਖਾਵੇ। ਜਿਸ ਮਨੁੱਖ ਉਤੇ ਮੇਰਾ ਪਿਆਰਾ ਮੇਹਰ ਦੀ ਨਜਰ ਕਰਦਾ ਹੈ, ਉਹ ਸਦਾ ਹਰਿ ਹਰਿ ਨਾਮ ਸਿਮਰਦਾ ਹੈ। ਉਹ ਪੁਰਖ ਸਦਾ ਸਦਾ ਹਰਿ ਹਰਿ ਨਾਮ ਸਿਮਰਦਾ ਹੈ, ਜਿਸ ਨੂੰ ਮੇਰਾ ਪੂਰ ਸਤਿਗੁਰੂ ਮਿਲਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦਾ ਸੇਵਕ ਤੇ ਹਰੀ ਇਕ ਰੂਪ ਹੋ ਗਏ ਹਨ, (ਕਿਉਂਕਿ ਉਹ) ਹਰੀ ਨੂੰ ਜਪ ਕੇ ਹਰੀ ਨਾਲ ਮਿਲ ਗਿਆ ਹੈ।੬।੧।੩।

ਪਦਾਰਥ = ਮੈ–ਮੈਨੂੰ। ਦੇਇ–ਦੇਵੇ। ਤਿਸੁ–ਉਸ ਨੂੰ। ਦੇਵਾ–(ਭੇਟਾ ਕਰ) ਦੇਵਾਂ। ਨਿਤ–ਹਰ ਰੋਜ। ਫੇਰੀ–ਮੈਂ ਫੇਰਾਂ (ਝੱਲਾਂ)। ਸੇਵ ਕਮਾਵਾ–ਸੇਵਾ ਕਰਾਂ। ਜਨ ਕੀ–ਸੇਵਕ ਦੀ। ਮਨਿ–ਮਨ ਵਿਚ। ਪੁਜਾਏ–ਪੂਰੀ ਕਰਦਾ ਹੈ।੪। ਮੇਲਿ–ਮਿਲਾ ਦੇਹ। ਹਰੇ–ਹੇ ਹਰੀ!। ਜਿਤੁ–ਜਿਸ ਨੂੰ। ਗੋਸਟਿ–ਗੱਲਾਂ ਬਾਤਾਂ (ਕਥਾ ਕਹਾਣੀਆਂ)। ਕਰਿ ਸਾਂਝੀ–ਹਿੱਸੇਦਾਰੀ; ਭਾਈਚਾਰੇ ਵਾਲੀ ਸਾਂਝ ਕਰ ਕੇ। ਨਿਤ ਨਿਤ–ਹਰ ਰੋਜਿ। ਸਦ–ਸਦਾ। ਜੀਵੈ–ਜਿਉਂਦਾ ਹੈ। ਜਿਤੁ ਵੇਲਾ–ਜਿਸ ਸਮੇਂ। ਵਿਸਰੈ–ਭੁੱਲ ਜਾਂਦਾ ਹੈ। ਜੀਉ–ਆਤਮਕ ਜੀਵਨ।੫। ਵੇਖਣ ਕਉ–ਦੇਖਣ (ਦਰਸ਼ਨ ਕਰਨ) ਵਾਸਤੇ। ਸਭੁ ਕੋਈ–ਹਰੇਕ ਪ੍ਰਾਣੀ। ਲੋਚੈ–ਚਾਹੁੰਦਾ ਹੈ। ਸੋ–ਉਹ। ਜਿਸ ਨੋ–ਜਿਸ ਉਤੇ। ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ। ਸਮਾਲੇ–ਸਿਮਰਦਾ ਹੈ; (ਹਿਰਦੇ ਵਿਚ) ਸੰਭਾਲੀ ਰਖਦਾ ਹੈ। ਹਰਿ ਜਨ–ਹਰੀ ਦਾ ਸੇਵਕ। ਇਕੇ–ਇਕ ਰੂਪ; ਇਕ ਜੋਤਿ। ਜਪਿ–ਜਪ ਕੇ। ਸੇਤੀ ਰਲਿਆ–ਨਾਲ ਮਿਲ ਗਿਆ।੬।੧।੩।

ਵਡਹੰਸੁ ਮਹਲਾ ੫ ਘਰੁ ੧ ੧ੴ ਸਤਿਗੁਰ ਪ੍ਰਸਾਦਿ ॥ ਅਤਿ ਊਚਾ ਤਾ ਕਾ ਦਰਬਾਰਾ ॥ ਅੰਤੁ ਨਾਹੀ ਕਿਛੁ ਪਾਰਾਵਾਰਾ ॥ ਕੋਟਿ

ਕੋਟਿ ਕੋਟਿ ਲਖ ਧਾਵੈ ॥ ਇਕੁ ਤਿਲੁ ਤਾ ਕਾ ਮਹਲੁ ਨ ਪਾਵੈ ॥੧॥ ਸੁਹਾਵੀ ਕਉਣੁ ਸੁ ਵੇਲਾ, ਜਿਤੁ ਪ੍ਰਭ ਮੇਲਾ ॥੧॥ਰਹਾਉ॥ ਲਾਖ ਭਗਤ ਜਾਕਉ ਆਰਾਧਹਿ ॥ ਲਾਖ ਤਪੀਸਰ ਤਪੁ ਹੀ ਸਾਧਹਿ ॥ ਲਾਖ ਜੋਗੀਸਰ ਕਰਤੇ ਜੋਗਾ ॥ ਲਾਖ ਭੋਗੀਸਰ ਭੋਗਹਿ ਭੋਗਾ ॥੨॥ ਘਟਿ ਘਟਿ ਵਸਹਿ ਜਾਣਹਿ ਥੋਰਾ ॥ ਹੈ ਕੋਈ ਸਾਜਣੁ ਪਰਦਾ ਤੋਰਾ ॥ ਕਰਉ ਜਤਨ ਜੇ ਹੋਇ ਮਿਹਰਵਾਨਾ ॥ ਤਾ ਕਉ ਦੇਈ ਜੀਉ ਕੁਰਬਾਨਾ ॥੩॥ ਫਿਰਤ ਫਿਰਤ ਸੰਤਨ ਪਹਿ ਆਇਆ ॥ ਦੂਖ ਭ੍ਰਮੁ ਹਮਾਰਾ ਸਗਲ ਮਿਟਾਇਆ ॥ ਮਹਲਿ ਬੁਲਾਇਆ ਪ੍ਰਭ ਅੰਮ੍ਰਿਤੁ ਭੂੰਚਾ ॥ ਕਹੁ ਨਾਨਕ ਪ੍ਰਭੁ ਮੇਰਾ ਊਚਾ ॥੪॥੧॥ (ਹੇ ਭਾਈ!) ਉਸ ਵਾਹਿਗੁਰੂ ਦਾ ਦਰਬਾਰ ਬਹੁਤ ਉਚਾ ਹੈ। (ਉਸ ਦੇ) ਪਾਰ ਤੇ ਉਰਾਰ (ਵਿਸਥਾਰ) ਦਾ ਕੁੱਛ ਅੰਤ ਨਹੀਂ। ਕ੍ਰੋੜਾਂ ਲੋਕ ਕ੍ਰੋੜਾਂ ਜੁਗਤੀਆਂ ਨਾਲ ਕ੍ਰੋੜਾਂ ਵਰਸ (ਉਸ ਨੂੰ) ਜਾਨਣ ਲਈ ਭਟਕਦੇ ਫਿਰਦੇ ਹਨ (ਜਤਨ ਕਰਦੇ ਹਨ। ਪਰ) ਇਕ ਤਿਲ ਭਰ ਵੀ ਉਸ ਦੇ ਟਿਕਾਣੇ ਦਾ ਪਤਾ ਨਹੀਂ ਪ੍ਰਾਪਤ ਕਰ ਸਕਦੇ।੧। ਉਹ ਸੁਹਾਵਣਾ ਸਮਾਂ ਕਿਹੜਾ ਹੈ? ਜਿਸ ਸਮੇਂ ਪ੍ਰਭੂ ਦਾ ਮੇਲ ਹੋ ਜਾਵੇ।੧। ਰਹਾਉ। ਲੱਖਾਂ ਭਗਤ ਜਿਸ ਪ੍ਰਭੂ ਨੂੰ (ਮਿਲਣ ਵਾਸਤੇ) ਸਿਮਰਦੇ ਹਨ। ਲੱਖਾਂ ਵੱਡੇ ਤਪੱਸਵੀ (ਉਸ ਨੂੰ ਮਿਲਣ ਮਿਲਣ ਵਾਸਤੇ) ਤਪ ਹੀ ਕਰਦੇ ਰਹਿੰਦੇ ਹਨ। ਲੱਖਾਂ ਵੱਡੇ ਜੋਗੀ ਜੋਗ ਸਾਧਨਾ ਕਰਦੇ ਹਨ। ਲੱਖਾਂ ਵੱਡੇ ਭੋਗੀ (ਬੇਅੰਤ ਪਦਾਰਥਾਂ ਦੇ) ਭੋਗ ਭੋਗਦੇ ਹਨ (ਪਦਾਰਥਾਂ ਦੇ ਖਾਣ ਪੀਣ ਦਾ ਰਸ ਮਾਣਦੇ ਹਨ)।੨। ਹਰੇਕ ਜੀਵ ਦੇ ਹਿਰਦੇ ਵਿਚ (ਉਹ ਪ੍ਰਭੂ) ਵਸਦਾ ਹੈ, (ਪਰ ਇਸ ਗੱਲ ਨੂੰ ਵੀ) ਥੋੜੇ ਮਨੁੱਖ ਜਾਣਦੇ ਹਨ। ਕੋਈ ਵਿਰਲਾ ਸੱਜਣ ਹੈ, ਜਿਸ ਨੇ ਭਰਮ ਦਾ ਪੜਦਾ ਤੋੜ ਦਿਤਾ ਹੈ। ਮੈਂ ਜਤਨ ਕਰਦਾ ਹਾਂ, ਜੇ (ਮੇਰੇ ਤੇ ਪ੍ਰਭੂ ਜਾਂ ਪੜਦਾ ਤੋੜਨ ਵਾਲਾ ਪੁਰਖ) ਮੇਹਰਵਾਨ ਹੋ ਜਾਵੇ। ਮੈਂ ਉਸ ਨੂੰ ਅਪਨਾ ਜੀਵਨ ਭੇਟਾ ਕਰ ਦਿਆਂ ਤੇ (ਉਤ ਤੋਂ) ਕੁਰਬਾਨ ਹੋ ਜਾਵਾਂ।੩। ਫਿਰਦਿਆਂ ਫਿਰਦਿਆਂ ਮੈਂ ਸੰਤਾਂ ਪਾਸ ਆਇਆ। (ਉਨ੍ਹਾਂ ਸੰਤਾਂ ਨੇ) ਮੇਰਾ ਸਾਰਾ ਦੁਖ ਤੇ ਭਰਮ ਮਿਟਾ ਦਿਤਾ। (ਫਿਰ ਮੈਨੂੰ) ਪ੍ਰਭੂ ਨੇ ਅਪਣੇ ਮਹਿਲਾਂ ਵਿਚ ਬੁਲਾ ਲਿਆ, (ਜਿਥੇ ਮੈਂ) ਪ੍ਰਭੂ ਦੇ ਅੰਮ੍ਰਿਤ ਰਸ ਦਾ ਅਨੰਦ ਮਾਣਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਮੇਰਾ ਪ੍ਰਭੂ (ਇੰਦ੍ਰੀਆਂ ਦੀ ਪਹੁੰਚ ਤੋਂ ਬਹੁਤ) ਉਚਾ ਹੈ।੪।੧।

ਪਦਾਰਥ = ਅਤਿ–ਬਹੁਤ। ਤਾ ਕਾ–ਉਸ (ਪ੍ਰਭੂ) ਦਾ। ਪਾਰਾਵਾਰਾ–ਪਾਰਲਾ ਤੇ ਉਰਲਾ ਕਿਨਾਰਾ। ਕੋਟਿ–ਕ੍ਰੋੜਾਂ ਹੀ। ਲਖ–ਜਾਨਣ ਲਈ; ਲੱਖਾਂ ਹੀ। ਧਾਵੈ–ਭਟਕਦੇ ਫਿਰਦੇ ਹਨ। ਇਕੁ ਤਿਲੁ–ਇਕ ਤਿਲ ਭਰ ਵੀ।੧। ਸੁਹਾਵੀ–ਸੁਹਾਵਣਾ। ਕਉਣੁ–ਕਿਹੜਾ; ਕੈਸਾ। ਸੁ–ਉਹ। ਵੇਲਾ–ਸਮਾਂ। ਜਿਤੁ–ਜਿਸ (ਸਮੇਂ)।੧। ਰਹਾਉ। ਲਾਖ–ਲੱਖਾਂ ਹੀ। ਜਾ ਕਉ–ਜਿਸ (ਪ੍ਰਭੂ) ਨੂੰ। ਆਰਾਧਹਿ–ਸਿਮਰਦੇ ਹਨ। ਤਪੀਸਰ–ਵੱਡੇ ਤਪੀਏ। ਸਾਧਹਿ–ਕਰਦੇ ਹਨ। ਜੋਗੀਸਰ–ਵੱਡੇ ਜੋਗੀ। ਭੋਗੀਸਰ–ਵੱਡੇ ਭੋਗੀ। ਭੋਗਹਿ ਭੋਗਾ–ਮਾਇਕ ਪਦਾਰਥ ਦਾ ਰਸ ਮਾਣਦੇ ਹਨ।੨। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਥੋਰਾ–ਥੋੜੇ ਮਨੁੱਖ। ਜਾਣਹਿ–ਜਾਣਦੇ ਹਨ। ਪਰਦਾ–(ਭਰਮ ਦਾ) ਪੜਦਾ । ਤੋਰਾ–ਤੋੜਦਾ ਹੈ। ਕਰਉ–ਮੈਂ ਕਰਦਾ ਹਾਂ। ਦੇਈ–(ਭੇਟਾ ਕਰ) ਦਿਆਂ।੩। ਸੰਤਨ ਪਹਿ–ਸੰਤਾਂ (ਸਤਿਗੁਰੂ) ਪਾਸ। ਹਮਾਰਾ–ਮੇਰਾ। ਸਗਲ–ਸਾਰਾ। ਮਹਲਿ–ਮਹਿਲ (ਅਪਣੀ ਹਜੂਰੀ) ਵਿਚ। ਭੂੰਚਾ–ਪੀਤਾ (ਅਨੰਦ ਮਾਣਿਆ)।੪।੧।

ਵਡਹੰਸੁ ਮਹਲਾ ੫ ॥ ਧਨੁ ਸੁ ਵੇਲਾ ਜਿਤੁ ਦਰਸਨੁ ਕਰਣਾ ॥ ਹਉ ਬਲਿਹਾਰੀ ਸਤਿਗੁਰ ਚਰਣਾ ॥੧॥ ਜੀਅ ਕੇ ਦਾਤੇ ਪ੍ਰੀਤਮ ਪ੍ਰਭ ਮੇਰੇ ॥ ਮਨੁ ਜੀਵੈ ਪ੍ਰਭ ਨਾਮੁ ਚਿਤੇਰੇ ॥੧॥ਰਹਾਉ॥ ਸਚੁ ਮੰਤ੍ਰੁ ਤੁਮਾਰਾ ਅੰਮ੍ਰਿਤ ਬਾਣੀ ॥ ਸੀਤਲ ਪੁਰਖ ਦ੍ਰਿਸਟਿ ਸੁਜਾਣੀ ॥੨॥ ਸਚੁ ਹੁਕਮੁ ਤੁਮਾਰਾ ਤਖਤਿ ਨਿਵਾਸੀ ॥ ਆਇ ਨ ਜਾਵੈ ਮੇਰਾ ਪ੍ਰਭੁ ਅਬਿਨਾਸੀ ॥੩॥ ਤੁਮ ਮਿਹਰਵਾਨ ਦਾਸ ਹਮ ਦੀਨਾ ॥ ਨਾਨਕ ਸਾਹਿਬੁ ਭਰਪੁਰਿ ਲੀਣਾ ॥੪॥੨॥ ਉਹ ਸਮਾਂ ਧੰਨ ਹੈ, ਜਿਸ ਸਮੇਂ ਪ੍ਰਭੂ ਦਾ ਦਰਸ਼ਨ ਕਰੀਦਾ ਹੈ। (ਦਰਸ਼ਨ ਕਰਾਉਣ ਵਾਲੇ) ਸਤਿ ਗੁਰੂ ਦੇ ਚਰਨਾਂ ਤੋਂ ਮੈਂ ਬਲਿਹਾਰ ਹਾਂ।੧। ਹੇ ਜੀਵਨ ਦਾਨ ਦੇਣ ਵਾਲੇ ਮੇਰੇ ਪਿਆਰੇ ਪ੍ਰਭੂ! (ਮੇਰਾ) ਮਨ ਪ੍ਰਭੂ ਦਾ ਨਾਮ ਚੇਤੇ ਕਰਕੇ ਜਿਉਂਦਾ ਹੈ।੧। ਰਹਾਉ। (ਹੇ ਸਤਿਗੁਰੂ!) ਤੇਰਾ ਵਾਹਿਗੁਰੂ ਮੰਤ੍ਰ ਸੱਚਾ ਹੈ ਤੇ ਤੇਰੀ ਬਾਣੀ ਅੰਮ੍ਰਿਤ ਰੂਪ ਹੈ; (ਤੇਰੀ) ਅੰਮ੍ਰਿਤ ਮਈ ਬਾਣੀ ਤੇਰਾ ਸੱਚਾ ਉਪਦੇਸ਼ ਹੈ। ਤੂੰ ਠੰਢ ਪਾਉਣ ਵਾਲਾ ਪੁਰਖ ਹੈਂ ਅਤੇ ਤੇਰੀ ਨਜਰ (ਸਭ ਨੂੰ) ਜਾਨਣ ਵਾਲੀ ਹੈ (ਇਕ ਨਜਰ ਨਾਲ ਹੀ ਸਭ ਨੂੰ ਜਾਣ ਲੈਂਦਾ ਹੈਂ ਕਿ ਉਹ ਕਿਹੋ ਜਿਹੇ ਹਨ)।੨। ਤੇਰਾ ਹੁਕਮ ਸੱਚਾ ਹੈ ਅਤੇ ਤੂੰ ਤਖਤ ਤੇ ਬੈਠਣ ਵਾਲਾ (ਸਭ ਦਾ ਹਾਕਮ) ਹੈਂ। ਮੇਰਾ ਪ੍ਰਭੂ ਨਾਸ਼ ਰਹਿਤ ਹੈ, (ਉਹ) ਜੰਮਦਾ ਮਰਦਾ ਨਹੀਂ।੩। ਤੂੰ ਸਦਾ ਮੇਹਰ ਕਰਨ ਵਾਲਾ ਹੈਂ ਅਤੇ ਅਸੀਂ ਤੇਰੇ ਨਿਮਾਣੇ ਦਾਸ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਮਾਲਕ ਪ੍ਰਭੂ ਸਭ ਥਾਂ ਭਰਪੂਰ ਹੈ ਅਤੇ (ਸਭ ਵਿਚ) ਸਮਾ ਰਿਹਾ ਹੈ।੪।੨।

ਪਦਾਰਥ = ਧਨੁ–ਧੰਨਤਾ ਯੋਗ (ਭਾਗਾਂ ਵਾਲਾ)। ਸੁ–ਉਹ। ਵੇਲਾ–ਸਮਾਂ। ਜਿਤੁ–ਜਿਸ ਸਮੇਂ। ਹਉ–ਮੈਂ। ਬਲਿਹਾਰੀ–ਸਦਕੇ ਹਾਂ।੧। ਜੀਅ ਜੇ ਦਾਤੇ–ਹੇ ਜੀਵਨ ਦਾਨ ਵਾਲੇ ਪ੍ਰਭੂ!। ਪ੍ਰੀਤਮ–ਸਭ ਤੋਂ ਵੱਧ ਪਿਆਰਾ। ਚਿਤੇਰੇ–ਚੇਤੇ ਕਰਕੇ।੧। ਰਹਾਉ। ਮੰਤ੍ਰ–ਨਾਮ ਮੰਤ੍ਰ; ਉਪਦੇਸ਼। ਤੁਮਾਰਾ–ਤੇਰਾ। ਸੀਤਲ ਪੁਰਖ–ਸਾਂਤ ਪੁਰਖ। ਦ੍ਰਿਸਟਿ–ਨਜਰ। ਸੁਜਾਣੀ–(ਸਭ ਨੂੰ) ਜਾਨਣ ਵਾਲਾ।੨। ਤਖਤਿ ਨਿਵਾਸੀ–

ਤਖਤ ਤੇ ਬੈਠਣ ਵਾਲਾ। ਆਇ ਨ ਜਾਵੈ–ਆਉਂਦਾ ਜਾਂਦਾ (ਜੰਮਦਾ ਮਰਦਾ) ਨਹੀਂ। ਅਬਿਨਾਸੀ–ਨਾਸ਼ ਰਹਿਤ।੩। ਹਮ–ਅਸੀਂ। ਦੀਨਾ –ਨਿਮਾਣੇ। ਭਰਪੁਰਿ–ਭਰਪੂਰ (ਹਰ ਥਾਂ ਮੌਜੂਦ)। ਲੀਣਾ–ਸਮਾ ਰਿਹਾ (ਵਿਆਪਕ) ਹੈ।੪।੨।

ਵਡਹੰਸੁ ਮਹਲਾ ੫ ॥ ਤੂ ਬੇਅੰਤੁ ਕੋ ਵਿਰਲਾ ਜਾਣੈ ॥ ਗੁਰ ਪ੍ਰਸਾਦਿ ਕੋ ਸਬਦਿ ਪਛਾਣੈ ॥੧॥ ਸੇਵਕ ਕੀ ਅਰਦਾਸਿ ਪਿਆਰੇ ॥ (ਹੇ ਪ੍ਰਭੂ!) ਤੂੰ ਬੇਅੰਤ ਹੈਂ, (ਪਰ ਤੈਨੂੰ) ਕੋਈ ਵਿਰਲਾ ਮਨੁੱਖ ਹੀ ਜਾਣਦਾ ਹੈ। ਗੁਰੂ ਦੀ ਕ੍ਰਿਪਾ ਨਾਲ ਕੋਈ ਹੀ ਮਨੁੱਖ (ਗੁਰੂ ਦੇ) ਸ਼ਬਦ ਵਿਚ ਜੁੜ ਕੇ (ਤੈਨੂੰ) ਪਛਾਣਦਾ ਹੈ।੧। ਹੇ ਪਿਆਰੇ ਪ੍ਰਭੂ! (ਤੇਰੇ ਅੱਗੇ) ਮੈਂ ਸੇਵਕ ਦੀ ਅਰਦਾਸ ਹੈ।

ਅੰਗ ੫੬੩ = ਜਪਿ ਜੀਵਾ ਪ੍ਰਭ ਚਰਣ ਤੁਮਾਰੇ ॥੧॥ਰਹਾਉ॥ ਦਇਆਲ ਪੁਰਖ ਮੇਰੇ ਪ੍ਰਭ ਦਾਤੇ ॥ ਜਿਸਹਿ ਜਨਾਵਹੁ ਤਿਨਹਿ ਤੁਮ ਜਾਤੇ ॥੨॥ ਸਦਾ ਸਦਾ ਜਾਈ ਬਲਿਹਾਰੀ ॥ ਇਤ ਉਤ ਦੇਖਉ ਓਟ ਤੁਮਾਰੀ ॥੩॥ ਮੋਹਿ ਨਿਰਗੁਣ ਗੁਣੁ ਕਿਛੂ ਨ ਜਾਤਾ ॥ ਨਾਨਕ ਸਾਧੂ ਦੇਖਿ ਮਨੁ ਰਾਤਾ ॥੪॥੩॥ ਕਿ ਤੇਰੇ ਚਰਣਾਂ ਵਿਚ ਰਹਿ ਕੇ (ਤੇਰਾ ਨਾਮ) ਜਪ ਕੇ ਜਿਉਂਦਾ ਰਹਾਂ।੧।ਰਹਾਉ। ਹੇ ਦਿਆਲ ਪੁਰਖ! ਹੇ ਮੇਰੇ ਦਾਤੇ ਪ੍ਰਭੂ!। ਜਿਸ ਨੂੰ (ਤੂੰ ਅਪਣਾ) ਗਿਆਨ ਬਖਸ਼ਿਦਾ ਹੈਂ, ਉਸ (ਮਨੁੱਖ) ਨੇ ਤੈਨੂੰ ਜਾਣਿਆ ਹੈ।੨। ਮੈਂ ਸਦਾ ਸਦਾ (ਤੈਥੋਂ) ਬਲਿਹਾਰ ਜਾਂਦਾ ਹਾਂ। ਮੈਂ ਇਥੇ ਉਥੇ (ਲੋਕ ਪ੍ਰਲੋਕ ਵਿਚ) ਤੇਰੀ ਹੀ ਓਟ ਤੱਕਦਾ ਹਾਂ।੩। ਮੈਂ ਗੁਣ ਹੀਣ ਹਾਂ, (ਮੈਂ ਤੇਰਾ) ਉਪਕਾਰ ਕੁਛ ਨਹੀਂ ਜਾਣਿਆ। ਗੁਰੂ ਸਾਧੂ ਨੂੰ ਦੇਖ ਕੇ ਨਾਨਕ ਦਾ ਮਨ (ਤੇਰੇ ਪ੍ਰੇਮ ਵਿਚ) ਰੰਗਿਆ ਗਿਆ ਹੈ।੪।੩।

ਪਦਾਰਥ = ਕੋ–ਕੋਈ (ਮਨੁੱਖ)। ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ। ਸਬਦਿ–(ਗੁਰੂ ਦੇ) ਸ਼ਬਦ ਵਿਚ ਜੁੜ ਕੇ।੧। ਪਿਆਰੇ–ਹੇ ਪਿਆਰੇ ਪ੍ਰਭੂ!। ਜਪਿ–ਜਪ ਕੇ। ਜੀਵਾ–ਜਿਉਂਦਾ ਰਹਾਂ।੧। ਰਹਾਉ। ਜਿਸਹਿ–ਜਿਸ ਨੂੰ। ਜਨਾਵਹੁ–ਤੂੰ ਗਿਆਨ ਬਖਸ਼ਦਾ ਹੈਂ। ਤਿਨਹਿ –ਉਸ ਨੇ। ਤੁਮ ਜਾਤੇ–ਤੈਨੂੰ ਜਾਣਿਆ ਹੈ।੨। ਜਾਈ–ਮੈਂ ਜਾਂਦਾ ਹਾਂ। ਇਤ ਉਤ–ਇੱਥੇ ਉਥੇ (ਲੋਕ ਪ੍ਰਲੋਕ ਵਿਚ)। ਦੇਖਉ–ਮੈਂ ਦੇਖਦਾ ਹਾਂ।੩। ਮੋਹਿ–ਮੈਂ। ਨਿਰਗੁਣ–ਗੁਣ ਹੀਣ (ਨਿਕੰਮਾ)। ਗੁਣੁ–ਉਪਕਾਰ। ਮਨੁ ਰਾਤਾ–ਮਨ ਰੰਗਿਆ ਗਿਆ।੪।੩।

ਵਡਹੰਸੁ ਮਃ ੫ ॥ ਅੰਤਰਜਾਮੀ ਸੋ ਪ੍ਰਭੁ ਪੂਰਾ ॥ ਦਾਨੁ ਦੇਇ ਸਾਧੂ ਕੀ ਧੂਰਾ ॥੧॥ ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥ ਤੇਰੀ ਓਟ ਪੂਰਨ ਗੋਪਾਲਾ ॥੧॥ਰਹਾਉ॥ ਜਲਿ ਥਲਿ ਮਹੀਅਲਿ ਰਹਿਆ ਭਰਪੂਰੇ ॥ ਨਿਕਟਿ ਵਸੈ ਨਾਹੀ ਪ੍ਰਭੁ ਦੂਰੇ ॥੨॥ ਜਿਸ ਨੋ ਨਦਰਿ ਕਰੇ ਸੋ ਧਿਆਏ ॥ ਆਠ ਪਹਰ ਹਰਿ ਕੇ ਗੁਣ ਗਾਏ ॥੩॥ ਜੀਅ ਜੰਤ ਸਗਲੇ ਪ੍ਰਤਿਪਾਰੇ ॥ ਸਰਨਿ ਪਰਿਓ ਨਾਨਕ ਹਰਿ ਦੁਆਰੇ ॥੪॥੪॥ (ਹੇ ਭਾਈ!) ਉਹ ਪ੍ਰਭੂ ਸਭ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ ਹੈ ਤੇ (ਸਭ ਥਾਂਵਾਂ ਤੇ) ਪੂਰਨ ਹੈ (ਵਿਆਪਕ ਹੈ। ਜਿਸ ਮਨੁੱਖ ਉਤੇ ਉਹ ਮੇਹਰ ਕਰਦਾ ਹੈ, ਉਸ ਨੂੰ) ਸਾਧੂ ਗੁਰੂ ਦੇ ਚਰਨਾਂ ਦੀ ਧੂੜ ਦੇਂਦਾ ਹੈ।੧। ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਮੇਰੇ ਉਤੇ) ਕ੍ਰਿਪਾ ਕਰ। ਹੇ ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲੇ! ਹੇ ਪੂਰਨ ਪ੍ਰਭੂ! (ਮੈਨੂੰ) ਤੇਰੀ ਹੀ ਓਟ ਹੈ।੧।ਰਹਾਉ। (ਹੇ ਭਾਈ!) ਪ੍ਰਭੂ ਜਲ ਵਿਚ, ਥਲ ਵਿਚ, ਧਰਤੀ ਤੇ ਅਕਾਸ਼ ਵਿਚਕਾਰ ਪੁਲਾੜ ਵਿਚ (ਸਭ ਥਾਂ) ਭਰਪੂਰ ਹੋ ਰਿਹਾ ਹੈ। ਪ੍ਰਭੂ (ਸਭ ਦੇ) ਨੇੜੇ ਵਸਦਾ ਹੈ, (ਉਹ ਕਿਸੇ ਤੋਂ) ਦੂਰ ਨਹੀਂ।੨। (ਪ੍ਰਭੂ) ਜਿਸ ਮਨੁੱਖ ਉਤੇ ਮੇਹਰ ਦੀ ਨਜਰ ਕਰਦਾ ਹੈ, ਉਹ (ਉਸ ਨੂੰ) ਸਿਮਰਦਾ ਹੈ। ਅਤੇ ਅੱਠੇ ਪਹਿਰ ਹਰੀ ਦੇ ਗੁਣ ਗਾਉਂਦਾ ਰਹਿੰਦਾ ਹੈ।੩। (ਉਹ ਪ੍ਰਭੂ) ਸਾਰੇ ਜੀਵਾਂ ਜੰਤਾਂ ਨੂੰ ਪਾਲਦਾ ਹੈ। ਨਾਨਕ ਹਰੀ ਦੇ ਦਰ ਤੇ ਆ ਕੇ (ਉਸ ਦੀ) ਸ਼ਰਣ ਵਿਚ ਪਿਆ ਹੈ।੪।੪।

ਪਦਾਰਥ = ਅੰਤਰਜਾਮੀ–ਸਭ ਦੇ ਦਿਲਾਂ ਦੇ ਅੰਦਰ ਦੀ ਜਾਨਣ ਵਾਲਾ। ਸੋ–ਉਹ। ਪੂਰਾ–ਸਾਰੇ ਗੁਣਾਂ ਵਿਚ ਪੂਰਨ। ਦੇਇ–ਦੇਂਦਾ ਹੈ। ਸਾਧੂ ਕੀ–ਸਾਧੂ ਗੁਰੂ ਦੀ। ਧੂਰਾ–ਧੂੜ।੧। ਦੀਨ ਦਇਆਲਾ–ਹੇ ਗਰੀਬਾਂ ਤੇ ਦਇਆ ਕਰਨ ਵਾਲੇ ਪ੍ਰਭੂ!। ਗੋਪਾਲਾ–ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ।੧। ਰਹਾਉ। ਜਲਿ–ਜਲ ਵਿਚ। ਥਲਿ–ਥਲ ਵਿਚ। ਮਹੀਅਲਿ–ਧਰਤੀ ਤੇ ਅਕਾਸ਼ ਵਿਚਕਾਰ ਪੁਲਾੜ ਵਿਚ। ਰਹਿਆ ਭਰਪੂਰੇ–ਵਿਆਪਕ ਹੋ ਰਿਹਾ ਹੈ। ਨਿਕਟਿ–ਨੇੜੇ।੨। ਜਿਸ ਨੋ–ਜਿਸ ਉਤੇ। ਨਦਰਿ–ਮੇਹਰ ਦੀ ਨਜਰ। ਆਠ ਪਹਰ–ਅੱਠੇ ਪਹਿਰ (ਸਦਾ)।੩। ਜੀਅ–ਜੀਵ। ਸਗਲੇ–ਸਾਰੇ। ਪ੍ਰਤਿਪਾਰੇ–ਪਾਲਦਾ ਹੈ। ਪਰਿਓ–ਪਿਆ ਹੈ। ਦੁਆਰੇ–ਦਰ ਤੇ।੪।੪।

ਵਡਹੰਸੁ ਮਹਲਾ ੫ ॥ ਤੂ ਵਡ ਦਾਤਾ ਅੰਤਰਜਾਮੀ ॥ ਸਭ ਮਹਿ ਰਵਿਆ, ਪੂਰਨ ਪ੍ਰਭ ਸੁਆਮੀ ॥੧॥ ਮੇਰੇ ਪ੍ਰਭ ਪ੍ਰੀਤਮ ਨਾਮੁ ਅਧਾਰਾ ॥ ਹਉ ਸੁਣਿ ਸੁਣਿ ਜੀਵਾ ਨਾਮੁ ਤੁਮਾਰਾ ॥੧॥ਰਹਾਉ॥ ਤੇਰੀ ਸਰਣਿ ਸਤਿਗੁਰ ਮੇਰੇ ਪੂਰੇ ॥ ਮਨੁ ਨਿਰਮਲੁ ਹੋਇ ਸੰਤਾ ਧੂਰੇ ॥੨॥ ਚਰਨ ਕਮਲ ਹਿਰਦੈ ਉਰਿ ਧਾਰੇ ॥ ਤੇਰੇ ਦਰਸਨ ਕਉ ਜਾਈ ਬਲਿਹਾਰੇ ॥੩॥ ਕਰਿ ਕਿਰਪਾ ਤੇਰੇ ਗੁਣ ਗਾਵਾ ॥ ਨਾਨਕ ਨਾਮੁ ਜਪਤ ਸੁਖੁ ਪਾਵਾ ॥੪॥੫॥ (ਹੇ ਪ੍ਰਭੂ! ਸਭ ਤੋਂ) ਤੂੰ ਵੱਡਾ ਦਾਤਾ ਹੈਂ ਅਤੇ (ਸਭ ਜੀਵਾਂ ਦੇ) ਅੰਦਰ ਦੀ ਜਾਨਣ ਵਾਲਾ ਹੈਂ। ਹੇ ਪ੍ਰਭੂ! ਹੇ ਸੁਆਮੀ! ਤੂੰ ਸਾਰੇ ਜੀਵਾਂ ਵਿਚ ਰਮਿਆ ਹੋਇਆ ਹੈਂ ਅਤੇ (ਸਭ ਜਗ੍ਹਾ) ਵਿਆਪਕ ਹੈਂ।੧। ਹੇ ਮੇਰੇ ਪਿਆਰੇ ਪ੍ਰਭੂ!

ਤੇਰਾ ਨਾਮ ਹੀ ਮੇਰਾ ਆਸਰਾ ਹੈ। ਅਤੇ ਮੈਂ ਤੇਰਾ ਨਾਮ ਸੁਣ ਸੁਣ ਕੇ ਜਿਉਂਦਾ ਹਾਂ।੧।ਰਹਾਉ। ਹੇ ਮੇਰੇ ਪੂਰੇ ਸਤਿਗੁਰੂ! ਮੈਂ ਤੇਰੀ ਸ਼ਰਣ ਵਿਚ ਪਿਆ ਹਾਂ। (ਤੇਰੇ) ਸੰਤਾਂ ਦੀ ਧੂੜ ਨਾਲ ਮਨ ਨਿਰਮਲ ਹੋ ਜਾਂਦਾ ਹੈ।੨। ਤੇਰੇ ਚਰਨ ਕਮਲ ਮੈਂ ਹਿਰਦੇ ਵਿਚ ਤੇ ਗਲੇ ਵਿਚ ਟਿਕਾ ਲਏ ਹਨ। ਅਤੇ ਮੈਂ ਤੇਰੇ ਦਰਸ਼ਨਾਂ ਤੋਂ ਬਲਹਾਰ ਜਾਂਦਾ ਹਾਂ।੩। ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ! ਮੇਰੇ ਉਤੇ) ਕ੍ਰਿਪਾ ਕਰ, ਮੈਂ ਤੇਰੇ ਗੁਣ ਗਾਉਂਦਾ ਰਹਾਂ। ਅਤੇ ਤੇਰਾ ਨਾਮ ਜਪਦਿਆਂ ਆਤਮਕ ਸੁਖ ਪ੍ਰਾਪਤ ਕਰਦਾ ਰਹਾਂ।੪।੫।

ਪਦਾਰਥ = ਵਡ ਦਾਤਾ–ਵੱਡਾ ਦਾਤਾ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਸਭ ਮਹਿ–ਸਾਰੇ ਜੀਵਾਂ ਵਿਚ। ਰਵਿਆ –ਫੈਲਿਆ ਹੋਇਆ (ਵਿਆਪਕ)। ਪੂਰਨ–ਵਿਆਪਕ; ਗੁਣਾਂ ਵਿਚ ਪੂਰਨ।੧। ਪ੍ਰੀਤਮ–(ਸਭ ਤੋਂ ਵੱਧ) ਪਿਆਰਾ। ਅਧਾਰਾ–ਆਸਰਾ । ਹਉ–ਮੈਂ। ਜੀਵਾ–ਜਿਉਂਦਾ ਹਾਂ।੧। ਰਹਾਉ। ਨਿਰਮਲੁ–ਪਵਿਤ੍ਰ। ਧੂਰੇ–ਚਰਨ ਧੂੜ ਨਾਲ।੨। ਹਿਰਦੈ–ਹਿਰਦੇ ਵਿਚ। ਉਰਿ ਧਾਰੇ– ਕੰਠ (ਗਲੇ) ਵਿਚ। ਜਾਈ ਬਲਿਹਾਰੇ–ਸਦਕੇ ਜਾਂਦਾ ਹਾਂ।੩। ਗਾਵਾ–ਮੈਂ ਗਾਉਂਦਾ ਰਹਾਂ। ਜਪਤ–ਜਪਦਿਆਂ।੪।੫।

ਵਡਹੰਸੁ ਮਹਲਾ ੫ ॥ ਸਾਧ ਸੰਗਿ ਹਰਿ ਅੰਮ੍ਰਿਤੁ ਪੀਜੈ ॥ ਨਾ ਜੀਉ ਮਰੈ, ਨ ਕਬਹੂ ਛੀਜੈ ॥੧॥ ਵਡਭਾਗੀ ਗੁਰੁ ਪੂਰਾ ਪਾਈਐ ॥ ਗੁਰ ਕਿਰਪਾ ਤੇ ਪ੍ਰਭੂ ਧਿਆਈਐ ॥੧॥ਰਹਾਉ॥ ਰਤਨ ਜਵਾਹਰ ਹਰਿ ਮਾਣਕ ਲਾਲਾ ॥ ਸਿਮਰਿ ਸਿਮਰਿ ਪ੍ਰਭ ਭਏ ਨਿਹਾਲਾ ॥੨॥ ਜਤ ਕਤ ਪੇਖਉ ਸਾਧੂ ਸਰਣਾ ॥ ਹਰਿ ਗੁਣ ਗਾਇ ਨਿਰਮਲ ਮਨੁ ਕਰਣਾ ॥੩॥ ਘਟ ਘਟ ਅੰਤਰਿ ਮੇਰਾ ਸੁਆਮੀ ਵੂਠਾ ॥ ਨਾਨਕ ਨਾਮੁ ਪਾਇਆ ਪ੍ਰਭੁ ਤੂਠਾ ॥੪॥੬॥ (ਹੇ ਭਾਈ!) ਸਾਧ ਸੰਗਤ ਵਿਚੋਂ ਹਰੀ ਦਾ ਨਾਮ ਅੰਮ੍ਰਿਤ ਪੀ ਸਕੀਦਾ ਹੈ। (ਨਾਮ ਸਿਮਰਨ ਦੀ ਬਰਕਤ ਨਾਲ) ਜੀਵ ਨਾ ਆਤਮਕ ਮੌਤੇ ਮਰਦਾ ਹੈ ਤੇ ਨਾ ਹੀ ਕਦੇ ਘਟਦਾ (ਆਤਮਕ ਜੀਵਨ ਕਮਜੋਰ ਹੁੰਦਾ) ਹੈ (ਆਤਮਕ ਅਨੰਦ ਮਾਣਦਾ ਰਹਿੰਦਾ ਹੈ)।੧। ਪੂਰਾ ਗੁਰੂ ਵੱਡੇ ਭਾਗਾਂ ਨਾਲ ਪਾਈਦਾ ਹੈ। ਗੁਰੂ ਦੀ ਕ੍ਰਿਪਾ ਨਾਲ (ਹਰੀ ਦਾ) ਨਾਮ ਧਿਆਈਦਾ ਹੈ।੧। ਰਹਾਉ। (ਹੇ ਭਾਈ!) ਹਰੀ ਦਾ ਨਾਮ ਰਤਨ ਹੈ, ਜਵਾਹਰ ਹੈ, ਮਾਣਕ ਹੈ ਤੇ ਲਾਲ ਹੈ (ਬਹੁਤ ਅਮੋਲਕ ਹੈ। ਅਸੀਂ) ਪ੍ਰਭੂ ਨੂੰ ਸਿਮਰ ਸਿਮਰ ਕੇ ਸੁਖੀ ਹੋਏ ਹਾਂ।੨। ਜਿਥੇ ਕਿਥੇ ਮੈਂ ਦੇਖਦਾ ਹੈ, ਸਾਧੂ ਦੀ ਸ਼ਰਣ ਦਾ (ਹੀ ਆਸਰਾ ਦਿਖਾਈ ਦੇਂਦਾ) ਹੈ। ਹਰੀ ਦੇ ਗੁਣ ਗਾ ਕੇ ਮਨ ਨੂੰ ਨਿਰਮਲ ਕੀਤਾ ਜਾ ਸਕਦਾ ਹੈ।੩। ਹਰੇਕ ਜੀਵ ਦੇ ਅੰਦਰ ਮੇਰਾ ਮਾਲਕ ਪ੍ਰਭੂ ਵਸ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਦ ਮੇਰੇ ਤੇ) ਪ੍ਰਭੂ ਪ੍ਰਸੰਨ ਹੋਇਆ (ਤਾਂ ਮੈਂ ਗੁਰੂ ਪਾਸੋਂ) ਨਾਮ ਪ੍ਰਾਪਤ ਕੀਤਾ ਹੈ।੪।੬।

ਪਦਾਰਥ = ਪੀਜੈ–ਪੀ ਸਕੀਦਾ ਹੈ। ਜੀਉ–ਜੀਵ (ਜਿੰਦ)। ਕਬਹੂ–ਕਦੇ। ਨ ਛੀਜੈ–ਘਟਦਾ ਨਹੀਂ (ਕਮਜੋਰ ਨਹੀਂ ਹੁੰਦਾ)।੧। ਵਡ ਭਾਗੀ–ਵੱਡੇ ਭਾਗਾਂ ਨਾਲ। ਤੇ–ਤੋਂ; ਨਾਲ।੧। ਰਹਾਉ। ਰਤਨ–ਕੀਮਤੀ ਪੱਥਰ; ਉਤਮ ਪਦਾਰਥ (ਸਮੁੰਦਰ ਵਿਚੋਂ ਨਿਕਲੇ ੧੪ ਰਤਨ) । ਜਵਾਹਰ–ਕੀਮਤੀ ਪੱਥਰ। ਮਾਣਕ–ਮੋਤੀ (ਸ਼ੁੱਭ ਗੁਣ; ਹਰੀ ਦਾ ਨਾਮ)। ਲਾਲਾ–ਲਾਲ ਰੰਗ ਦਾ ਕੀਮਤੀ ਪੱਥਰ; (ਹਰੀ ਦਾ) ਪ੍ਰੇਮ। ਭਏ–ਹੋਏ ਹਾਂ। ਨਿਹਾਲਾ–ਸੁਖੀ; ਪ੍ਰਸੰਨ; ਮੁਕਤ।੨। ਜਤ–ਜਿਥੇ। ਕਤ–ਕਿਥੇ। ਪੇਖਉ–ਮੈਂ ਦੇਖਦਾ ਹਾਂ। ਗਾਇ–ਗਾ ਕੇ। ਨਿਰਮਲ– ਪਵਿਤ੍ਰ।੩। ਘਟ ਘਟ–ਹਰੇਕ ਜੀਵ। ਅੰਤਰਿ–ਅੰਦਰ। ਵੂਠਾ–ਵਸਦਾ ਹੈ। ਤੂਠਾ–ਪ੍ਰਸੰਨ ਹੋਇਆ; ਮੇਹਰਬਾਨ ਹੋਇਆ।੪।੬।

ਵਡਹੰਸੁ ਮਹਲਾ ੫ ॥ ਵਿਸਰੁ ਨਾਹੀ ਪ੍ਰਭ ਦੀਨ ਦਇਆਲਾ ॥ ਤੇਰੀ ਸਰਣਿ ਪੂਰਨ ਕਿਰਪਾਲਾ ॥੧॥ਰਹਾਉ॥ ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥ ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥੧॥ ਤੇਰੇ ਜੀਅ ਤੂ ਸਦ ਹੀ ਸਾਥੀ ॥ ਸੰਸਾਰ ਸਾਗਰ ਤੇ ਕਢੁ ਦੇ ਹਾਥੀ ॥੨॥ ਆਵਣੁ ਜਾਣਾ ਤੁਮ ਹੀ ਕੀਆ ॥ ਜਿਸੁ ਤੂ ਰਾਖਹਿ ਤਿਸੁ ਦੂਖੁ ਨ ਥੀਆ ॥੩॥ ਤੂ ਏਕੋ ਸਾਹਿਬੁ ਅਵਰੁ ਨ ਹੋਰਿ ॥ ਬਿਨਉ ਕਰੈ ਨਾਨਕੁ ਕਰ ਜੋਰਿ ॥੪॥੭॥ ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! (ਮੈਨੂੰ ਤੂੰ) ਨਾ ਭੁੱਲ। ਹੇ ਕ੍ਰਿਪਾ ਕਰਨ ਵਾਲੇ ਸਰਬ ਵਿਆਪਕ ਪ੍ਰਭੂ! ਮੈਂ ਤੇਰੀ ਸ਼ਰਣ ਵਿਚ ਆ ਪਿਆ ਹਾਂ।੧। ਰਹਾਉ। ਜਿਸ ਜਗ੍ਹਾ ਤੂੰ ਯਾਦ ਵਿਚ ਆਉਂਦਾ ਹੈਂ, ਉਹ ਥਾਂ ਸੁਹਾਵਣਾ ਹੈ। ਜਿਸ ਸਮੇਂ ਤੂੰ ਭੁੱਲ ਜਾਂਦਾ ਹੈਂ, ਤਾਂ (ਉਸ ਸਮੇਂ) ਮੈਨੂੰ ਹੌਕਾ ਲਗਦਾ ਹੈ।੧। (ਹੇ ਪ੍ਰਭੂ! ਸਾਰੇ) ਜੀਵ ਤੇਰੇ ਹਨ ਅਤੇ ਤੂੰ (ਸਾਰੇ ਜੀਵਾਂ ਦਾ) ਸਦਾ ਹੀ ਸਾਥੀ ਹੈਂ। (ਕ੍ਰਿਪਾ ਕਰਕੇ ਇਨ੍ਹਾਂ ਜੀਵਾਂ ਨੂੰ ਅਪਣਾ) ਹੱਥ ਦੇ (ਫੜਾ) ਕੇ ਸੰਸਾਰ ਸਾਗਰ ਤੋਂ ਕੱਢ ਲੈ।੨। (ਜੀਵਾਂ ਦਾ ਸੰਸਾਰ ਵਿਚ) ਆਉਣਾ ਜਾਣਾ ਤੈਂ ਹੀ ਕੀਤਾ ਹੈ (ਜੰਮਣ ਮਰਨ ਦਾ ਗੇੜ ਚਲਾਇਆ ਹੈ)। ਜਿਸ ਜੀਵ ਨੂੰ ਤੂੰ (ਬਚ ਕੇ) ਰੱਖਦਾ ਹੈਂ, ਉਸ ਨੂੰ (ਜਨਮ ਮਰਨ ਦਾ) ਦੁਖ ਨਹੀਂ ਹੁੰਦਾ।੩। ਤੂੰ (ਸਾਰੇ ਜੀਵਾਂ ਦਾ) ਇਕੋ ਮਾਲਕ ਹੈਂ, ਦੂਜਾ ਹੋਰ ਕੋਈ (ਮਾਲਕ) ਨਹੀਂ । ਨਾਨਕ (ਦੋਵੇਂ) ਹੱਥ ਜੋੜ ਕੇ ਬੇਨਤੀ ਕਰਦਾ ਹੈ (ਕਿ ਮੈਨੂੰ ਭਵਜਲ ਵਿਚ ਡੁਬਣ ਤੋਂ ਬਚਾ ਲੈ)।੪।੭।

ਪਦਾਰਥ = ਵਿਸਰੁ ਨਾਹੀ–ਨਾ ਭੁੱਲ। ਦੀਨ ਦਇਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ ਪ੍ਰਭੂ!। ਪੂਰਨ ਕਿਰਪਾਲਾ–ਹੇ ਕ੍ਰਿਪਾ ਕਰਨ ਵਾਲੇ ਸਰਬ ਵਿਆਪਕ ਪ੍ਰਭੂ!।੧। ਰਹਾਉ। ਜਹ–ਜਿਸ ਜਗ੍ਹਾ। ਚਿਤਿ ਆਵਹਿ–ਯਾਦ ਵਿਚ ਆਵੇਂ। ਸੋ–ਉਹ। ਸੁਹਾਵਾ–ਸੋਹਣਾ

।ਜਿਤੁ ਵੇਲਾ–ਜਿਸ ਸਮੇਂ।ਹਾਵਾ–ਹੌਕਾ; ਪਛਤਾਵਾ; ਦੁਖ।੧।ਜੀਅ–ਜੀਵ।ਸਦ ਹੀ–ਸਦਾ ਹੀ।ਤੇ–ਤੋਂ।ਦੇ–ਦੇ ਕੇ।ਹਾਥੀ–ਹੱਥ। ੨।ਆਵਣੁ ਜਾਣਾ–ਆਉਣਾ ਜਾਣਾ (ਜੰਮਣਾ ਮਰਨਾ)।ਕੀਆ–ਕੀਤਾ (ਬਣਾਇਆ)।ਨ ਥੀਆ–ਨਹੀਂ ਹੁੰਦਾ।੩।ਏਕੋ ਸਾਹਿਬੁ– ਇਕੋ ਮਾਲਕ।ਅਵਰੁ ਹੋਰਿ–ਦੂਜਾ ਹੋਰ ਕੋਈ।ਬਿਨਉ–ਬੇਨਤੀ।ਕਰ ਜੋਰਿ–(ਦੋਵੇਂ) ਹੱਥ ਜੋੜ ਕੇ।੪।੭।

ਵਡਹੰਸੁ ਮਃ ੫ = ਤੂ ਜਾਣਾਇਹਿ ਤਾ ਕੋਈ ਜਾਣੈ ॥ ਤੇਰਾ ਦੀਆ ਨਾਮੁ ਵਖਾਣੈ ॥੧॥ ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥੧॥ ਰਹਾਉ॥ (ਹੇ ਵਾਹਿਗੁਰੂ! ਜਦ ਕਿਸੇ ਨੂੰ) ਤੂੰ ਅਪਣੇ ਆਪ ਦਾ ਗਿਆਨ ਕਰਾਉਂਦਾ ਹੈਂ, ਤਾਂ ਕੋਈ (ਮਨੁੱਖ ਤੈਨੂੰ) ਜਾਣ ਸਕਦਾ ਹੈ। (ਉਹ ਮਨੁੱਖ ਤੈਨੂੰ ਕਿਵੇਂ ਜਾਣ ਲੈਂਦਾ ਹੈ? ਕਿਉਂਕਿ ਉਹ) ਤੇਰਾ ਦਿਤਾ ਹੋਇਆ (ਵਾਹਿਗੁਰੂ) ਨਾਮ ਉਚਾਰਦਾ ਹੈ।੧।(ਹੇ ਵਾਹਿਗੁਰੂ!) ਤੂੰ ਅਸਚਰਜ ਰੂਪ ਹੈਂ ਅਤੇ ਤੇਰੀ ਕੁਦਰਤ ਵੀ ਅਸਚਰਜ ਰੂਪ ਹੈ।੧।ਰਹਾਉ।

ਅੰਗ ੫੬੪ = ਤੁਧੁ ਆਪੇ ਕਾਰਣੁ ਆਪੇ ਕਰਣਾ ॥ ਹੁਕਮੇ ਜੰਮਣੁ ਹੁਕਮੇ ਮਰਣਾ ॥੨॥ ਨਾਮੁ ਤੇਰਾ ਮਨ ਤਨ ਆਧਾਰੀ ॥ ਨਾਨਕ ਦਾਸੁ ਬਖਸੀਸ ਤੁਮਾਰੀ ॥੩॥੮॥ (ਹੇ ਪ੍ਰਭੂ!) ਤੂੰ ਆਪ ਹੀ ਕਾਰਣ ਰੂਪ ਹੈਂ ਤੇ ਕਾਰਜ ਰੂਪ ਵੀ ਤੂੰ ਆਪ ਹੀ ਹੈਂ।ਤੇਰੇ ਹੁਕਮ ਵਿਚ (ਹੀ ਜੀਵਾਂ ਦਾ ਸੰਸਾਰ ਵਿਚ) ਜਨਮ ਹੁੰਦਾ ਹੈ ਤੇ ਤੇਰੇ ਹੁਕਮ ਵਿਚ ਹੀ (ਜੀਵਾਂ ਦੀ) ਮੌਤ ਹੁੰਦੀ ਹੈ।੨।(ਹੇ ਪ੍ਰਭੂ!) ਤੇਰਾ ਨਾਮ ਮੇਰੇ ਮਨ ਤੇ ਤਨ ਦਾ ਆਸਰਾ ਹੈ।ਦਾਸ ਨਾਨਕ ਨੂੰ (ਇਹ ਨਾਮ) ਤੇਰੀ ਬਖਸ਼ਿਸ਼ ਹੈ।੩।੮।

ਪਦਾਰਥ = ਜਾਣਾਇਹਿ–ਸੂਝ ਬੂਝ ਬਖਸ਼ਦਾ (ਗਿਆਨ ਕਰਾਉਂਦਾ) ਹੈਂ।ਤਾ–ਤਾਂ; ਤਦ।ਜਾਣੈ–ਜਾਣਦਾ (ਗਿਆਨ ਪ੍ਰਾਪਤ ਕਰਦਾ) ਹੈ।ਵਖਾਣੈ–ਉਚਾਰਦਾ (ਜਪਦਾ) ਹੈ।੧।ਅਚਰਜ–ਹੈਰਾਨ ਕਰਨ ਵਾਲਾ (ਵਿਸਮਾਦ ਅਵਸਥਾ ਵਿਚ ਲੈ ਜਾਣ ਵਾਲਾ) ਰੂਪ।ਕੁਦਰਤਿ –ਕਰਤਾਰ ਦੀ ਰਚਨਾ ਸ਼ਕਤੀ।ਬਿਸਮਾ–ਹੈਰਾਨ ਕਰਨ ਵਾਲੀ।੧।ਰਹਾਉ।ਤੁਧੁ–ਤੂੰ।ਕਾਰਣੁ–ਰਚਨਾ ਪੈਦਾ ਕਰਨ ਦਾ ਵਸੀਲਾ। ਕਰਣਾ–ਜਗਤ ਰਚਨ ਦਾ ਕੰਮ।ਹੁਕਮੇ–ਹੁਕਮ ਵਿਚ।੨।ਆਧਾਰੀ–ਆਸਰਾ।ਬਖਸੀਸ–ਬਖਸ਼ਿਸ਼।੩।੮।

ਵਡਹੰਸੁ ਮਹਲਾ ੫ ਘਰੁ ੨ ੧ੴ ਸਤਿਗੁਰ ਪ੍ਰਸਾਦਿ ॥ ਮੇਰੈ ਅੰਤਰਿ ਲੋਚਾ ਮਿਲਣ ਕੀ ਪਿਆਰੇ, ਹਉ ਕਿਉ ਪਾਈ ਗੁਰ ਪੂਰੇ ॥ ਜੇ ਸਉ ਖੇਲ ਖੇਲਾਈਐ ਬਾਲਕੁ ,ਰਹਿ ਨ ਸਕੈ ਬਿਨੁ ਖੀਰੇ ॥ ਮੇਰੈ ਅੰਤਰਿ ਭੁਖ ਨ ਉਤਰੈ ਅੰਮਾਲੀ, ਜੇ ਸਉ ਭੋਜਨ ਮੈ ਨੀਰੇ ॥ ਮੇਰੈ ਮਨਿ ਤਨਿ ਪ੍ਰੇਮੁ ਪਿਰੰਮ ਕਾ, ਬਿਨੁ ਦਰਸਨ ਕਿਉ ਮਨੁ ਧੀਰੇ ॥੧॥ ਸੁਣਿ ਸਜਣ ਮੇਰੇ ਪ੍ਰੀਤਮ ਭਾਈ, ਮੈ ਮੇਲਿਹੁ ਮਿਤ੍ਰੁ ਸੁਖ ਦਾਤਾ ॥ ਓਹੁ ਜੀਅ ਕੀ ਮੇਰੀ ਸਭ ਬੇਦਨ ਜਾਣੈ, ਨਿਤ ਸੁਣਾਵੈ ਹਰਿ ਕੀਆ ਬਾਤਾ ॥ ਹਉ ਇਕੁ ਖਿਨੁ ਤਿਸੁ ਬਿਨੁ ਰਹਿ ਨ ਸਕਾ, ਜਿਉ ਚਾਤ੍ರਿਕੁ ਜਲ ਕਉ ਬਿਲਲਾਤਾ ॥ ਹਉ ਕਿਆ ਗੁਣ ਤੇਰੇ ਸਾਰਿ ਸਮਾਲੀ, ਮੈ ਨਿਰਗੁਣ ਕਉ ਰਖਿ ਲੇਤਾ ॥੨॥ (ਹੇ ਸਖੀ!) ਮੇਰੇ ਅੰਦਰ ਪਿਆਰੇ ਪ੍ਰਭੂ ਨੂੰ ਮਿਲਣ ਦੀ ਇੱਛਾ ਹੈ, (ਪ੍ਰਭੂ ਨੂੰ ਮਿਲਾਉਣ ਵਾਲੇ) ਪੂਰੇ ਗੁਰੂ ਨੂੰ ਮੈਂ ਕਿਵੇਂ ਪ੍ਰਾਪਤ ਕਰਾਂ? ਜੇ ਬੱਚੇ ਨੂੰ ਸੈਂਕੜੇ ਤਰ੍ਹਾਂ ਦੀਆਂ ਖੇਡਾਂ ਖਿਡਾਇਆ (ਖੇਡਾਂ ਵਿਚ ਪਰਚਾਇਆ) ਜਾਵੇ, ਤਾਂ ਵੀ ਉਹ ਦੁੱਧ ਤੋਂ ਬਿਨਾ ਨਹੀਂ ਰਹਿ ਸਕਦਾ।ਹੇ ਪਿਆਰੀ ਸਖੀ! ਜੇ ਮੇਰੇ ਅੱਗੇ ਸੈਂਕੜੇ ਤਰ੍ਹਾਂ ਦੇ ਭੋਜਨ ਪਰੋਸੇ ਜਾਣ, ਤਾਂ ਵੀ ਮੇਰੇ ਅੰਦਰੋਂ (ਪ੍ਰਭੂ ਦੇ ਦਰਸ਼ਨਾਂ ਦੀ) ਭੁੱਖ ਨਹੀਂ ਉਤਰ ਸਕਦੀ।ਮੇਰੇ ਮਨ ਵਿਚ ਤੇ ਤਨ ਵਿਚ ਪਿਆਰੇ ਪ੍ਰਭੂ ਦਾ ਪ੍ਰੇਮ ਹੈ, (ਉਸ ਦੇ) ਦਰਸ਼ਨਾਂ ਤੋਂ ਬਿਨਾ ਮਨ ਨੂੰ ਕਿਵੇਂ ਧੀਰਜ ਆ ਸਕਦਾ ਹੈ? (ਮਨ ਨੂੰ ਸ਼ਾਂਤੀ ਨਹੀਂ ਆ ਸਕਦੀ)।੧।ਹੇ ਮੇਰੇ ਸੱਜਣ! ਹੇ ਮੇਰੇ ਪਿਆਰੇ ਭਾਈ! ਸੁਣ, ਮੈਨੂੰ ਸੁਖ ਦੇਣ ਵਾਲਾ ਮਿਤ੍ਰ ਗੁਰੂ ਮਿਲਾ ਦਿਓ।ਉਹ (ਗੁਰੂ) ਮੇਰੇ ਦਿਲ ਦੀ ਸਾਰੀ ਪੀੜਾ ਜਾਣਦਾ ਹੈ, (ਜੋ ਤੁਹਾਨੂੰ) ਹਰ ਰੋਜ ਹਰੀ ਦੀ ਗੱਲਾਂ ਬਾਤਾਂ ਸੁਣਾਉਂਦਾ ਹੈ।ਮੈਂ ਉਸ (ਪ੍ਰਭੂ) ਤੋਂ ਬਿਨਾ ਇਕ ਖਿਨ ਵੀ ਨਹੀਂ ਰਹਿ ਸਕਦਾ, ਜਿਵੇਂ ਬਬੀਹਾ ਸ੍ਵਾਂਤੀ ਬੂਦ ਨੂੰ ਬਿਲਕਦਾ ਰਹਿੰਦਾ ਹੈ।(ਹੇ ਪ੍ਰਭੂ!) ਮੈਂ ਤੇਰੇ ਕਿਹੜੇ ਕਿਹੜੇ ਗੁਣ ਸਮਝ ਕੇ ਯਾਦ ਕਰਾਂ, ਮੈਂ ਨਿਰਗੁਣਿਆਰੇ ਨੂੰ (ਇਕ ਤੂੰ ਹੀ ਬਚਾ ਕੇ) ਰੱਖ ਲੈਂਦਾ ਹੈਂ।੨।

ਪਦਾਰਥ = ਅੰਤਰਿ–ਮਨ ਦੇ ਅੰਦਰ।ਲੋਚਾ–ਇੱਛਾ।ਹਉ–ਮੈਂ।ਕਿਉ–ਕਿਵੇਂ।ਸਉ–ਸੈਂਕੜੇ ਤਰ੍ਹਾਂ ਦੇ।ਖੀਰੇ–ਦੁਧ।ਅੰਮਾਲੀ–ਹੇ ਸਖੀ !।ਮੈ–ਮੇਰੇ ਅੱਗੇ।ਨੀਰੇ–ਪਰੋਸੇ ਜਾਣ।ਪਿਰੰਮ ਕਾ–ਪਿਆਰੇ ਪ੍ਰਭੂ ਦਾ।ਧੀਰੇ–ਧੀਰਜ; ਸ਼ਾਤੀ।੧।ਪ੍ਰੀਤਮ ਭਾਈ–ਹੇ ਪਿਆਰੇ ਭਾਈ !।ਮੈ–ਮੈਨੂੰ।ਮੇਲਿਹੁ–ਮਿਲਾ ਦੇਹ।ਜੀਅ ਕੀ–ਦਿਲ ਦੀ।ਬੇਦਨ–ਪੀੜ; ਦੁਖ ਦਰਦ।ਕੀਆ–ਦੀਆਂ।ਬਾਤਾ–ਗੱਲਾਂ ਬਾਤਾਂ।ਖਿਨੁ– ਬਹੁਤ ਥੋੜਾ ਸਮਾਂ।ਚਾਤ੍ਰਿਕ–ਬਬੀਹਾ।ਜਲ ਕਉ–ਸ੍ਵਾਂਤੀ ਬੂੰਦ ਲਈ।ਬਿਲਲਾਤਾ–ਬਿਲਕਦਾ ਹੈ।ਸਾਰਿ ਸਮਾਲੀ–ਸਮਝ ਕੇ ਯਾਦ ਕਰਾਂ ;ਯਾਦ ਕਰਕੇ (ਹਿਰਦੇ ਵਿਚ) ਸੰਭਾਲਾਂ।ਨਿਰਗੁਣ ਕਉ–ਗੁਣ ਹੀਣ ਨੂੰ।ਰਖਿ ਲੇਤਾ–ਬਚਾ ਕੇ ਰੱਖ ਲੈਂਦਾ ਹੈਂ।੨।

ਹਉ ਭਈ ਉਡੀਣੀ ਕੰਤ ਕਉ ਅੰਮਾਲੀ, ਸੋ ਪਿਰੁ ਕਦਿ ਨੈਣੀ ਦੇਖਾ ॥ ਸਭਿ ਰਸ ਭੋਗਣ ਵਿਸਰੇ, ਬਿਨੁ ਪਿਰ ਕਿਤੈ ਨ ਲੇਖਾ ॥ ਇਹੁ ਕਾਪੜੁ ਤਨਿ ਨ ਸੁਖਾਵਈ, ਕਰਿ ਨ ਸਕਉ ਹਉ ਵੇਸਾ ॥ ਜਿਨੀ ਸਖੀ ਲਾਲੁ ਰਾਵਿਆ ਪਿਆਰਾ, ਤਿਨ ਆਗੈ ਹਮ ਆਦੇਸਾ

॥੩॥ ਮੈ ਸਭਿ ਸੀਗਾਰ ਬਣਾਇਆ ਅੰਮਾਲੀ, ਬਿਨੁ ਪਿਰ ਕਾਮਿ ਨ ਆਏ ॥ ਜਾ ਸਹਿ ਬਾਤ ਨ ਪੁਛੀਆ ਅੰਮਾਲੀ, ਤਾ ਬਿਰਥਾ ਜੋਬਨੁ ਸਭੁ ਜਾਏ ॥ ਧਨੁ ਧਨੁ ਤੇ ਸੋਹਾਗਣਿ ਅੰਮਾਲੀ, ਜਿਨ ਸਹੁ ਰਹਿਆ ਸਮਾਏ ॥ ਹਉ ਵਾਰਿਆ ਤਿਨ ਸੋਹਾਗਣੀ ਅੰਮਾਲੀ, ਤਿਨ ਕੇ ਧੋਵਾ ਸਦ ਪਾਏ ॥੪॥ ਜਿਚਰੁ ਦੂਜਾ ਭਰਮੁ ਸਾ ਅੰਮਾਲੀ, ਤਿਚਰੁ ਮੈ ਜਾਣਿਆ ਪ੍ਰਭੁ ਦੂਰੇ ॥ ਜਾ ਮਿਲਿਆ ਪੂਰਾ ਸਤਿਗੁਰੂ ਅੰਮਾਲੀ, ਤਾ ਆਸਾ ਮਨਸਾ ਸਭ ਪੂਰੇ ॥ ਮੈ ਸਰਬ ਸੁਖਾ ਸੁਖ ਪਾਇਆ ਅੰਮਾਲੀ, ਪਿਰੁ ਸਰਬ ਰਹਿਆ ਭਰਪੂਰੇ ॥ ਜਨ ਨਾਨਕ ਹਰਿ ਰੰਗੁ ਮਾਣਿਆ ਅੰਮਾਲੀ, ਗੁਰ ਸਤਿਗੁਰ ਕੈ ਲਗਿ ਪੈਰੇ ॥੫॥੧॥੯॥ ਹੇ ਪਿਆਰੀ ਸਖੀ! ਮੈਂ ਪਤੀ ਨੂੰ ਮਿਲਣ ਵਾਸਤੇ ਉਦਾਸ ਹੋ ਰਹੀ ਹਾਂ, ਮੈਂ ਉਸ ਪਤੀ ਨੂੰ (ਅਪਣੀਆਂ) ਅੱਖਾਂ ਨਾਲ ਕਦੋਂ ਦੇਖਾਂਗੀ? (ਪਦਾਰਥਾਂ ਦੇ) ਸਾਰੇ ਰਸ ਭੋਗਣੇ ਮੈਨੂੰ ਭੁੱਲ ਗਏ ਹਨ, ਪਤੀ ਤੋਂ ਬਿਨਾ (ਉਸ ਰਸ) ਕਿਸੇ ਗਿਣਤੀ ਵਿਚ ਨਹੀਂ ਹਨ। ਸਰੀਰ ਉਤੇ (ਪਹਿਨਿਆ) ਇਹ ਕੱਪੜਾ ਚੰਗਾ ਨਹੀਂ ਲਗਦਾ ਅਤੇ ਮੈਂ (ਪਤੀ ਤੋਂ ਬਿਨਾ) ਸ਼ਿੰਗਾਰ ਵੀ ਨਹੀਂ ਕਰ ਸਕਦੀ। ਜਿਨ੍ਹਾਂ ਸਖੀਆਂ ਨੇ ਪਿਆਰੇ ਲਾਲ (ਪ੍ਰਭੂ) ਦਾ ਅਨੰਦ ਮਾਣਿਆ ਹੈ, ਉਨ੍ਹਾਂ ਅੱਗੇ ਮੇਰੀ ਨਮਸ਼ਕਾਰ ਹੈ।੩। ਹੇ ਪਿਆਰੀ ਸਖੀ! ਮੈਂ (ਪਤੀ ਨੂੰ ਮਿਲਣ ਵਾਸਤੇ) ਸਾਰੇ ਤਰ੍ਹਾਂ ਦਾ ਸ਼ਿੰਗਾਰ ਬਣਾਇਆ ਹੈ, ਪਤੀ ਦੇ ਬਿਨਾ (ਮਿਲੇ ਇਹ ਸ਼ਿੰਗਾਰ) ਕੰਮ ਨਹੀਂ ਆਏ। ਹੇ ਪਿਆਰੀ ਸਖੀ! ਜਦ ਪਤੀ ਬਾਤ ਹੀ ਨਾ ਪੁੱਛਦਾ ਹੋਵੇ, ਤਾਂ ਸਾਰੀ ਜੁਆਨੀ ਬਿਰਥਾ ਚਲੇ ਜਾਂਦੀ ਹੈ। ਹੇ ਪਿਆਰੀ ਸਖੀ! ਉਹ ਸੁਹਾਗਣਾਂ ਧੰਨ ਧੰਨ ਹਨ, ਜਿਨ੍ਹਾਂ ਦੇ ਹਿਰਦੇ ਵਿਚ ਪਤੀ ਸਮਾ ਰਿਹਾ ਹੈ। ਹੇ ਪਿਆਰੀ ਸਖੀ ! ਉਨ੍ਹਾਂ ਸੁਹਾਗਣਾਂ ਤੋਂ ਮੈਂ ਸਦਕੇ ਜਾਂਦੀ ਹਾਂ ਅਤੇ ਮੈਂ ਉਨ੍ਹਾਂ ਦੇ ਪੈਰ ਧੋਂਦੀ ਰਹਾਂ।੪। ਹੇ ਪਿਆਰੀ ਸਖੀ! ਜਿਤਨਾ ਚਿਰ ਤਕ (ਮੇਰੇ ਹਿਰਦੇ ਵਿਚ) ਦ੍ਵੈਤ ਦਾ ਭਰਮ ਸੀ, ਉਤਨਾ ਚਿਰ ਮੈਂ ਪ੍ਰਭੂ ਨੂੰ ਦੂਰ ਜਾਣਿਆ ਸੀ। ਹੇ ਪਿਆਰੀ ਸਖੀ! ਜਦ ਮੈਨੂੰ ਪੂਰਾ ਸਤਿਗੁਰੂ ਮਿਲ ਪਿਆ, ਤਾਂ ਸਭ ਆਸ ਤੇ ਮਨ ਦੀਆਂ ਇੱਛਾ ਪੂਰੀ ਹੋ ਗਈ। ਹੇ ਪਿਆਰੀ ਸਖੀ! ਮੈਂ ਸਾਰੇ ਸੁੱਖਾਂ ਦਾ (ਸ਼੍ਰੋਮਣੀ ਆਤਮਕ) ਸੁਖ ਪਾ ਲਿਆ ਹੈ ਅਤੇ (ਮੈਨੂੰ ਹਰੀ) ਸਭ ਥਾਂ ਵਿਆਪਕ ਹੋ ਰਿਹਾ ਦਿਸ ਪਿਆ ਹੈ। ਹੇ ਪਿਆਰੀ ਸਖੀ! ਦਾਸ ਨਾਨਕ ਨੇ ਪੂਜਨੀਕ ਸਤਿ ਗੁਰੂ ਦੇ ਚਰਨੀਂ ਲਗ ਕੇ ਹਰੀ ਦੇ ਮਿਲਾਪ ਦਾ ਅਨੰਦ ਮਾਣਿਆ ਹੈ।੫।੧।੯।

ਪਦਾਰਥ = ਹਉ–ਮੈਂ। ਭਈ–ਹੋ ਰਹੀ ਹਾਂ। ਉਡੀਣੀ–ਉਦਾਸ; ਵਿਆਕੁਲ। ਕੰਤ ਕਉ–ਪਤੀ ਨੂੰ ਮਿਲਣ ਵਾਸਤੇ। ਅੰਮਾਲੀ–ਹੇ ਪਿਆਰੀ ਸਖੀ!। ਨੈਣੀ–ਅੱਖਾਂ ਨਾਲ। ਦੇਖਾ–ਮੈਂ ਦੇਖਾਂਗੀ। ਵਿਸਰੇ–ਭੁੱਲ ਗਏ। ਪਿਰ–ਪਤੀ। ਕਿਤੇ ਨ ਲੇਖਾ–ਕਿਸੇ ਗਿਣਤੀ ਵਿਚ ਨਹੀਂ (ਨਿਸਫਲ ਹਨ)। ਕਾਪੜੁ–ਕੱਪੜਾ। ਤਨਿ–ਸਰੀਰ ਉਤੇ। ਨ ਸੁਖਾਵਈ–ਚੰਗਾ ਨਹੀਂ ਲਗਦਾ। ਵੇਸਾ–ਸ਼ਿੰਗਾਰ; ਪਹਿਰਾਵਾ। ਜਿਨੀ ਸਖੀ–ਜਿਨ੍ਹਾਂ ਸਹੇਲੀਆਂ ਨੇ। ਲਾਲੁ–ਪ੍ਰਭੂ। ਰਾਵਿਆ–ਭੋਗਿਆ; ਅਨੰਦ ਮਾਣਿਆ। ਹਮ–ਮੇਰੀ। ਆਦੇਸਾ–ਨਮਸ਼ਕਾਰ।੩। ਕਾਮਿ–ਕੰਮ। ਜਾ–ਜਦ। ਸਹਿ–ਪਤੀ ਨੇ। ਤਾ–ਤਾਂ; ਤਦ। ਬਿਰਥਾ–ਬਿਅਰਥ। ਜੋਬਨੁ–ਜਵਾਨੀ। ਤੇ–ਉਹ। ਸਹੁ–ਪਤੀ। ਰਹਿਆ ਸਮਾਏ–ਮਿਲਿਆ ਰਹਿੰਦਾ ਹੈ। ਤਿਨ–ਉਨ੍ਹਾਂ ਤੋਂ। ਧੋਵਾ–ਧੋਂਦੀ ਰਹਾਂ। ਸਦ–ਸਦਾ। ਪਾਏ–ਪੈਰ।੪। ਜਿਚਰੁ–ਜਿਤਨਾ ਚਿਤ। ਦੂਜਾ–ਦ੍ਵੈਤ ਦਾ। ਸਾ–ਸੀ। ਤਿਚਰੁ–ਉਤਨਾ ਚਿਰ। ਮਨਸਾ–ਮਨ ਦੀ ਇੱਛਾ। ਸਰਬ–ਸਾਰੇ। ਰਹਿਆ ਭਰਪੂਰੇ–ਵਿਆਪਕ ਹੋ ਰਿਹਾ ਹੈ। ਜਨ ਨਾਨਕ–ਦਾਸ ਨਾਨਕ। ਰੰਗੁ–ਅਨੰਦ; ਪਿਆਰ। ਲਗਿ ਪੈਰੇ–ਪੈਰੀਂ (ਚਰਨੀਂ) ਲਗ ਕੇ।੫।੧।੯।

ਵਿਆਖਿਆ = ਇਕ ਮਧਮ ਸਖੀ ਉਤਮ ਸਖੀ (ਗੁਰਮੁਖ) ਅਗੇ ਪੁਕਾਰ ਕਰਦੀ ਹੈ ਕਿ ਮੇਰੇ ਅੰਦਰ ਪਤੀ ਨੂੰ ਮਿਲਣ ਦੀ ਇੱਛਾ ਹੈ। ਪਤੀ ਨੂੰ ਮਿਲਾਉਣ ਵਾਲਾ ਹੈ ਗੁਰੂ, ਉਸ ਨੂੰ ਦੀ ਪ੍ਰਾਪਤੀ ਕਿਵੇਂ ਹੋਵੇ? ਇਸ ਵਿਚ ਪ੍ਰੀਤਮ, ਭਾਈ, ਸੱਜਣ ਤੇ ਅੰਮਾਲੀ ਸਭ ਲਫਜ ਗੁਰਮੁਖ ਲਈ ਵਰਤੇ ਹੋਏ ਹਨ, ਜੋ ਗੁਰੂ ਨਾਲ ਮੇਲ ਕਰਉਣ ਵਾਲੇ ਹਨ। ਪਹਿਲੇ ਦੋ ਪਦਿਆਂ ਵਿਚ ਪਤੀ ਪ੍ਰਭੂ ਨਾਲ ਪ੍ਰੇਮ ਦਾ ਜਿਕਰ ਹੈ, ਪ੍ਰੇਮ ਦੇ ਕਾਰਣ ਦੁਨੀਆਂ ਦੇ ਕਿਸੇ ਪ੍ਰਚਾਵੇ ਨਾਲ ਮਨ ਦੀ ਤਸੱਲੀ ਖੁਸ਼ ਨਹੀਂ ਹੋਈ। ਅੰਕ ੩ ਤੇ ੪ ਵਿਚ ਪਤੀ ਨਾਲੋਂ ਵਿਛੋੜੇ ਦਾ ਜਿਕਰ ਹੈ ਤੇ ਮਿਲਾਪ ਲਈ ਕਰਮ ਕਾਂਡ ਰੂਪ ਸ਼ਿੰਗਾਰ ਕੰਮ ਨਹੀਂ ਆਏ। ਪੰਜਵੇਂ ਪਦੇ ਵਿਚ ਗੁਰਮੁਖਾਂ ਨੇ ਸਤਿਗੁਰੂ ਨਾਲ ਮਿਲਾ ਦਿਤਾ ਤੇ ਸਤਿਗੁਰੂ ਨੇ ਪ੍ਰਭੂ ਨਾਲ ਮਿਲਾ ਦਿਤਾ, ਜੋ ਸਾਰੇ ਸੰਸਾਰ ਵਿਚ ਵਿਆਪਕ ਹੋ ਰਿਹਾ ਦਿਸ ਪਿਆ ਹੈ।

ਵਡਹੰਸੁ ਮਹਲਾ ੩ ਅਸਟਪਦੀਆ ੴ ਸਤਿਗੁਰ ਪ੍ਰਸਾਦਿ ॥ ਸਚੀ ਬਾਣੀ ਸਚੁ ਧੁਨਿ, ਸਚੁ ਸਬਦੁ ਵੀਚਾਰਾ ॥ ਅਨ ਦਿਨ ਸਚੁ ਸਲਾਹਣਾ, ਧਨੁ ਧਨੁ ਵਡਭਾਗ ਹਮਾਰਾ ॥੧॥ ਮਨ ਮੇਰੇ, ਸਾਚੇ ਨਾਮ ਵਿਟਹੁ ਬਲਿ ਜਾਉ ॥ ਦਾਸਨ ਦਾਸਾ ਹੋਇ ਰਹਹਿ, ਤਾ ਪਾਵਹਿ ਸਚਾ ਨਾਉ ॥੧॥ਰਹਾਉ॥ ਗੁਰੂ ਦੀ ਬਾਣੀ ਸੱਚੀ ਹੈ, (ਇਸ ਦਾ) ਉਚਾਰਨ ਵੀ ਸੱਚਾ ਹੈ, (ਇਸ ਬਾਣੀ ਵਿਚ ਗੁਰੂ ਦਾ) ਸੱਚਾ ਉਪਦੇਸ਼ ਹੈ ਅਤੇ ਇਸ ਦੀ ਵੀਚਾਰ ਵੀ ਸੱਚੀ ਹੈ। (ਇਸ ਬਾਣੀ ਦੁਆਰਾ) ਹਰ ਰੋਜ ਸੱਚੇ ਪ੍ਰਭੂ ਨੂੰ ਸਲਾਹੁਣਾ (ਮੈਨੂੰ) ਪ੍ਰਾਪਤ ਹੋਇਆ ਹੈ, (ਇਸ ਲਈ) ਸਾਡੇ ਵੱਡੇ ਭਾਗ ਹਨ ਤੇ (ਅਸੀਂ ਮਨ ਤੇ ਤਨ ਕਰਕੇ) ਧੰਨਤਾ ਦੇ ਯੋਗ ਹਾਂ।੧। ਹੇ ਮੇਰੇ ਮਨ! ਤੂੰ ਸਚੇ

ਨਾਮ ਤੋਂ ਸਦਕੇ ਜਾਇਆ ਕਰ।(ਤੂੰ ਇਹ) ਸੱਚਾ ਨਾਮ ਤਾਂ ਪਾਵੇਂਗਾ, (ਜੇ ਪ੍ਰਭੂ ਦੇ) ਦਾਸਾਂ ਦਾ ਦਾਸ ਹੋ ਕੇ ਰਹੇਂਗਾ।੧।ਰਹਾਉ।

ਅੰਗ ੫੬੫ = ਜਿਹਵਾ ਸਚੀ ਸਚਿ ਰਤੀ, ਤਨੁ ਮਨੁ ਸਚਾ ਹੋਇ ॥ ਬਿਨੁ ਸਾਚੇ ਹੋਰੁ ਸਾਲਾਹਣਾ, ਜਾਸਹਿ ਜਨਮੁ ਸਭੁ ਖੋਇ ॥੨॥ ਸਚੁ ਖੇਤੀ ਸਚੁ ਬੀਜਣਾ, ਸਾਚਾ ਵਾਪਾਰਾ ॥ ਅਨਦਿਨੁ ਲਾਹਾ ਸਚੁ ਨਾਮੁ ,ਧਨੁ ਭਗਤਿ ਭਰੇ ਭੰਡਾਰਾ ॥੩॥ ਸਚੁ ਖਾਣਾ ਸਚੁ ਪੈਨਣਾ, ਸਚੁ ਟੇਕ ਹਰਿ ਨਾਉ ॥ ਜਿਸ ਨੋ ਬਖਸੇ ਤਿਸੁ ਮਿਲੈ, ਮਹਲੀ ਪਾਏ ਥਾਉ ॥੪॥ ਜਿਹੜੀ ਜੀਭ ਸੱਚੇ ਨਾਮ ਵਿਚ ਰੰਗੀ ਹੋਈ ਹੈ, ਉਹ ਸੱਚੀ ਹੈ, (ਇਸ ਦੇ ਨਾਲ) ਤਨ ਤੇ ਮਨ ਵੀ ਸੱਚਾ ਹੋ ਜਾਂਦਾ ਹੈ।(ਪਰ ਜੋ ਮਨੁੱਖ) ਪ੍ਰਭੂ ਤੋਂ ਬਿਨਾ ਕਿਸੇ ਹੋਰ ਨੂੰ ਸਲਾਹੁੰਦਾ ਹੈ, (ਉਹ ਇਥੋਂ) ਸਾਰਾ ਜਨਮ ਬਿਅਰਥ ਗਵਾ ਕੇ ਜਾਂਦਾ ਹੈ।੨।(ਇਹ ਨਾਮ ਸਿਮਰਨ) ਸੱਚੀ ਖੇਤੀ ਹੈ ਤੇ (ਇਸ ਵਿਚ) ਸਚਾ ਨਾਮ ਹੀ ਬੀਜਣਾ ਹੈ, (ਇਹੋ) ਸੱਚਾ ਵਪਾਰ ਹੈ।(ਪ੍ਰਭੂ ਦਾ) ਨਾਮ ਸੱਚਾ ਧਨ ਹੈ, (ਗੁਰਮੁਖਾਂ ਨੂੰ ਨਾਮ ਸਿਮਰਨ ਦਾ) ਲਾਭ ਹਰ ਰੋਜ ਮਿਲਦਾ ਹੈ, (ਉਨ੍ਹਾਂ ਦੇ ਹਿਰਦੇ ਰੂਪ) ਭੰਡਾਰ (ਨਾਮ ਸਿਮਰਨ ਦੀ) ਭਗਤੀ ਨਾਲ ਭਰੇ ਰਹਿੰਦੇ ਹਨ।੩।(ਅਜੇਹੇ ਗੁਰਮੁਖਾਂ ਦਾ) ਖਾਣਾ ਸੱਚਾ, ਪਹਿਨਣਾ ਵੀ ਸੱਚਾ ਹੈ ਅਤੇ ਹਰੀ ਦਾ ਨਾਮ ਹੀ (ਉਨ੍ਹਾਂ ਦਾ) ਸੱਚਾ ਆਸਰਾ ਹੈ।(ਪਰ ਇਹ ਨਾਮ ਦੀ ਦਾਤ ਹਰੀ) ਜਿਸ ਮਨੁੱਖ ਨੂੰ ਬਖਸ਼ਦਾ ਹੈ, ਉਸ ਨੂੰ ਹੀ ਮਿਲਦੀ ਹੈ, (ਫਿਰ ਉਹ ਹਰੀ ਦੇ) ਮਹਿਲ ਵਿਚ ਟਿਕਾਣਾ ਪਾ ਲੈਂਦਾ ਹੈ।੪।

ਪਦਾਰਥ = ਧੁਨਿ-ਉਚਾਰਨ; ਲਿਵ; ਗਾਉਣ ਦੀ ਧਾਰਨਾ।ਅਨਦਿਨੁ-ਹਰ ਰੋਜ।ਹਮਾਰਾ-ਸਾਡਾ (ਮੇਰਾ)।੧।ਵਿਟਹੁ-ਤੋਂ।ਬਲਿ ਜਾਉ-ਸਦਕੇ ਜਾਇਆ ਕਰ।ਹੋਇ ਰਹਹਿ-ਜੇ ਹੋ ਕੇ ਰਹੇਂਗਾ।ਤਾ-ਤਾਂ।ਪਾਵਹਿ-ਪਾ ਲਵੇਂਗਾ।੧।ਰਹਾਉ।ਜਿਹਵਾ-ਜੀਭ।ਸਚਿ-ਸੱਚੇ ਨਾਮ ਵਿਚ।ਰਤੀ-ਰੰਗੀ (ਪ੍ਰੀਤਵਾਨ) ਹੋਈ ਹੈ।ਜਾਸਹਿ-ਜਾਂਦਾ ਹੈ।੨।ਅਨਦਿਨੁ-ਹਰ ਰੋਜ।ਲਾਹਾ-ਲਾਭ।੩।ਟੇਕ-ਆਸਰਾ ।ਮਹਲੀ-(ਹਰੀ ਦੇ) ਮਹਿਲ ਵਿਚ।ਪਾਏ-ਪਾ ਲੈਂਦਾ ਹੈ।ਥਾਉ-ਥਾਂ; ਟਿਕਾਣਾ।੪।

ਆਵਹਿ ਸਚੇ ਜਾਵਹਿ ਸਚੇ, ਫਿਰਿ ਜੂਨੀ ਮੂਲਿ ਨ ਪਾਹਿ ॥ ਗੁਰਮੁਖਿ ਦਰਿ ਸਾਚੈ ਸਚਿਆਰ ਹਹਿ, ਸਾਚੇ ਮਾਹਿ ਸਮਾਹਿ ॥੫॥ ਅੰਤਰੁ ਸਚਾ ਮਨੁ ਸਚਾ, ਸਚੀ ਸਿਫਤਿ ਸਨਾਇ ॥ ਸਚੈ ਥਾਨਿ ਸਚੁ ਸਾਲਾਹਣਾ, ਸਤਿਗੁਰ ਬਲਿਹਾਰੈ ਜਾਉ ॥੬॥ ਸਚੁ ਵੇਲਾ ਮੂਰਤੁ ਸਚੁ ,ਜਿਤੁ ਸਚੇ ਨਾਲਿ ਪਿਆਰੁ ॥ ਸਚੁ ਵੇਖਣਾ ਸਚੁ ਬੋਲਣਾ, ਸਚਾ ਸਭੁ ਆਕਾਰੁ ॥੭॥ ਨਾਨਕ ਸਚੈ ਮੇਲੇ ਤਾ ਮਿਲੇ, ਆਪੇ ਲਏ ਮਿਲਾਇ ॥ ਜਿਉ ਭਾਵੈ ਤਿਉ ਰਖਸੀ, ਆਪੇ ਕਰੇ ਰਜਾਇ ॥੮॥੧ ਸਚ ਵਿਚ ਲੀਨ ਹੋਏ (ਗੁਰਮੁਖ ਸੰਸਾਰ ਵਿਚ ਲੋਕਾਂ ਨੂੰ ਤਾਰਨ ਵਾਸਤੇ) ਆਉਂਦੇ ਹਨ ਤੇ ਸੱਚ ਵਿਚ ਲੀਨ ਹੋਏ (ਹੀ ਸੰਸਾਰ ਵਿਚੋਂ) ਜਾਂਦੇ ਹਨ (ਉਨ੍ਹਾਂ ਦਾ ਜੰਮਣਾ ਤੇ ਮਰਨਾ ਸਫਲਾ ਹੈ, ਉਹ ਕਿਸੇ) ਜੋਨ ਵਿਚ ਮੁੜ ਦੁਬਾਰਾ ਬਿਲਕੁਲ ਨਹੀਂ ਪੈਂਦੇ।ਗੁਰਮੁਖ ਸੱਚੇ ਪ੍ਰਭੂ ਦੇ ਦਰਬਾਰ ਵਿਚ ਸਚਿਆਰ ਹਨ ਅਤੇ ਸੱਚੇ ਪ੍ਰਭੂ ਵਿਚ ਮਿਲ ਜਾਂਦੇ ਹਨ।੫।(ਉਨ੍ਹਾਂ ਦਾ) ਹਿਰਦਾ ਸੱਚਾ ਹੈ, ਮਨ ਵੀ ਸੱਚਾ ਹੈ ਅਤੇ (ਉਹ ਪ੍ਰਭੂ ਦੀ) ਸੱਚੀ ਸਿਫਤ ਸਲਾਹ ਕਰਦੇ ਰਹਿੰਦੇ ਹਨ।ਮੈਂ ਸਤਿਗੁਰੂ ਤੋਂ ਬਲਹਾਰ ਜਾਂਦਾ ਹਾਂ, (ਕਿਉਂਕਿ ਉਹ ਗੁਰਮੁਖ ਸਤਿਗੁਰੂ ਦੇ) ਸੱਚੇ ਅਸਥਾਨ (ਸਤ ਸੰਗਤ) ਵਿਚ ਸਚੇ ਪ੍ਰਭੂ ਨੂੰ ਸਲਾਹੁੰਦੇ ਹਨ।੬।ਉਹ ਵੇਲਾ ਸਚਾ ਹੈ, ਉਹ ਮੁਹੂਰਤ ਵੀ ਸੱਚ ਹੈ, ਜਿਸ ਸਮੇਂ ਸੱਚੇ ਪ੍ਰਭੂ ਨਾਲ ਪਿਆਰ ਪੈ ਜਾਵੇ।(ਅਜੇਹੀ ਅਵਸਥਾ ਵਾਲੇ ਗੁਰਮੁਖ ਦਾ) ਵੇਖਣਾ ਸੱਚਾ ਹੈ, ਬੋਲਣਾ ਵੀ ਸੱਚਾ ਹੈ, (ਉਸ ਦਾ) ਸਾਰਾ ਸਰੀਰ ਸੱਚਾ ਹੈ; ਸਾਰਾ ਜਗਤ (ਉਸ ਨੂੰ) ਸੱਚਾ ਦਿਸਣ ਲਗ ਜਾਂਦਾ ਹੈ।੭।ਨਾਨਕ ਗੁਰੂ ਜੀ ਆਖਦੇ ਹਨ (ਕਿ ਜਦ) ਸੱਚੇ ਪ੍ਰਭੂ ਨੇ (ਗੁਰਮੁਖਾਂ ਨੂੰ ਗੁਰੂ ਨਾਲ) ਮਿਲਾਇਆ ਤਾਂ (ਉਹ ਪ੍ਰਭੂ ਨਾਲ) ਮਿਲੇ ਹਨ, (ਉਸ ਪ੍ਰਭੂ ਨੇ ਉਹ) ਆਪ ਹੀ ਮਿਲਾ ਲਏ ਹਨ।ਜਿਸ ਤਰ੍ਹਾਂ (ਉਸ ਨੂੰ) ਭਾਉਂਦਾ ਹੈ, ਤਿਵੇਂ ਉਹ ਰਖਦਾ ਹੈ, (ਉਹ ਸਭ ਕੁਛ) ਅਪਣੀ ਮਰਜੀ ਨਾਲ ਕਰਦਾ ਹੈ।੮।੧।

ਪਦਾਰਥ = ਆਵਹਿ-(ਜਨਮ ਲੈ ਕੇ) ਆਉਂਦੇ ਹਨ।ਜਾਵਹਿ-(ਸੰਸਾਰ ਵਿਚੋਂ) ਚਲੇ ਜਾਂਦੇ ਹਨ।ਸਚੇ-ਸੱਚੇ ਪ੍ਰਭੂ ਵਿਚ ਲੀਨ ਹੋ ਕੇ; ਸਫਲ।ਫਿਰਿ-ਮੁੜ ਦੁਬਾਰਾ।ਜੂਨੀ-ਕਿਸੇ ਜੂਨ ਵਿਚ।ਮੂਲਿ-ਬਿਲਕੁਲ।ਨ ਪਾਹਿ-ਨਹੀਂ ਪੈਂਦੇ।ਦਰਿ ਸਾਚੈ-ਸੱਚੇ ਪ੍ਰਭੂ ਦੇ ਦਰਬਾਰ ਵਿਚ।ਸਾਚੇ ਮਾਹਿ-ਸੱਚੇ ਪ੍ਰਭੂ ਵਿਚ।ਸਮਾਹਿ-ਮਿਲ ਜਾਂਦੇ ਹਨ।੬।ਅੰਤਰੁ-ਹਿਰਦਾ; ਅੰਦਰਲਾ।ਸਿਫਤਿ ਸਨਾਇ-ਸਿਫਤ ਸਲਾਹ। ਸਚੈ ਥਾਨਿ-ਸਤ ਸੰਗਤ ਵਿਚ।ਬਲਿਹਾਰੈ ਜਾਉ-ਮੈਂ ਕੁਰਬਾਨ ਜਾਂਦਾ ਹਾਂ।੬।ਮੂਰਤੁ-ਦੋ ਘੜੀ ਦਾ ਸਮਾਂ।ਜਿਤੁ-ਜਿਸ (ਸਮੇਂ)। ਆਕਾਰੁ-ਸਰੀਰ; ਸੰਸਾਰ।੭।ਤਾ-ਤਾਂ।ਭਾਵੈ-ਚੰਗਾ ਲਗਦਾ ਹੈ।ਰਖਸੀ-ਰੱਖਦਾ ਹੈ।ਰਜਾਇ-ਮਰਜੀ ਨਾਲ।੮।੧।

ਵਡਹੰਸੁ ਮਹਲਾ ੩ ॥ ਮਨੂਆ ਦਹ ਦਿਸ ਧਾਵਦਾ, ਓਹੁ ਕੈਸੇ ਹਰਿ ਗੁਣ ਗਾਵੈ ॥ ਇੰਦ੍ਰੀ ਵਿਆਪਿ ਰਹੀ ਅਧਿਕਾਈ, ਕਾਮੁ ਕ੍ਰੋਧੁ ਨਿਤ ਸੰਤਾਵੈ ॥੧॥ ਵਾਹੁ ਵਾਹੁ ਸਹਜੇ ਗੁਣ ਰਵੀਜੈ ॥ ਰਾਮ ਨਾਮੁ ਇਸੁ ਜੁਗ ਮਹਿ ਦੁਲਭੁ ਹੈ, ਗੁਰਮਤਿ ਹਰਿ ਰਸੁ ਪੀਜੈ ॥੧॥ਰਹਾਉ ॥ ਸਬਦੁ ਚੀਨਿ ਮਨੁ ਨਿਰਮਲੁ ਹੋਵੈ, ਤਾ ਹਰਿ ਕੇ ਗੁਣ ਗਾਵੈ ॥ ਗੁਰਮਤੀ ਆਪੈ ਆਪੁ ਪਛਾਣੈ, ਤਾ ਨਿਜ ਘਰਿ ਵਾਸਾ ਪਾਵੈ ॥੨॥

ਏ ਮਨ ਮੇਰੇ ਸਦਾ ਰੰਗਿ ਰਾਤੇ, ਸਦਾ ਹਰਿ ਕੇ ਗੁਣ ਗਾਉ ॥ ਹਰਿ ਨਿਰਮਲੁ ਸਦਾ ਸੁਖ ਦਾਤਾ, ਮਨਿ ਚਿੰਦਿਆ ਫਲੁ ਪਾਉ ॥੩॥ ਹਮ ਨੀਚ ਸੇ ਊਤਮ ਭਏ, ਹਰਿ ਕੀ ਸਰਣਾਈ ॥ ਪਾਥਰੁ ਡੁਬਦਾ ਕਾਢਿ ਲੀਆ, ਸਾਚੀ ਵਡਿਆਈ ॥੪॥ (ਜਿਸ ਮਨੁੱਖ ਦਾ) ਮਨ ਦਸਾਂ ਦਿਸ਼ਾਂ ਵਿਚ ਦੌੜਦਾ ਫਿਰਦਾ ਹੈ, ਉਹ ਹਰੀ ਦੇ ਗੁਣ ਕਿਵੇਂ ਗਾ ਸਕਦਾ ਹੈ? (ਉਸ ਦੀ ਹਰੇਕ) ਇੰਦ੍ਰੀ ਅਪਣੇ ਅਪਣੇ ਵਿਸ਼ੇ ਵਿਚ ਬਹੁਤ ਜਿਆਦਾ ਚਿੰਬੜੀ ਰਹੀ ਹੈ, (ਜਿਸ ਕਰਕੇ ਉਸ ਨੂੰ) ਕਾਮ ਕ੍ਰੋਧ ਨਿਤ ਸਤਾਉਂਦੇ ਹਨ।੧।(ਹੇ ਮਨ!) ਵਾਹਿਗੁਰੂ ਵਾਹਿ ਗੁਰੂ ਜਪਦਿਆਂ ਸਹਿਜ ਸੁਭਾ (ਹਰੀ ਦੇ) ਗੁਣ ਉਚਾਰਨ ਕਰ।ਇਸ ਕਲਜੁਗ ਵਿਚ ਵਾਹਿਗੁਰੂ ਨਾਮ ਦੁਰਲੱਭ ਹੈ, ਗੁਰੂ ਦੀ ਸਿੱਖਿਆ ਲੈ ਕੇ ਹਰੀ ਦਾ ਨਾਮ ਰਸ ਪੀ ਲੈ।੧।ਰਹਾਉ।(ਜਦ ਗੁਰੂ ਦੇ) ਸ਼ਬਦ ਨੂੰ ਸਮਝਣ ਨਾਲ ਮਨ ਨਿਰਮਲ ਹੋ ਜਾਂਦਾ ਹੈ ਤਾਂ (ਮਨੁੱਖ) ਹਰੀ ਦੇ ਗੁਣ ਗਾਉਂਦਾ ਹੈ।(ਜੇ ਮਨ) ਗੁਰੂ ਦੀ ਸਿੱਖਿਆ ਲੈ ਕੇ ਅਪਣੇ ਆਪ ਨੂੰ ਪਛਾਣ ਲਵੇ ਤਾਂ (ਇਹ) ਆਤਮ ਸਰੂਪ ਵਿਚ ਵਾਸਾ ਪਾ ਲੈਂਦਾ ਹੈ।੨।ਹੇ ਮੇਰੇ ਮਨ! ਸਦਾ (ਅਪਣੇ ਆਪ ਨੂੰ ਨਾਮ ਦੇ) ਰੰਗ ਵਿਚ ਰੰਗ ਕੇ ਸਦਾ ਹਰੀ ਦੇ ਗੁਣ ਗਾ; (ਵਿਸ਼ਿਆਂ ਦੇ) ਰੰਗ ਵਿਚ ਸਦਾ ਰੰਗੇ ਹੋਏ ਹੇ ਮੇਰੇ ਮਨ! ਤੂੰ ਸਦਾ ਹਰੀ ਦੇ ਗੁਣ ਗਾ।ਹਰੀ ਨਿਰਮਲ ਹੈ, ਸਦਾ ਸੁੱਖਾਂ ਦਾ ਦਾਤਾ ਹੈ, (ਉਸ ਦੇ ਗੁਣ ਗਾ ਕੇ) ਮਨ ਵਿਚ ਚਿੰਦਿਆ ਫਲ ਪ੍ਰਾਪਤ ਕਰ ਲੈ।੩।ਹਰੀ ਦੀ ਸ਼ਰਨ ਵਿਚ ਆ ਕੇ ਅਸੀਂ ਨੀਚ ਤੋਂ ਉਤਮ ਹੋ ਗਏ ਹਾਂ।(ਹਰੀ ਦੀ) ਸੱਚੀ ਵਡਿਆਈ ਹੈ (ਜਿਸ ਨੇ ਭਵਜਲ ਵਿਚ) ਡੁਬਦੇ ਪੱਥਰ (ਸਾਨੂੰ ਪਾਪੀ ਜੀਵਾਂ ਨੂੰ) ਕੱਢ ਲਿਆ ਹੈ।੪।

ਪਦਾਰਥ = ਮਨੂਆ–ਮਨ।ਦਹ ਦਿਸ–ਦਸੇ ਪਾਸੇ।ਇੰਦ੍ਰੀ–ਇੰਦ੍ਰੀਆਂ ਦੇ ਵਿਸ਼ੇ।ਵਿਆਪਿ ਰਹੀ–ਚਿੰਬੜ ਰਹੀ ਹੈ।ਅਧਿਕਾਈ–ਬਹੁਤ।ਨਿਤ–ਸਦਾ; ਹਰ ਰੋਜ।ਸੰਤਾਵੈ–ਦੁਖੀ ਕਰਦੇ ਹਨ।੧।ਸਹਜੇ–ਸਹਜੇ ਹੀ।ਰਵੀਜੈ–ਉਚਾਰਨ ਕਰ।ਇਸ ਜੁਗ ਮਹਿ–ਇਸ ਕਲਜੁਗ ਵਿਚ।ਦੁਲਭੁ–ਮੁਸ਼ਕਲ ਨਾਲ ਮਿਲਣ ਵਾਲਾ।ਗੁਰਮਤਿ–ਗੁਰੂ ਦੀ ਸਿੱਖਿਆ ਲੈ ਕੇ।ਪੀਜੈ–ਪੀ ਲੈ।੧।ਰਹਾਉ।ਚੀਨਿ–ਸਮਝਣ ਨਾਲ।ਨਿਰਮਲੁ–ਮੈਲ ਰਹਿਤ (ਪਵਿਤ੍ਰ)।ਆਪੈ ਆਪੁ–ਅਪਣੇ ਆਪ ਨੂੰ।ਤਾ–ਤਾਂ।ਨਿਜ ਘਰਿ–ਆਤਮ ਸਰੂਪ ਨੂੰ।੨।ਏ ਮਨ–ਹੇ ਮਨ!।ਰੰਗਿ ਰਾਤੇ–ਰੰਗਿ ਵਿਚ ਰੰਗ ਕੇ।ਮਨਿ ਚਿੰਦਿਆ–ਮਨ ਵਿਚ ਚਿਤਵਿਆ ਹੋਇਆ।ਪਾਉ–ਪ੍ਰਾਪਤ ਕਰ ਲੈ।੩।ਹਮ–ਅਸੀਂ।ਸੇ–ਤੋਂ।ਭਏ–ਹੋ ਗਏ ਹਾਂ।ਪਾਥਰੁ–ਜੜ੍ਹ ਮੂਰਖ; ਪਾਪੀ (ਪਾਪ ਕਰਮਾਂ ਦੇ ਬੋਝ ਨਾਲ) ਪੱਥਰ ਵਰਗੇ ਭਾਰੀ।੪।

ਬਿਖੁ ਸੇ ਅੰਮ੍ਰਿਤ ਭਏ, ਗੁਰਮਤਿ ਬੁਧਿ ਪਾਈ ॥ ਅਕਹੁ ਪਰਮਲ ਭਏ, ਅੰਤਰਿ ਵਾਸਨਾ ਵਸਾਈ ॥੫॥ ਮਾਣਸ ਜਨਮੁ ਦੁਲੰਭੁ ਹੈ, ਜਗ ਮਹਿ ਖਟਿਆ ਆਇ ॥ ਪੂਰੈ ਭਾਗਿ ਸਤਿਗੁਰੁ ਮਿਲੈ, ਹਰਿ ਨਾਮੁ ਧਿਆਇ ॥੬॥ ਮਨਮੁਖ ਭੂਲੇ ਬਿਖੁ ਲਗੇ, ਅਹਿਲਾ ਜਨਮੁ ਗਵਾਇਆ ॥ ਹਰਿ ਕਾ ਨਾਮੁ ਸਦਾ ਸੁਖ ਸਾਗਰ, ਸਾਚਾ ਸਬਦੁ ਨ ਭਾਇਆ ॥੭॥ ਮੁਖਹੁ ਹਰਿ ਹਰਿ ਸਭੁ ਕੋ ਕਰੈ, ਵਿਰਲੈ ਹਿਰਦੈ ਵਸਾਇਆ ॥ ਨਾਨਕ ਜਿਨ ਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ੍ ਪਾਇਆ ॥੮॥੨॥ (ਜਦੋਂ ਅਸੀਂ) ਗੁਰੂ ਦੀ ਸਿੱਖਿਆ ਦੁਆਰਾ (ਬਿਬੇਕ) ਬੁੱਧ ਪ੍ਰਾਪਤ ਕੀਤੀ, ਤਾਂ ਜਹਿਰ ਤੋਂ ਅੰਮ੍ਰਿਤ ਰੂਪ ਹੋ ਗਏ ਹਾਂ।(ਅਸੀਂ) ਅੱਕ ਤੋਂ ਚੰਦਨ ਰੂਪ ਹੋ ਗਏ ਹਾਂ ਅਤੇ (ਹਰੀ ਨੇ ਸਾਡੇ ਹਿਰਦੇ) ਅੰਦਰ ਪ੍ਰੇਮ ਦੀ ਸੁਗੰਧੀ ਵਸਾ ਦਿਤੀ ਹੈ (ਪਹਿਲਾਂ ਔਗਣਿਆਰੇ ਸਾਂ, ਹੁਣ ਗੁਣਾਂ ਦੀ ਮਹਿਕ ਪਸਾਰਨੇ ਵਾਲੇ ਬਣ ਗਏ ਹਾਂ)।੫।ਮਨੁੱਖਾ ਜਨਮ ਦੁਰਲੱਭ ਹੈ, ਜਗਤ ਵਿਚ ਆ ਕੇ ਖੱਟ (ਅਸੀਂ ਇਹ ਸਫਲਾ ਕਰ) ਲਿਆ ਹੈ।(ਜਿਸ ਮਨੁੱਖ ਨੂੰ) ਪੂਰੇ ਭਾਗਾਂ ਨਾਲ ਸਤਿਗੁਰੂ ਮਿਲਦਾ ਹੈ, (ਉਹ ਹੀ) ਪ੍ਰਭੂ ਦਾ ਨਾਮ ਸਿਮਰਦਾ ਹੈ।੬।(ਰੱਬ ਤੋਂ) ਭੁੱਲੇ ਹੋਏ ਮਨਮੁਖ ਬਿਖ ਰੂਪ (ਵਿਸ਼ੇ ਵਿਕਾਰਾਂ ਜਾਂ ਮਾਇਆ) ਵਿਚ ਲੱਗੇ ਹੋਏ ਹਨ, (ਉਨ੍ਹਾਂ ਨੇ ਅਪਣਾ ਮਨੁੱਖਾ) ਜਨਮ ਨਿਸਫਲ ਗੁਆ ਲਿਆ ਹੈ।(ਕਿਉਂਕਿ) ਹਰੀ ਦਾ ਨਾਮ ਅਤੇ (ਗੁਰੂ ਦਾ) ਸੱਚਾ ਸ਼ਬਦ ਜੋ ਸਦਾ ਸੁਖਾਂ ਦਾ ਸਾਗਰ ਹੈ, (ਮਨਮੁੱਖਾਂ ਨੂੰ) ਚੰਗਾ ਨਹੀਂ ਲੱਗਿਆ।੭।(ਸੁਭਾਵਕ ਤੌਰ ਤੇ) ਮੂੰਹੋਂ ਹਰਿ ਹਰਿ ਸਭ ਕੋਈ ਉਚਾਰਨ ਕਰਦਾ ਹੈ, (ਪਰ) ਵਿਰਲੇ ਮਨੁੱਖ ਨੇ (ਇਸ ਨੂੰ ਅਪਣੇ) ਹਿਰਦੇ ਵਿਚ ਵਸਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਦੇ ਹਿਰਦੇ ਵਿਚ (ਹਰਿ ਹਰਿ ਨਾਮ) ਵਸਿਆ ਹੈ, ਉਨ੍ਹਾਂ ਨੇ ਪਰਮ ਮੁਕਤੀ ਪਾ ਲਈ ਹੈ।੮।੨।

ਪਦਾਰਥ = ਬਿਖੁ ਸੇ–ਜਹਿਰ ਤੋਂ।ਭਏ–ਹੋ ਗਏ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ।ਅਕਹੁ–ਅੱਕ ਤੋਂ।ਪਰਮਲ–ਚੰਦਨ। ਅੰਤਰਿ–ਹਿਰਦੇ ਅੰਦਰ।ਵਾਸਨਾ–ਸੁਗੰਧੀ।੫।ਮਾਣਸ ਜਨਮੁ–ਮਨੁੱਖਾ ਜਨਮ।ਦੁਲੰਭੁ–ਮੁਸ਼ਕਲ ਨਾਲ ਮਿਲਣ ਵਾਲਾ।ਖਟਿਆ–ਲਾਭ ਲਿਆ; ਸਫਲ ਕਰ ਲਿਆ।ਪੂਰੈ ਭਾਗਿ–ਚੰਗੀ ਕਿਸਮਤ ਨਾਲ।੬।ਬਿਖੁ ਲਗੇ–ਵਿਸ਼ੇ ਵਿਕਾਰਾਂ ਦੀ ਜਹਿਰ ਵਿਚ (ਦਰਪਣ ਨੇ ਵੀ ਇਹੋ ਅਰਥ ਕੀਤੇ ਹਨ)।ਅਹਿਲਾ–ਨਿਸਫਲ (ਬਿਨਾ ਲਾਭ ਦੇ); ਦੁਰਲੱਭ।ਨ ਭਾਇਆ–ਚੰਗਾ ਨਹੀਂ ਲੱਗਿਆ।੭।ਮੁਖਹੁ–ਮੂੰਹ ਨਾਲ।ਸਭੁ ਕੋ–ਹਰੇਕ ਮਨੁੱਖ।ਹਿਰਦੈ–ਹਿਰਦੇ ਵਿਚ।ਮੋਖ ਮੁਕਤਿ–ਪਰਮ ਮੁਕਤੀ।ਤਿਨ੍–ਉਨ੍ਹਾਂ ਨੇ।੮।੨।

ਵਡਹੰਸੁ ਮਹਲਾ ੧ ਛੰਤ ੴ ਸਤਿਗੁਰ ਪ੍ਰਸਾਦਿ ॥ ਕਾਇਆ ਕੂੜਿ ਵਿਗਾੜਿ, ਕਾਹੇ ਨਾਈਐ ॥ ਨਾਤਾ ਸੋ ਪਰਵਾਣੁ ,ਸਚੁ

ਕਮਾਈਐ ॥ (ਹੇ ਭਾਈ!) ਸਰੀਰ ਝੂਠ ਨਾਲ ਵਿਗਾੜ ਕੇ ਕਿਸ ਲਈ ਨਹਾਈਏ (ਨ੍ਹਾਉਣ ਦਾ ਕੀ ਲਾਭ)? ਨ੍ਹਾਤਾ ਹੋਇਆ ਉਹ (ਮਨੁੱਖ ਰੱਬ ਨੂੰ) ਪ੍ਰਵਾਨ ਹੁੰਦਾ ਹੈ, (ਜੋ ਮਨੁੱਖ) ਸਚੇ ਨਾਮ ਸਿਮਰਨ ਦੀ ਕਮਾਈ ਕਰਦਾ ਹੈ।

ਅੰਗ ੫੬੬ = ਜਬ ਸਾਚ ਅੰਦਰਿ ਹੋਇ ਸਾਚਾ, ਤਾਮਿ ਸਾਚਾ ਪਾਈਐ ॥ ਲਿਖੇ ਬਾਝਹੁ ਸੁਰਤਿ ਨਾਹੀ, ਬੋਲਿ ਬੋਲਿ ਗਵਾਈਐ ॥ ਜਿਥੈ ਜਾਇ ਬਹੀਐ ਭਲਾ ਕਹੀਐ, ਸੁਰਤਿ ਸਬਦੁ ਲਿਖਾਈਐ ॥ ਕਾਇਆ ਕੂੜਿ ਵਿਗਾੜਿ, ਕਾਹੇ ਨਾਈਐ ॥੧॥ ਤਾ ਮੈ ਕਹਿਆ ਕਹਣੁ ,ਜਾ ਤੁਝੈ ਕਹਾਇਆ ॥ ਅੰਮ੍ਰਿਤੁ ਹਰਿ ਕਾ ਨਾਮੁ ,ਮੇਰੈ ਮਨਿ ਭਾਇਆ ॥ ਨਾਮੁ ਮੀਠਾ ਮਨਹਿ ਲਾਗਾ, ਦੂਖਿ ਡੇਰਾ ਢਾਹਿਆ ॥ ਸੂਖੁ ਮਨ ਮਹਿ ਆਇ ਵਸਿਆ, ਜਾਮਿ ਤੈ ਫੁਰਮਾਇਆ ॥ ਨਦਰਿ ਤੁਧੁ ਅਰਦਾਸਿ ਮੇਰੀ, ਜਿੰਨਿ ਆਪੁ ਉਪਾਇਆ ॥ ਤਾ ਮੈ ਕਹਿਆ ਕਹਣੁ ,ਜਾ ਤੁਝੈ ਕਹਾਇਆ ॥੨॥ ਜਦ ਮਨੁੱਖ ਦੇ ਹਿਰਦੇ ਅੰਦਰ ਸਚ ਹੋਵੇ ਤਾਂ ਹੀ ਉਹ ਸੱਚਾ ਹੁੰਦਾ ਹੈ ਅਤੇ ਤਦ ਹੀ ਸੱਚਾ ਪ੍ਰਭੂ ਪ੍ਰਾਪਤ ਕਰੀਦਾ ਹੈ।(ਹਰੀ ਵੱਲੋਂ) ਭਾਗਾਂ ਵਿਚ ਲਿਖੇ ਤੋਂ ਬਿਨਾ (ਮਨੁੱਖ ਨੂੰ) ਸੋਝੀ ਨਹੀਂ ਹੁੰਦੀ ਅਤੇ (ਸੋਝੀ ਤੋਂ ਬਿਨਾ ਹੰਕਾਰ ਵਿਚ) ਬੋਲ ਬੋਲ ਕੇ (ਮਨੁੱਖਾ ਜਨਮ ਨਿਸਫਲ) ਗਵਾ ਲਈਦਾ ਹੈ।ਜਿਥੇ ਜਾ ਕੇ ਬੈਠੀਏ, ਉਥੇ ਚੰਗੇ ਬਚਨ ਬੋਲੀਏ ਅਤੇ ਸੁਰਤ ਵਿਚ (ਗੁਰੂ ਦੇ) ਸ਼ਬਦ ਨੂੰ ਲਿਖਾ ਲਈਏ (ਗੁਰੂ ਦੇ ਉਪਦੇਸ਼ ਨੂੰ ਮਨ ਵਿਚ ਵਸਾ ਲਈਏ।ਇਸ ਲਈ) ਸਰੀਰ ਨੂੰ ਕੂੜ ਨਾਲ ਲਿਬੇੜ ਕੇ ਕਿਸ ਲਈ ਨ੍ਹਾਈਏ? (ਤੀਰਥ ਇਸ਼ਨਾਨ ਕੀਤੇ ਦਾ ਕੋਈ ਫਾਇਦਾ ਨਹੀਂ।੧।ਹੇ ਪ੍ਰਭੂ!) ਮੈਂ ਕਹਿਣ ਯੋਗ ਬਚਨ (ਤੇਰਾ ਨਾਮ) ਤਦ ਹੀ ਕਿਹਾ (ਜਪਿਆ) ਹੈ, ਜਦ ਤੈਂ (ਪ੍ਰੇਰ ਕੇ ਮੈਥੋਂ) ਕਹਾਇਆ ਹੈ।ਹਰੀ ਦਾ ਅੰਮ੍ਰਿਤ ਮਈ ਨਾਮ ਮੇਰੇ ਮਨ ਵਿਚ ਪਿਆਰਾ ਲੱਗਿਆ ਹੈ।(ਜਦ ਮੇਰੇ) ਮਨ ਨੂੰ ਹਰੀ ਦਾ ਨਾਮ ਮਿੱਠਾ ਲੱਗਣ ਲੱਗ ਗਿਆ ਤਾਂ (ਮਨ ਵਿਚੋਂ) ਦੁੱਖਾਂ ਨੇ ਅਪਣਾ ਡੇਰਾ ਢਾਹ ਲਿਆ (ਦੁਖ ਦੂਰ ਹੋ ਗਏ।ਹੇ ਪ੍ਰਭੂ!) ਜਦ ਤੈਂ ਹੁਕਮ ਕੀਤਾ, (ਤਦ ਤੋਂ ਮੇਰੇ) ਮਨ ਵਿਚ ਸੁਖ ਆ ਕੇ ਵਸ ਗਿਆ।ਮੇਰੀ (ਤਾਂ ਤੇਰੇ ਅੱਗੇ) ਅਰਦਾਸ ਹੈ, (ਪਰ ਮੇਹਰ ਦੀ) ਨਜਰ ਤੂੰ ਆਪ ਹੀ ਕਰਦਾ ਹੈਂ, (ਤੂੰ ਉਹ ਮਾਲਕ ਹੈਂ) ਜਿਸ ਨੇ ਆਪ (ਅਪਣੇ ਆਪ ਨੂੰ) ਪੈਦਾ ਕੀਤਾ ਹੈ।ਮੈਂ ਕਹਿਣ ਯੋਗ ਬਚਨ (ਤੇਰਾ ਨਾਮ) ਤਦੋਂ ਜਪਿਆ, ਜਦ ਤੂੰ ਜਦ ਤੈਂ ਆਪ ਮੈਥੋਂ) ਕਹਾਇਆ।੨।

ਪਦਾਰਥ = ਕਾਇਆ–ਸਰੀਰ।ਕੂੜਿ–ਝੂਠ ਨਾਲ।ਵਿਗਾੜਿ–ਲਿਬੇੜ (ਮੈਲਾ ਕਰ) ਕੇ।ਕਾਹੇ–ਕਿਸ ਲਈ।ਨਾਈਐ–ਨ੍ਹਾਈਏ।ਸਚੁ–ਸੱਚੇ ਨਾਮ ਨੂੰ।ਕਮਾਈਐ–(ਨਾਮ ਸਿਮਰਨ ਦੀ) ਕਮਾਈ ਕਰਦਾ ਹੈ।ਜਬ–ਜਦ।ਅੰਦਰਿ–ਹਿਰਦੇ ਅੰਦਰ।ਤਾਮਿ–ਤਦ।ਲਿਖੇ ਬਾਝਹੁ –(ਭਾਗਾਂ ਵਿਚ) ਲਿਖੇ ਤੋਂ ਬਿਨਾ।ਸੁਰਤਿ–ਸੋਝੀ; ਗਿਆਨ।ਬਹੀਐ–ਬੈਠੀਏ।੧।ਤਾ–ਤਦ।ਕਹਿਆ–ਉਚਾਰਿਆ।ਕਹਣੁ–ਬਚਨ (ਨਾਮ)।ਜਾ–ਜਦ।ਤੁਝੈ–ਤੈਂ।ਕਹਾਇਆ–ਸਿਮਰਾਇਆ।ਮਨਿ–ਮਨ ਵਿਚ।ਭਾਇਆ–ਪਿਆਰਾ ਲੱਗਾ।ਮਨਹਿ–ਮਨ ਨੂੰ।ਦੂਖਿ–ਦੁੱਖਾਂ ਨੇ।ਮਨ ਮਹਿ–ਮਨ ਵਿਚ।ਜਾਮਿ–ਜਦੋਂ।ਨਦਰਿ–ਮੇਹਰ ਦੀ ਨਜਰ।ਫੁਰਮਾਇਆ–ਹੁਕਮ ਕੀਤਾ।ਜਿੰਨਿ–ਜਿਸ ਨੇ।ਆਪੁ–ਅਪਣੇ ਆਪ ਨੂੰ।ਉਪਾਇਆ–ਪੈਦਾ ਕੀਤਾ।੨।

ਵਾਰੀ ਖਸਮੁ ਕਢਾਏ, ਕਿਰਤੁ ਕਮਾਵਣਾ ॥ ਮੰਦਾ ਕਿਸੈ ਨ ਆਖਿ, ਝਗੜਾ ਪਾਵਣਾ ॥ ਨਹ ਪਾਇ ਝਗੜਾ ਸੁਆਮਿ ਸੇਤੀ, ਆਪਿ ਆਪੁ ਵਞਾਵਣਾ ॥ ਜਿਸੁ ਨਾਲਿ ਸੰਗਤਿ ਕਰਿ ਸਰੀਕੀ, ਜਾਇ ਕਿਆ ਰੂਆਵਣਾ ॥ ਜੋ ਦੇਇ ਸਹਣਾ ਮਨਹਿ ਕਹਣਾ, ਆਖਿ ਨਾਹੀ ਵਾਵਣਾ ॥ ਵਾਰੀ ਖਸਮੁ ਕਢਾਏ, ਕਿਰਤੁ ਕਮਾਵਣਾ ॥੩॥ ਸਭ ਉਪਾਈਅਨੁ ਆਪਿ, ਆਪੇ ਨਦਰਿ ਕਰੇ ॥ ਕਉੜਾ ਕੋਇ ਨ ਮਾਗੈ, ਮੀਠਾ ਸਭ ਮਾਗੈ ॥ ਸਭੁ ਕੋਇ ਮੀਠਾ ਮੰਗਿ ਦੇਖੈ, ਖਸਮ ਭਾਵੈ ਸੋ ਕਰੇ ॥ ਕਿਛੁ ਪੁੰਨ ਦਾਨ ਅਨੇਕ ਕਰਣੀ, ਨਾਮ ਤੁਲਿ ਨ ਸਮਸਰੇ ॥ ਨਾਨਕਾ ਜਿਨ ਨਾਮੁ ਮਿਲਿਆ, ਕਰਮੁ ਹੋਆ ਧੁਰਿ ਕਦੇ ॥ ਸਭ ਉਪਾਈਅਨੁ ਆਪਿ, ਆਪੇ ਨਦਰਿ ਕਰੇ ॥੪॥੧॥ ਮਾਲਕ ਪ੍ਰਭੂ (ਸਾਡੀ) ਕਮਾਈ ਹੋਈ ਕਿਰਤ ਅਨੁਸਾਰ (ਪਿਛਲੇ ਜਨਮਾਂ ਵਿਚ ਕੀਤੇ ਕਰਮਾਂ) ਅਨੁਸਾਰ ਸਾਡੀ ਵਾਰੀ ਕਢਦਾ (ਮਨੁੱਖਾ ਜਨਮ ਦੇਂਦਾ) ਹੈ।ਕਿਸੇ ਨੂੰ ਮੰਦਾ ਕਹਿ ਕੇ ਝਗੜਾ ਨਹੀਂ ਪਾਉਣਾ ਚਾਹੀਦਾ (ਅਸਲ ਵਿਚ ਕਿਸੇ ਨੂੰ ਬੁਰਾ ਕਹਿ ਕੇ ਝਗੜਾ ਕਰਨਾ ਮਾਲਕ ਨਾਲ ਝਗੜਾ ਕਰਨਾ ਹੈ, ਕਿਉਂਕਿ ਮਨੁੱਖ ਨੂੰ ਉਹ ਹੀ ਚੰਗਾ ਜਾਂ ਬੁਰਾ ਬਣਾਉਂਦਾ ਹੈ)।ਮਾਲਕ ਪ੍ਰਭੂ ਨਾਲ ਝਗੜਾ ਪਾ ਕੇ ਅਪਣਾ ਆਪ ਨਹੀ ਗੁਆਉਣਾ (ਬਰਬਾਦ ਕਰਨਾ) ਚਾਹੀਦਾ।ਜਿਸ ਪ੍ਰਭੂ ਨਾਲ (ਜੀਵ ਦੀ ਸਦਾ) ਸੰਗਤ ਰਹਿੰਦੀ ਹੈ, ਉਸ ਨਾਲ ਬਰਾਬਰੀ ਕਰਕੇ (ਫਿਰ ਉਸ ਕੋਲ) ਜਾ ਕੇ ਕਿਉਂ ਰੋਈਏ? (ਦੁਖੀ ਹੋਈਏ; ਉਸ ਦਾ) ਕੀ ਜਾਣਾ ਹੈ, (ਅਪਣੇ ਆਪ ਨੂੰ) ਰੁਆਉਣਾ ਹੀ ਹੈ (ਦੁਖੀ ਹੋਣਾ ਹੈ।ਮਾਲਕ) ਜੋ ਦੁਖ ਸੁਖ ਦੇਵੇ, ਉਸ ਨੂੰ ਸਹਿਣਾ ਚਾਹੀਦਾ ਹੈ, (ਅਪਣੇ) ਮਨ ਨੂੰ ਸਮਝਾਉਣਾ ਚਾਹੀਦਾ ਹੈ, (ਸ਼ਿਕਵੇ ਕਰਕੇ) ਬਿਅਰਥ ਨਹੀਂ ਬੋਲਣਾ ਚਾਹੀਦਾ।ਕੀਤੀ ਕਿਰਤ ਅਨੁਸਾਰ (ਮਾਲਕ ਪ੍ਰਭੂ ਸਾਡੀ) ਵਾਰੀ ਕਢਦਾ ਹੈ (ਮਨੁੱਖਾ ਜਨਮ ਦੇਂਦਾ ਹੈ)।੩।ਸਾਰੀ ਸ੍ਰਿਸਟੀ ਉਸ ਪ੍ਰਭੂ ਨੇ ਆਪ ਪੈਦਾ ਕੀਤੀ ਹੈ ਅਤੇ ਆਪੇ (ਸਭ ਉਪਰ ਮੇਹਰ ਦੀ) ਨਜਰ ਕਰਦਾ ਹੈ।(ਉਸ ਪਾਸੋਂ)

ਕੌੜਾ (ਦੁੱਖ) ਕੋਈ ਨਹੀਂ ਮੰਗਦਾ, ਸਾਰੇ ਮਿੱਠਾ (ਸੁੱਖ) ਮੰਗਦੇ ਹਨ। ਸਭ ਕੋਈ ਮਿੱਠਾ ਮੰਗ ਕੇ ਦੇਖ ਲਵੇ, (ਪਰ) ਮਾਲਕ ਪ੍ਰਭੂ ਨੂੰ ਜੋ ਚੰਗਾ ਲਗਦਾ ਹੈ, ਉਹ ਹੀ ਕਰਦਾ ਹੈ। (ਸੁਖ ਦੀ ਪ੍ਰਾਪਤੀ ਲਈ ਜੋ) ਕੁਛ ਪੁੰਨ ਦਾਨ ਤੇ ਹੋਰ ਅਨੇਕਾਂ ਕਰਨੀਆਂ ਹਨ, (ਉਹ ਸਭ ਕਰਮ) ਨਾਮ ਦੇ ਤੁਲ ਜਾਂ ਨਾਮ ਦੇ ਬਰਾਬਰ ਨਹੀਂ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਪੁਰਖਾਂ ਨੂੰ ਨਾਮ ਮਿਲਿਆ ਹੈ, ਉਨ੍ਹਾਂ ਨੂੰ ਕਦੋਂ (ਚਿਰਾਂ) ਦੀ ਧੁਰ (ਰੱਬ ਦੀ ਹਜੂਰੀ) ਤੋਂ ਬਖਸ਼ਿਸ਼ ਹੋਈ ਹੈ (ਅਪਣੇ ਜੋਰ ਨਾਲ ਨਾਮ ਨਹੀਂ ਮਿਲਦਾ)। ਸਾਰੀ ਸ੍ਰਿਸਟੀ ਉਸ ਪ੍ਰਭੂ ਨੇ ਆਪ ਪੈਦਾ ਕੀਤੀ ਹੈ ਅਤੇ (ਸਭ ਤੇ ਉਹ) ਆਪੇ ਮੇਹਰ ਦੀ ਨਜਰ ਕਰਦਾ ਹੈ।੪।੧।

ਪਦਾਰਥ = ਵਾਰੀ-(ਮਨੁੱਖਾ ਜਨਮ ਦੀ) ਵਾਰੀ। ਕਢਾਏ-ਕਢਦਾ (ਦੇਂਦਾ) ਹੈ। ਕਿਰਤੁ ਕਮਾਵਣਾ-(ਪਿਛਲੇ ਜਨਮਾਂ ਦੀ) ਕੀਤੀ ਕਮਾਈ ਅਨੁਸਾਰ। ਸੁਆਮਿ ਸੇਤੀ-ਮਾਲਕ ਪ੍ਰਭੂ ਨਾਲ। ਵਵਾਵਣਾ-ਗੁਆਉਣਾ; ਤਬਾਹ ਕਰਨਾ। ਕਰਿ ਸਰੀਕੀ-ਬਰਾਬਰੀ ਕਰਕੇ; ਈਰਖਾ ਕਰਕੇ। ਜਾਇ ਕਿਆ-(ਉਸ ਦਾ) ਕੀ ਜਾਣਾ ਹੈ। ਰੂਆਵਣਾ-(ਦੁਖ ਅਪਣਾ) ਰੋਣਾ; ਗਿਲੇ ਸ਼ਿਕਵੇ ਕਰਨੇ। ਦੇਇ-ਦੇਵੇ। ਸਹਣਾ -ਸਹਾਰਨਾ ਚਾਹੀਦਾ ਹੈ। ਮਨਹਿ-ਮਨ ਨੂੰ। ਵਾਵਣਾ-(ਬਿਅਰਥ) ਬੋਲਣਾ।੩। ਉਪਾਈਅਨੁ-ਉਸ ਨੇ ਪੈਦਾ ਕੀਤੀ। ਨਦਰਿ-ਮੇਹਰ ਦੀ ਨਜਰ। ਕਉੜਾ-ਦੁਖ। ਮੀਠਾ-ਸੁਖ। ਖਸਮ-ਮਾਲਕ ਪ੍ਰਭੂ। ਭਾਵੈ-ਚੰਗਾ ਲਗਦਾ ਹੈ। ਸੋ-ਉਹ ਹੀ। ਕਰਣੀ-ਧਰਮ ਕਰਮ। ਤੁਲਿ-ਬਰਾਬਰ। ਸਮਸਰੇ-ਬਰਾਬਰ। ਕਰਮੁ-ਬਖਸ਼ਿਸ਼। ਧੁਰਿ-ਧੁਰ (ਰੱਬ ਦੀ ਹਜੂਰੀ) ਤੋਂ। ਕਦੇ-ਕਦੋਂ (ਚਿਰਾਂ) ਦੀ।੪।੧।

ਵਡਹੰਸੁ ਮਹਲਾ ੧ ॥ ਕਰਹੁ ਦਇਆ ਤੇਰਾ ਨਾਮੁ ਵਖਾਣਾ ॥ ਸਭ ਉਪਾਈਐ ਆਪਿ, ਆਪੇ ਸਰਬ ਸਮਾਣਾ ॥ ਸਰਬੇ ਸਮਾਣਾ ਆਪਿ ਤੂ ਹੈ, ਉਪਾਇ ਧੰਧੈ ਲਾਈਆ ॥ ਇਕਿ ਤੁਝ ਹੀ ਕੀਏ ਰਾਜੇ, ਇਕਨਾ ਭਿਖ ਭਵਾਈਆ ॥ ਲੋਭੁ ਮੋਹੁ ਤੁਝੁ ਕੀਆ ਮੀਠਾ, ਏਤੁ ਭਰਮਿ ਭੁਲਾਣਾ ॥ ਸਦਾ ਦਇਆ ਕਰਹੁ ਅਪਣੀ, ਤਾਮਿ ਨਾਮੁ ਵਖਾਣਾ ॥੧॥ ਨਾਮੁ ਤੇਰਾ ਹੈ ਸਾਚਾ, ਸਦਾ ਮੈ ਮਨਿ ਭਾਣਾ ॥ ਦੂਖੁ ਗਇਆ ਸੁਖੁ ਆਇ ਸਮਾਣਾ ॥ ਗਾਵਨਿ ਸੁਰਿ ਨਰ ਸੁਘੜ ਸੁਜਾਣਾ ॥ ਸੁਰਿ ਨਰ ਸੁਘੜ ਸੁਜਾਣ ਗਾਵਹਿ, ਜੋ ਤੇਰੈ ਮਨਿ ਭਾਵਹੇ ॥ ਮਾਇਆ ਮੋਹੇ ਚੇਤਹਿ ਨਾਹੀ, ਅਹਿਲਾ ਜਨਮੁ ਗਵਾਵਹੇ ॥ ਇਕਿ ਮੂੜ ਮੁਗਧ ਨ ਚੇਤਹਿ ਮੂਲੇ, ਜੋ ਆਇਆ ਤਿਸੁ ਜਾਣਾ ॥ ਨਾਮੁ ਤੇਰਾ ਸਦਾ ਸਾਚਾ, ਸੋਇ ਮੈ ਮਨਿ ਭਾਣਾ ॥੨॥ (ਹੇ ਪ੍ਰਭੂ ਜੀ ! ਮੇਰੇ ਤੇ) ਦਇਆ ਕਰੋ, (ਤਾਂ ਜੋ) ਮੈਂ ਤੇਰਾ ਨਾਮ ਉਚਾਰਦਾ ਰਹਾਂ। ਸਾਰੀ ਸ੍ਰਿਸਟੀ ਤੁਸੀਂ ਆਪ ਪੈਦਾ ਕੀਤੀ ਹੈ ਅਤੇ ਆਪ ਹੀ ਸਾਰੀ ਸ੍ਰਿਸਟੀ ਵਿਚ ਸਮਾ ਰਹੇ ਹੋ। ਤੂੰ ਆਪ ਸਭ ਵਿਚ ਸਮਾਇਆ ਹੋਇਆ ਹੈਂ ਅਤੇ (ਸ੍ਰਿਸਟੀ) ਪੈਦਾ ਕਰਕੇ (ਸਭ ਨੂੰ) ਧੰਧਿਆਂ ਵਿਚ ਲਾਇਆ ਹੋਇਆ ਹੈ। (ਹੇ ਪ੍ਰਭੂ !) ਕਈ ਤੈਂ ਰਾਜੇ ਬਣਾ ਦਿਤੇ ਹਨ ਤੇ ਕਈਆਂ ਨੂੰ ਭੀਖ ਮੰਗਣ ਲਈ ਦਰ ਦਰ ਭਵਾ ਰਿਹਾ ਹੈਂ। ਤੈਂ (ਆਪ ਹੀ ਜੀਵਾਂ ਦੇ ਲਈ) ਲੋਭ ਮੋਹ ਮਿੱਠਾ ਬਣਾ ਦਿਤਾ ਹੈ, ਇਸ ਭਰਮ ਵਿਚ (ਸਾਰਾ ਜਗਤ) ਭੁਲਾ ਹੋਇਆ ਹੈ। (ਹੇ ਪ੍ਰਭੂ ! ਜੀ ਜੇ ਤੁਸੀਂ ਮੇਰੇ ਉਤੇ) ਸਦਾ ਦਇਆ ਕਰਦੇ ਰਹੋ, ਤਦ ਹੀ ਮੈਂ ਤੇਰਾ ਨਾਮ ਸਿਮਰਦਾ ਰਹਾਂਗਾ (ਤੇਰੀ ਦਇਆ ਤੋਂ ਬਿਨਾ ਨਾਮ ਸਿਮਰਿਆ ਨਹੀਂ ਜਾ ਸਕਦਾ)।੧। (ਹੇ ਪ੍ਰਭੂ !) ਤੇਰਾ ਨਾਮ ਸੱਚਾ ਹੈ ਅਤੇ ਸਦਾ ਮੇਰੇ ਮਨ ਵਿਚ ਚੰਗਾ ਲਗਦਾ ਹੈ। (ਇਸ ਨਾਮ ਦੇ ਜਪਣ ਨਾਲ) ਦੁੱਖ ਦੂਰ ਹੋ ਗਿਆ ਤੇ (ਮਨ ਵਿਚ) ਸੁਖ ਆ ਕੇ ਸਮਾ (ਟਿਕ) ਗਿਆ ਹੈ। (ਹੇ ਪ੍ਰਭੂ ! ਤੇਰਾ ਜਸ) ਦੈਵੀ ਪੁਰਖ, ਸੁਚੱਜੇ ਤੇ ਸਿਆਣੇ ਪੁਰਖ ਵੀ ਗਾਉਂਦੇ ਹਨ। (ਉਹ ਹੀ) ਦੈਵੀ ਪੁਰਖ, ਸੁਚੱਜੇ ਤੇ ਸਿਆਣੇ ਪੁਰਖ (ਤੇਰਾ ਜਸ) ਗਾਉਂਦੇ ਹਨ, ਜੋ ਤੇਰੇ ਮਨ ਵਿਚ ਚੰਗੇ ਲਗਦੇ ਹਨ। (ਪਰ) ਮਾਇਆ ਦੇ ਮੋਹੇ ਹੋਏ ਮਨੁੱਖ (ਤੈਨੂੰ) ਨਹੀਂ ਸਿਮਰਦੇ, (ਉਹ ਅਪਣਾ ਮਨੁੱਖਾ) ਜਨਮ ਬਿਅਰਥ ਗਵਾ ਲੈਂਦੇ ਹਨ। ਕਈ ਮਹਾਂ ਮੂਰਖ (ਤੈਨੂੰ) ਉਕਾ ਹੀ ਯਾਦ ਨਹੀਂ ਕਰਦੇ, (ਉਹ ਜਾਣਦੇ ਹੀ ਨਹੀਂ ਕਿ ਸੰਸਾਰ ਵਿਚ) ਜੋ ਆਇਆ ਹੈ, ਉਸ ਨੇ (ਅੰਤ ਇਥੋਂ) ਚਲੇ ਜਾਣਾ ਹੈ। ਤੇਰਾ ਨਾਮ ਸਦਾ ਸੱਚਾ (ਸਦਾ ਥਿਰ ਰਹਿਣ ਵਾਲਾ) ਹੈ, ਉਹ (ਨਾਮ) ਮੇਰੇ ਮਨ ਵਿਚ ਚੰਗਾ ਲਗਦਾ ਹੈ।੨।

ਪਦਾਰਥ = ਵਖਾਣਾ-ਮੈਂ ਉਚਾਰਦਾ ਰਹਾਂ। ਉਪਾਈਐ-ਪੈਦਾ ਕੀਤੀ ਹੈ। ਸਰਬ-ਸਾਰੀ (ਸ੍ਰਿਸਟੀ) ਵਿਚ। ਸਮਾਣਾ-ਸਮਾ ਰਿਹਾ ਹੈਂ। ਉਪਾਇ-ਪੈਦਾ ਕਰਕੇ। ਧੰਧੈ-ਧੰਧਿਆਂ (ਮਾਇਆ ਕਮਾਉਣ ਦੀ ਦੌੜ ਭੱਜ) ਵਿਚ। ਇਕਿ-ਕਈ (ਅਨੇਕ)। ਤੁਝ ਹੀ-ਤੈਂ ਹੀ। ਕੀਏ-ਬਣਾ ਦਿਤੇ; ਪੈਦਾ ਕੀਤੇ। ਇਕਨਾ-ਕਈਆਂ (ਜੀਵਾਂ) ਨੂੰ। ਭਿਖ-ਭੀਖ। ਭਵਾਈਆ-ਭਵਾ (ਘੁਮਾ) ਰਿਹਾ ਹੈਂ। ਏਤੁ ਭਰਮਿ-ਇਸ ਭਰਮ ਵਿਚ। ਭੁਲਾਣਾ-ਭੁਲਾ (ਕੁਰਾਹੇ ਪਿਆ) ਹੋਇਆ ਹੈ। ਤਾਮਿ-ਤਦ ਹੀ।੧। ਸਾਚਾ-ਸਦਾ ਥਿਰ ਰਹਿਣ ਵਾਲਾ। ਮੈ ਮਨਿ-ਮੇਰੇ ਮਨ ਵਿਚ। ਭਾਣਾ-ਚੰਗਾ ਲਗਦਾ ਹੈ। ਆਇ ਸਮਾਣਾ-ਆ ਕੇ ਸਮਾ ਗਿਆ। ਸੁਰਿ ਨਰ-ਦੈਵੀ ਪੁਰਖ। ਸੁਘੜ-ਸੁਚੱਜਾ ਪੁਰਖ; ਸਿਆਣਾ। ਸੁਜਾਣਾ-ਬੁੱਧੀ ਵਾਨ; ਸਿਆਣਾ। ਭਾਵਹੇ-ਚੰਗੇ ਲਗਦੇ ਹਨ। ਚੇਤਹਿ ਨਾਹੀ-ਸਿਮਰਦੇ ਨਹੀਂ। ਅਹਿਲਾ-ਬਿਅਰਥ; ਸ੍ਰੇਸਟ। ਗਵਾਵਹੇ -ਗਵਾ ਲੈਂਦੇ ਹਨ। ਮੂੜ ਮੁਗਧ-ਮਹਾਂ ਮੂਰਖ। ਮੂਲੇ-ਉਕਾ ਹੀ। ਆਇਆ-ਜੰਮਿਆ। ਜਾਣਾ-ਮਰ ਜਾਣਾ ਹੈ। ਸੋਇ-ਉਹ।੨।

ਤੇਰਾ ਵਖਤੁ ਸੁਹਾਵਾ, ਅੰਮ੍ਰਿਤੁ ਤੇਰੀ ਬਾਣੀ ॥ ਸੇਵਕ ਸੇਵਹਿ ਭਾਉ ਕਰਿ, ਲਾਗਾ ਸਾਉ ਪਰਾਣੀ ॥ ਸਾਉ ਪ੍ਰਾਣੀ ਤਿਨਾ ਲਾਗਾ, ਜਿਨੀ ਅੰਮ੍ਰਿਤੁ ਪਾਇਆ ॥ ਨਾਮਿ ਤੇਰੈ ਜੋਇ ਰਾਤੇ, ਨਿਤ ਚੜਹਿ ਸਵਾਇਆ ॥ ਇਕੁ ਕਰਮੁ ਧਰਮੁ ਨ ਹੋਇ ਸੰਜਮੁ ,ਜਾਮਿ ਨ ਏਕੁ ਪਛਾਣੀ ॥ ਵਖਤੁ ਸਾਹਾਵਾ ਸਦਾ ਤੇਰਾ, ਅੰਮ੍ਰਿਤ ਤੇਰੀ ਬਾਣੀ ॥੩॥ (ਹੇ ਪ੍ਰਭੂ ! ਤੇਰੀ ਪ੍ਰਾਪਤੀ ਦਾ ਮਨੁੱਖਾ ਜਨਮ ਰੂਪ) ਸਮਾਂ ਤੇਰਾ ਬਖਸ਼ਿਆ ਹੋਇਆ ਸੁਹਾਵਣਾ ਹੈ; ਤੇਰਾ (ਉਹ) ਵੇਲਾ ਸੋਹਣਾ ਹੈ (ਜਦੋਂ ਤੂੰ ਯਾਦ ਆਵੇਂ) ਅਤੇ ਤੇਰੀ ਬਾਣੀ ਅੰਮ੍ਰਿਤ ਰੂਪ ਹੈ।(ਇਸ ਅੰਮ੍ਰਿਤ ਬਾਣੀ ਦਾ ਤੇ ਨਾਮ ਸਿਮਰਨ ਦਾ) ਅਨੰਦ ਉਨ੍ਹਾਂ ਪ੍ਰਾਣੀਆਂ ਨੂੰ ਮਿੱਠਾ ਲੱਗਾ ਹੈ, ਜੋ ਸੇਵਕ ਬਣ ਕੇ ਪ੍ਰੇਮ ਕਰਕੇ ਸੇਵਾ ਭਗਤੀ ਕਰਦੇ ਹਨ।ਉਨ੍ਹਾਂ ਪ੍ਰਾਣੀਆਂ ਨੂੰ ਅਨੰਦ ਮਿੱਠਾ ਲੱਗਾ ਹੈ, ਜਿਨ੍ਹਾਂ ਨੇ (ਨਾਮ ਰੂਪ) ਅੰਮ੍ਰਿਤ ਪਾਇਆ ਹੈ।ਜਿਹੜੇ ਮਨੁੱਖ ਨਾਮ ਵਿਚ ਰੰਗੇ ਹੋਏ ਹਨ, ਉਹ ਨਿਤ ਸਵਾਇਆ ਚੜ੍ਹਦੇ (ਸਦਾ ਵਧਦੇ ਫੁਲਦੇ) ਹਨ।ਜਦ ਤਕ ਮਨੁੱਖ ਇਕ ਪ੍ਰਭੂ ਨੂੰ ਪਛਾਨਣ ਵਾਲਾ ਨਹੀਂ ਬਣਦਾ, (ਉਦੋਂ ਤਕ ਉਸ ਦਾ ਕੀਤਾ) ਇਕ ਵੀ ਕਰਮ ਧਰਮ ਤੇ ਸੰਜਮ ਸਫਲ ਨਹੀਂ ਹੁੰਦਾ।(ਹੇ ਪ੍ਰਭੂ ! ਉਹ) ਤੇਰਾ ਵਖਤ ਸਦਾ ਸੁਹਾਵਣਾ ਹੈ, (ਜਦ ਤੂੰ ਯਾਦ ਆਵੇਂ) ਅਤੇ ਤੇਰੀ ਬਾਣੀ ਅੰਮ੍ਰਿਤ ਰੂਪ ਹੈ।੩।

ਅੰਗ ੫੬੭ = ਹਉ ਬਲਿਹਾਰੀ ਸਾਚੇ ਨਾਵੈ ॥ ਰਾਜੁ ਤੇਰਾ ਕਬਹੁ ਨ ਜਾਵੈ ॥ ਰਾਜੋ ਤ ਤੇਰਾ ਸਦਾ ਨਿਹਚਲੁ ,ਏਹੁ ਕਬਹੁ ਨ ਜਾਵਏ ॥ ਚਾਕਰੁ ਤ ਤੇਰਾ ਸੋਇ ਹੋਵੈ, ਜੋਇ ਸਹਜਿ ਸਮਾਵਏ ॥ ਦੁਸਮਨੁ ਤ ਦੂਖੁ ਨ ਲਗੈ ਮੂਲੇ, ਪਾਪੁ ਨੇੜਿ ਨ ਆਵਏ ॥ ਹਉ ਬਲਿਹਾਰੀ ਸਦਾ ਹੋਵਾ, ਏਕ ਤੇਰੇ ਨਾਵਏ ॥੪॥ (ਹੇ ਪ੍ਰਭੂ ! ਤੇਰੇ) ਸੱਚੇ ਨਾਮ ਤੋਂ ਮੈਂ ਕੁਰਬਾਨ ਜਾਂਦਾ ਹਾਂ।ਤੇਰਾ ਰਾਜ ਕਦੇ ਨਹੀਂ ਜਾਂਦਾ (ਨਹੀਂ ਮਿਟਦਾ)।ਤੇਰਾ ਰਾਜ ਤਾਂ ਸਦਾ ਅਟੱਲ ਹੈ, ਏਹ ਕਦੇ ਨਹੀਂ ਜਾਂਦਾ (ਸਦਾ ਕਾਇਮ ਰਹਿੰਦਾ ਹੈ)।ਤੇਰਾ ਸੇਵਕ ਉਹ ਹੀ ਹੁੰਦਾ ਹੈ, ਜਿਹੜਾ ਸਹਿਜ ਅਵਸਥਾ ਵਿਚ ਸਮਾ ਜਾਂਦਾ ਹੈ।(ਤੇਰੇ ਸੇਵਕ ਨੂੰ) ਦੁਸ਼ਮਨ ਅਤੇ ਦੁਖ ਉਕਾ ਹੀ ਨਹੀਂ ਲਗ ਸਕਦਾ, ਨਾ ਹੀ ਪਾਪ (ਉਸ ਦੇ) ਨੇੜੇ ਆ ਸਕਦਾ ਹੈ।ਮੈਂ ਤੇਰੇ ਇਕ ਨਾਮ ਤੋਂ ਸਦਾ ਬਲਹਾਰ ਹੁੰਦਾ ਹਾਂ।੪।

ਪਦਾਰਥ = ਵਖਤੁ–ਸਮਾਂ (ਮਨੁੱਖਾ ਜਨਮ ਦਾ; ਸਤ ਸੰਗਤ ਕਰਨ ਦਾ; ਅੰਮਿਤ ਵੇਲਾ)।ਸੁਹਾਵਾ–ਸੋਹਣਾ।ਸੇਵਹਿ–ਸੇਵਾ ਭਗਤੀ ਕਰਦੇ ਹਨ।ਭਾਉ ਕਰਿ–ਪ੍ਰੇਮ ਕਰਕੇ।ਲਾਗਾ ਸਾਉ–ਅਨੰਦ ਲਗਦਾ ਹੈ।ਪਰਾਣੀ–ਮਨੁੱਖਾਂ ਨੂੰ।ਤਿਨਾ–ਉਨ੍ਹਾਂ ਨੂੰ।ਜਿਨੀ–ਜਿਨ੍ਹਾਂ ਨੇ। ਜੋਇ–ਜਿਹੜੇ।ਰਾਤੇ–ਰੰਗੇ ਹਨ; ਜੁੜੇ ਹਨ।ਨਿਤ–ਸਦਾ।ਚੜਹਿ ਸਵਾਇਆ–ਵਧਦੇ ਫੁਲਦੇ ਹਨ।ਇਕੁ–ਕੋਈ ਵੀ।ਸੰਜਮੁ–ਇੰਦ੍ਰੀਆਂ ਨੂੰ ਕਾਬੂ ਕਰਨ ਦਾ ਸਾਧਨ।ਜਾਮਿ–ਜਦ ਤਕ।ਏਕੁ–ਇਕ ਪ੍ਰਭੂ ਨੂੰ।ਪਛਾਣੀ–ਪਛਾਨਣ ਵਾਲੇ।੩।ਹਉ–ਮੈਂ।ਸਾਚੇ ਨਾਵੈ–ਸੱਚੇ ਨਾਮ ਤੋਂ।ਰਾਜੁ–ਹਕੂਮਤ; ਹੁਕਮ।ਕਬਹੁ–ਕਦੇ ਵੀ।ਨ ਜਾਵੈ–ਨਹੀਂ ਜਾਂਦਾ (ਨਾਸ਼ ਨਹੀਂ ਹੁੰਦਾ)।ਨਿਹਚਲੁ–ਅਟੱਲ।ਨ ਜਾਵਏ–ਨਹੀਂ ਜਾਂਦਾ।ਚਾਕਰੁ–ਸੇਵਕ।ਤ–ਤਾਂ; ਅਤੇ।ਸੋਇ–ਉਹ ਹੀ।ਸਹਜਿ–ਸਹਿਜ (ਆਤਮਕ ਅਡੋਲ) ਅਵਸਥਾ ਵਿਚ।ਸਮਾਵਏ–ਲੀਨ ਹੁੰਦਾ ਹੈ।ਮੂਲੇ–ਉਕਾ ਹੀ; ਬਿਲਕੁਲ।ਨੇੜਿ–ਨੇੜੇ।ਨ ਆਵਏ–ਨਹੀਂ ਆਉਂਦਾ।ਨਾਵਏ–ਨਾਮ ਤੋਂ।੪।

ਜੁਗਹ ਜੁਗੰਤਰਿ ਭਗਤ ਤੁਮਾਰੇ ॥ ਕੀਰਤਿ ਕਰਹਿ ਸੁਆਮੀ ਤੇਰੈ ਦੁਆਰੇ ॥ ਜਪਹਿ ਤ ਸਾਚਾ ਏਕੁ ਮੁਰਾਰੇ ॥ ਸਾਚਾ ਮੁਰਾਰੇ ਤਾਮਿ ਜਾਪਹਿ, ਜਾਮਿ ਮੰਨਿ ਵਸਾਵਹੇ ॥ ਭਰਮੋ ਭੁਲਾਵਾ ਤੁਝਹਿ ਕੀਆ, ਜਾਮਿ ਏਹੁ ਚੁਕਾਵਹੇ ॥ ਗੁਰ ਪਰਸਾਦੀ ਕਰਹੁ ਕਿਰਪਾ, ਲੇਹੁ ਜਮਹੁ ਉਬਾਰੇ ॥ ਜੁਗਹ ਜੁਗੰਤਰਿ ਭਗਤ ਤੁਮਾਰੇ ॥੫॥ ਵਡੇ ਮੇਰੇ ਮੇਰੇ ਸਾਹਿਬਾ ਅਲਖ ਅਪਾਰਾ ॥ ਕਿਉ ਕਰਿ ਕਰਉ ਬੇਨੰਤੀ, ਹਉ ਆਖਿ ਨ ਜਾਣਾ ॥ ਨਦਰਿ ਕਰਹਿ ਤਾ ਸਾਚੁ ਪਛਾਣਾ ॥ ਸਾਚੋ ਪਛਾਣਾ ਤਾਮਿ ਤੇਰਾ, ਜਾਮਿ ਆਪਿ ਬੁਝਾਵਹੇ ॥ ਦੂਖ ਭੂਖ ਸੰਸਾਰਿ ਕੀਏ, ਸਹਸਾ ਏਹੁ ਚੁਕਾਵਹੇ ॥ ਬਿਨਵੰਤਿ ਨਾਨਕੁ ਜਾਇ ਸਹਸਾ, ਬੁਝੈ ਗੁਰ ਬੀਚਾਰਾ ॥ ਵਡਾ ਸਾਹਿਬੁ ਹੈ, ਆਪਿ ਅਲਖ ਅਪਾਰਾ ॥੬॥ (ਹੇ ਪ੍ਰਭੂ !) ਜੁਗਾਂ ਜੁਗਾਂ ਦੇ ਅੰਦਰ ਤੇਰੇ ਭਗਤ ਹੋਏ ਹਨ।ਹੇ ਸੁਆਮੀ ! (ਉਹ) ਤੇਰੇ ਦੁਆਰੇ ਤੇ (ਖੜੇ ਤੇਰਾ) ਕੀਰਤਨ ਕਰਦੇ ਹਨ।ਹੇ ਸੱਚੇ ਪ੍ਰਭੂ ! (ਉਹ) ਤਾਂ ਇਕ ਤੈਨੂੰ ਹੀ ਜਪਦੇ ਹਨ।ਹੇ ਸੱਚੇ ਪ੍ਰਭੂ ! (ਉਹ) ਤੈਨੂੰ ਤਦੋਂ ਹੀ ਜਪਦੇ ਹਨ, ਜਦੋਂ (ਤੂੰ ਉਨ੍ਹਾਂ ਦੇ) ਮਨ ਵਿਚ ਨਾਮ ਵਸਾ ਦੇਂਦਾ ਹੈਂ।(ਮਾਇਆ ਦਾ) ਭਰਮ ਭੁਲੇਖਾ ਤੈਂ ਹੀ ਪੈਦਾ ਕੀਤਾ ਹੋਇਆ ਹੈ, ਜਦੋਂ ਤੂੰ ਇਹ (ਭਰਮ ਭੁਲਾਵਾ) ਦੂਰ ਕਰ ਦੇਂਦਾ ਹੈਂ (ਤਾਂ ਹੀ ਉਹ ਨਾਮ ਜਪ ਸਕਦੇ ਹਨ।ਹੇ ਪ੍ਰਭੂ !) ਗੁਰੂ ਦੀ ਕਿਰਪਾ ਨਾਲ (ਮੇਰੇ ਤੇ ਵੀ) ਕਿਰਪਾ ਕਰੋ ਅਤੇ (ਮੈਨੂੰ) ਜਮ ਤੋਂ ਬਚਾ ਲਵੋ।ਜੁਗਾਂ ਜੁਗਾਂ ਵਿਚ ਤੇਰੇ ਭਗਤ ਹੋਏ ਹਨ।੫।ਹੇ ਮੇਰੇ ਵੱਡੇ ਸਾਹਿਬ ! ਤੂੰ ਅਲੱਖ ਤੇ ਪਾਰ ਰਹਿਤ ਹੈਂ।ਮੈਂ (ਤੇਰੇ ਅੱਗੇ) ਕਿਸ ਤਰ੍ਹਾਂ ਬੇਨਤੀ ਕਰਾਂ, (ਕਿਉਂਕਿ ਮੈਂ ਕੁਛ) ਕਹਿਣ ਨਹੀਂ ਜਾਣਦਾ (ਮੈਨੂੰ ਬੇਨਤੀ ਕਰਨ ਦੀ ਜਾਚ ਨਹੀਂ।ਜੇ ਤੂੰ ਮੇਹਰ ਦੀ) ਨਜਰ ਕਰ ਦੇਵੇਂ ਤਾਂ ਮੈਂ ਸੱਚ ਸਰੂਪ ਨੂੰ ਪਛਾਣ ਸਕਦਾ ਹਾਂ।ਤੇਰਾ ਸੱਚਾ ਸਰੂਪ ਮੈਂ ਤਦ ਹੀ ਪਛਾਣ ਸਕਦਾ ਹਾਂ, ਜਦੋਂ ਤੂੰ ਆਪ ਮੈਨੂੰ ਸਮਝਾ ਦੇਵੇਂ।ਸੰਸਾਰ ਵਿਚ ਦੁਖ ਭੁਖ ਤੇਰੇ ਹੀ ਪੈਦਾ ਕੀਤੇ ਹੋਏ ਹਨ, ਇਹ ਸੰਸਾ ਦੂਰ ਕਰ ਦੇਵੇਂ

(ਤਾਂ ਤੈਨੂੰ ਪਛਾਣ ਸਕਦਾ ਹਾਂ)। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ (ਜੋ ਮਨੁੱਖ) ਗੁਰੂ ਦੀ ਬਿਚਾਰ ਨੂੰ ਸਮਝ ਲੈਂਦਾ ਹੈ (ਉਸ ਦਾ) ਭਰਮ ਦੂਰ ਹੋ ਜਾਂਦਾ ਹੈ। (ਫਿਰ ਉਹ ਜਾਣ ਲੈਂਦਾ ਹੈ ਕਿ) ਸਾਹਿਬ ਵੱਡਾ ਹੈ ਅਤੇ ਉਹ ਆਪ ਅਲੱਖ ਤੇ ਪਾਰ ਰਹਿਤ ਹੈ।੬।

ਪਦਾਰਥ = ਜੁਗਹ ਜੁਗੰਤਰਿ–ਹਰੇਕ ਜੁਗ ਦੇ ਅੰਦਰ। ਕੀਰਤਿ–ਕੀਰਤਨ। ਦੁਆਰੇ–ਦਰ ਉਤੇ। ਤ–ਤਾਂ। ਸਾਚਾ ਮੁਰਾਰੇ–ਹੇ ਸੱਚੇ ਪ੍ਰਭੂ! । ਤਾਮਿ–ਤਦੋਂ। ਜਾਮਿ–ਜਦੋਂ। ਮੰਨਿ–ਮਨ ਵਿਚ। ਵਸਾਵਹੇ–ਵਸਾ ਦੇਂਦਾ ਹੈਂ। ਭਰਮੋ ਭੁਲਾਵਾ–ਭਰਮ ਭੁਲੇਖਾ। ਤੁਝਹਿ–ਤੈਂ ਹੀ। ਕੀਆ–ਪੈਦਾ ਕੀਤਾ ਹੈ। ਚੁਕਾਵਹੇ–ਦੂਰ ਕਰ ਦੇਂਦਾ ਹੈ। ਗੁਰ ਪਰਸਾਦੀ–ਗੁਰੂ ਦੀ ਕਿਰਪਾ ਨਾਲ। ਜਮਹੁ–ਜਮ ਤੋਂ। ਲੇਹੁ ਉਬਾਰੇ–ਬਚਾ ਲਵੋ। ੫। ਅਲਖ–(ਅਲੱਖ ਬੋਲੋ) ਜਿਸ ਨੂੰ ਸਮਝਿਆ ਨ ਜਾ ਸਕੇ; ਅਦ੍ਰਿਸ਼ਟ। ਅਪਾਰਾ–ਪਾਰ ਰਹਿਤ। ਕਿਉ ਕਰਿ–ਕਿਸ ਤਰ੍ਹਾਂ। ਹਉ–ਮੈਂ। ਕਰਉ–ਮੈਂ ਕਰਾਂ। ਆਖਿ ਨ ਜਾਣਾ–ਕਹਿਣ ਨਹੀਂ ਜਾਣਦਾ। ਨਦਰਿ–ਮੇਹਰ ਦੀ ਨਜਰ। ਤਾ–ਤਦ। ਬੁਝਾਵਹੇ–ਸਮਝਾ ਦੇਵੇਂ। ਸੰਸਾਰਿ–ਸੰਸਾਰ ਵਿਚ। ਕੀਏ–ਪੈਦਾ ਕੀਤੇ ਹਨ। ਸਹਸਾ–ਭਰਮ। ਚੁਕਾਵਹੇ–ਦੂਰ ਕਰ ਦੇਵੇਂ। ਬਿਨਵੰਤਿ–ਬੇਨਤੀ ਕਰਦਾ ਹੈ।੬।

ਤੇਰੇ ਬੰਕੇ ਲੋਇਣ ਦੰਤ ਰੀਸਾਲਾ ॥ ਸੋਹਣੇ ਨਕ ਜਿਨ ਲੰਮੜੇ ਵਾਲਾ ॥ ਕੰਚਨ ਕਾਇਆ ਸੁਇਨੇ ਕੀ ਢਾਲਾ ॥ ਸੋਵੰਨ ਢਾਲਾ ਕ੍ਰਿਸਨ ਮਾਲਾ, ਜਪਹੁ ਤੁਸੀ ਸਹੇਲੀਹੋ ॥ ਜਮ ਦੁਆਰਿ ਨ ਹੋਹੁ ਖੜੀਆ, ਸਿਖ ਸੁਣਹੁ ਮਹੇਲੀਹੋ ॥ ਹੰਸ ਹੰਸਾ ਬਗ ਬਗਾ, ਲਹੈ ਮਨ ਕੀ ਜਾਲਾ ॥ ਬੰਕੇ ਲੋਇਣ ਦੰਤ ਰੀਸਾਲਾ ॥੭॥ ਤੇਰੀ ਚਾਲ ਸੁਹਾਵੀ, ਮਧੁਰਾੜੀ ਬਾਣੀ ॥ ਕੁਹਕਨਿ ਕੋਕਿਲਾ ਤਰਲ ਜੁਆਣੀ ॥ ਤਰਲਾ ਜੁਆਣੀ ਆਪਿ ਭਾਣੀ, ਇਛ ਮਨ ਕੀ ਪੂਰੀਏ ॥ ਸਾਰੰਗ ਜਿਉ ਪਗੁ ਧਰੈ ਠਿਮਿ ਠਿਮਿ, ਆਪਿ ਆਪੁ ਸੰਧੂਰਏ ॥ ਸ੍ਰੀ ਰੰਗ ਰਾਤੀ ਫਿਰੈ ਮਾਤੀ, ਉਦਕੁ ਗੰਗਾ ਵਾਣੀ ॥ ਬਿਨਵੰਤਿ ਨਾਨਕੁ ਦਾਸੁ ਹਰਿ ਕਾ, ਤੇਰੀ ਚਾਲ ਸੁਹਾਵੀ ਮਧੁਰਾੜੀ ਬਾਣੀ ॥੮॥੨॥ (ਹੇ ਪ੍ਰਭੂ!) ਤੇਰੇ ਸੁੰਦਰ ਨੈਣ ਹਨ ਅਤੇ ਦੰਦ ਵੀ ਸੁੰਦਰ ਹਨ। (ਆਪ ਜੀ ਐਸੇ ਹੋ) ਜਿਸ ਦਾ ਸੋਹਣਾ ਨੱਕ ਹੈ ਅਤੇ ਜਿਸ ਦੇ ਸੋਹਣੇ ਲੰਬੇ ਵਾਲ ਹਨ। (ਤੇਰਾ) ਸਰੀਰ ਸੋਨੇ ਵਾਂਗ ਚਮਕਦਾ (ਸੁੰਦਰ ਗੋਰਾ ਰੰਗ) ਹੈ, (ਮਾਨੋ ਦੇਹ) ਸੋਨੇ ਦੀ ਢਾਲੀ ਹੋਈ ਹੈ। (ਹਾਂ ਤੇਰੀ ਦੇਹ) ਸੋਨਾ ਢਾਲ ਕੇ ਬਣਾਈ ਹੋਈ ਹੈ ਅਤੇ (ਤੇਰੇ ਗਲ ਵਿਚ) ਕ੍ਰਿਸ਼ਨ ਵਾਲੀ (ਵਿਜੰਤੀ) ਮਾਲਾ ਹੈ, ਹੇ ਸਹੇਲੀਓ! (ਅਜੇਹੇ ਸੁੰਦਰ ਪ੍ਰਭੂ ਨੂੰ) ਤੁਸੀਂ ਜਪੋ। (ਉਸ ਨੂੰ ਜਪਣ ਕਰਕੇ ਤੁਸੀਂ) ਜਮ ਦੇ ਦਰ ਤੇ ਖੜੀਆਂ ਨਹੀਂ ਹੋਵੋਗੀਆਂ, ਹੇ ਇਸਤ੍ਰੀਓ! (ਗੁਰ ਸਿੱਖੋ! ਤੁਸੀਂ ਇਹ) ਸਿੱਖਿਆ ਸੁਣੋ। (ਪ੍ਰਭੂ ਨੂੰ ਜਪਣ ਨਾਲ) ਮਨ ਦੀ ਮੈਲ ਉਤਰ ਜਾਂਦੀ ਹੈ ਅਤੇ ਬਗਲਿਆਂ ਦੇ ਬਗਲੇ (ਵੱਡੇ ਪਖੰਡੀ ਵੀ) ਹੰਸਾਂ ਦੇ ਹੰਸ (ਮਹਾਨ ਸੰਤ) ਬਣ ਜਾਂਦੇ ਹਨ। ਹੇ ਪ੍ਰਭੂ! ਤੇਰੇ ਸੁੰਦਰ ਨੈਣ ਹਨ ਤੇ ਦੰਦ ਵੀ ਸੁੰਦਰ ਹਨ।੭। ਹੇ ਪ੍ਰਭੂ! ਤੇਰੀ ਚਾਲ ਬਹੁਤ ਸੋਹਣੀ ਹੈ ਅਤੇ ਤੇਰੀ ਬਾਣੀ (ਅਜੇਹੀ) ਮਿੱਠੀ ਹੈ। (ਕਿ ਮਾਨੋ) ਕੋਇਲਾਂ ਕੂਕਦੀਆਂ ਹਨ ਅਤੇ ਤੂੰ ਚਮਕਦੀ (ਸੁੰਦਰ) ਜਵਾਨੀ ਵਾਲਾ ਹੈਂ। (ਇਹ) ਚਮਕਦੀ ਜਵਾਨੀ ਆਪ ਨੂੰ ਚੰਗੀ ਲਗਦੀ ਹੈ, (ਦਰਸ਼ਨ ਦੇ ਕੇ ਸਾਡੇ) ਮਨ ਦੀਆਂ ਇਛਾਂ ਵੀ ਪੂਰੀਆਂ ਕਰੋ। (ਹੇ ਪ੍ਰਭੂ! ਤੂੰ) ਅਪਣੇ ਆਪ ਸੰਧੂਰੇ (ਜਾਂ ਮਸਤ) ਹੋਏ ਹਾਥੀ ਵਾਂਗ ਠੁਮਕ ਠੁਮਕ ਪੈਰ ਧਰਦਾ ਹੈਂ (ਤੇਰੀ ਤੋਰ ਬਹੁਤ ਸੁੰਦਰ ਹੈ। ਜੀਵ ਰੂਪ ਇਸਤ੍ਰੀ ਉਪਰ ਦੱਸੇ ਗੁਣਾਂ ਵਾਲੇ) ਪ੍ਰਭੂ ਦੇ ਪ੍ਰੇਮ ਵਿਚ ਮਸਤ ਹੋਈ ਫਿਰਦੀ (ਤੁਰਦੀ) ਹੈ, (ਉਹ) ਗੰਗਾ ਦੇ ਪਾਣੀ ਵਾਂਗ ਮਸਤ ਚਾਲ ਚਲਦੀ ਹੈ; (ਉਸ ਦਾ ਜੀਵਨ) ਗੰਗਾ ਦੇ ਪਾਣੀ ਵਾਂਗ ਨਿਰਮਲ ਹੋ ਗਿਆ ਹੈ। ਹਰੀ ਦਾ ਦਾਸ ਬੇਨਤੀ ਕਰਦਾ ਹੈ ਕਿ ਤੇਰੀ ਚਾਲ ਬਹੁਤ ਸੋਹਣੀ ਹੈ ਅਤੇ ਬਾਣੀ ਵੀ ਮਿੱਠੀ ਹੈ (ਤੇਰੇ ਬੋਲ ਬਹੁਤ ਪਿਆਰੇ ਹਨ)।੮।੨।

ਪਦਾਰਥ = ਬੰਕੇ–ਸੁੰਦਰ। ਲੋਇਣ–ਅੱਖਾਂ। ਦੰਤ–ਦੰਦ। ਰੀਸਾਲਾ–(ਰਸਾਂ ਦਾ ਘਰ) ਸੁੰਦਰ; ਮਨੋਹਰ। ਜਿਨ–ਜਿਸ ਦੇ। ਲੰਮੜੇ–ਸੋਹਣੇ ਲੰਬੇ। ਵਾਲਾ–ਵਾਲ (ਕੇਸ)। ਕੰਚਨ–ਸੋਨੇ ਦਾ। ਕਾਇਆ–ਸਰੀਰ। ਢਾਲਾ–ਢਾਲਿਆ ਹੋਇਆ। ਸੋਵੰਨ–ਸੋਨੇ ਦਾ। ਜਮ ਦੁਆਰਿ–ਜਮ ਦੇ ਦਰ ਤੇ। ਨ ਹੋਹੁ–ਨਹੀਂ ਹੋਵੋਗੀਆਂ। ਸਿਖ–ਸਿੱਖਿਆ। ਮਹੇਲੀਓ–ਹੇ ਜੀਵ ਰੂਪ ਇਸਤ੍ਰੀਓ!। ਹੰਸ ਹੰਸਾ–ਹੰਸਾਂ ਦੇ ਹੰਸ (ਮਹਾਨ ਸੰਤ)। ਬਗ ਬਗਾ–ਬਗਲਿਆਂ ਦੇ ਬਗਲੇ (ਵੱਡੇ ਠੱਗ)। ਲਹੈ–ਉਤਰ ਜਾਂਦੀ ਹੈ। ਜਾਲਾ–ਜੰਗਾਲ (ਮੈਲ)।੭। ਚਾਲ–ਤੋਰ। ਸੁਹਾਵੀ–ਸੋਹਣੀ। ਮਧੁਰਾੜੀ–ਸ਼ਹਿਦ ਵਰਗੀ ਮਿੱਠੀ। ਕੁਹਕਨਿ–ਕੂਕਦੀਆਂ ਹਨ। ਤਰਲ–ਚਮਕਦੀ; ਸੁੰਦਰ; ਚੰਚਲ। ਜੁਆਣੀ–ਜਵਾਨੀ। ਭਾਣੀ–ਚੰਗੀ ਲਗਦੀ ਹੈ। ਪੂਰੀਏ–ਪੂਰੀ ਕਰੋ। ਸਾਰੰਗ–ਹਾਥੀ। ਪਗੁ–ਪੈਰ। ਧਰੈ–ਧਰਦਾ ਹੈ। ਠਿਮਿ ਠਿਮਿ–ਠੁਮਕ ਠੁਮਕ ਕਰਕੇ; ਮਟਕ ਮਟਕ ਕਰਕੇ। ਸੰਧੂਰਏ–ਮਸਤ ਹੁੰਦਾ ਹੈ; ਮੱਥੇ ਤੇ ਸੰਧੂਰ ਲਾ ਕੇ ਸ਼ਿੰਗਾਰਿਆ ਹੋਇਆ। ਸ੍ਰੀ ਰੰਗ–(ਮਾਇਆ ਪਤੀ) ਪ੍ਰਭੂ। ਰਾਤੀ–ਪ੍ਰੇਮ ਵਿਚ ਰੰਗੀ ਹੋਈ। ਮਾਤੀ–ਮਸਤ। ਉਦਕੁ–ਪਾਣੀ। ਵਾਣੀ–ਵਾਂਗ; ਨਿਰਮਲ। ਬਿਨਵੰਤਿ–ਬੇਨਤੀ ਕਰਦਾ ਹੈ।੮।੨।

ਵਿਆਖਿਆ = ੧ ਤੋਂ ੬ ਅੰਕ ਤਕ ਪ੍ਰਭੂ ਦੇ ਗੁਣ ਦਸੇ ਹਨ ਤੇ ਅਰਦਾਸ ਕੀਤੀ ਹੈ। ਅੰਕ ੭ ਤੇ ੮ ਵਿਚ ਪ੍ਰਭੂ ਦਾ ਸਰੂਪ ਵਰਨਣ ਕੀਤਾ ਹੈ, ਜੋ ਸਮਝਣ ਵਿਚ ਕਿਸੇ ਦੇਹ ਧਾਰੀ ਦੇ ਗੁਣ ਜਾਪਦੇ ਹਨ। ਪਦ ਤੇਰੇ ਦਸਦਾ ਹੈ ਕਿ ਨਿਰੰਕਾਰ ਦਾ ਹੀ ਸਰੂਪ ਵਰਨਣ ਕਰ

ਰਹੇ ਹਨ ਜੋ ਗੁਰੂ ਨਾਨਕ ਦੇਵ ਜੀ ਦਾ ਗੁਰੂ ਹੈ {ਅਪਰੰਪਰ ਪਾਰਬ੍ਰਹਮੁ ਪਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ਪ੯੯}। ਪਰ ਨਿਰੰਕਾਰ ਤਾਂ ਅਲੱਖ ਅਗਮ ਅਕਾਰ ਰਹਿਤ ਹੈ, ਉਸ ਨੂੰ ਇਸ ਤਰ੍ਹਾਂ ਦੇਹ ਧਾਰੀ ਰੂਪ ਵਿਚ ਕਿਵੇਂ ਬਿਆਨ ਕਰ ਰਹੇ ਹਨ? ਵਾਸਤਵ ਵਿਚ ਗੁਰੂ ਨਾਨਕ ਦੇਵ ਜੀ ਕਿਸੇ ਸਾਕਾਰ ਮੂਰਤ, ਅਕਾਰ ਵਾਲੇ ਜਾਂ ਦੇਹ ਧਾਰੀ ਦੇ ਸਰੂਪ ਦਾ ਵਰਨਣ ਨਹੀਂ ਕਰ ਰਹੇ ਅਤੇ ਨਾ ਹੀ ਜਗਤ ਨੂੰ ਰੱਬ ਰੂਪ ਅਨੁਭਵ ਕਰ ਕੇ ਉਸ ਦਾ ਜਸ ਕਰ ਰਹੇ ਹਨ। ਆਰਤੀ ਵਿਚ ਉਹ ਪ੍ਰਭੂ ਨੂੰ 'ਸਹਸ ਤਵ ਨੈਨ' ਵਾਲਾ ਕਹਿੰਦੇ ਹਨ, ਪਰ ਨਾਲ ਹੀ 'ਨਨ ਨੈਨ ਹਹਿ ਤੋਹਿ ਕਉ' ਆਖ ਕੇ ਪ੍ਰਭੂ ਨੂੰ ਅਕਾਰ ਰਹਿਤ ਅਦ੍ਰਿਸ਼ਟ ਰੂਪ ਦਸ ਰਹੇ ਹਨ। ਗੁਰੂ ਨਾਨਕ ਦੇਵ ਜੀ ਪ੍ਰੇਮ ਭਰੇ ਭਾਵ ਵਿਚ ਵਿਆਪਕ ਰੱਬ ਨੂੰ ਅਪਣੀਆਂ ਅੱਖਾਂ ਨਾਲ ਦਰਸ਼ਨ ਕਰਨ ਦੀ ਚਾਹ ਵਰਨਣ ਕਰ ਰਹੇ ਹਨ। ਰੂਪ ਰੇਖ ਤੋਂ ਨਿਆਰੇ ਰੱਬ ਨੂੰ ਮਨੁੱਖੀ ਸਰੂਪ ਵਿਚ ਦੇਖਣ ਦੀ ਅਭਿਲਾਖਾ ਨੇ ਬੇਤਾਬ ਕਰ ਦਿਤਾ ਹੈ। ਅਪਣੇ ਸੁਰਤ ਮੰਡਲ ਵਿਚ ਸੱਚ ਸਰੂਪ ਰੱਬ ਨੂੰ ਸਰੀਰਕ ਅਕਾਰ ਵਾਲਾ ਦਸ ਕੇ ਗੁਣ ਗਾ ਰਹੇ ਹਨ। ਸਹੇਲੀਆਂ ਨੂੰ ਸਿਖਿਆ ਦੇ ਰਹੇ ਹਨ ਕਿ ਤੁਸੀਂ ਵੀ ਜਪੋ, ਫਿਰ ਜਮ ਦੇ ਦੁਆਰੇ ਨਹੀਂ ਜਾਵੋਗੀਆਂ। ਪ੍ਰਭੂ ਦੀ ਸੁੰਦਰਤਾ ਚੜ੍ਹਦੀ ਜਵਾਨੀ, ਸੋਨੇ ਵਰਗਾ ਗੋਰਾ ਰੰਗ, ਮਸਤ ਹਾਥੀ ਦੀ ਤੋਰ ਅਤੇ ਮਿੱਠੀ ਬਾਣੀ ਆਦਿ ਗੁਣ ਦਸ ਕੇ ਉਸ ਦੀ ਉਸਤਤੀ ਕਰਦੇ ਹਨ ਤੇ ਅਪਣੇ ਆਪ ਨੂੰ ਉਸ ਦਾ ਦਾਸ ਕਹਿ ਰਹੇ ਹਨ **(ਸੰ.ਪੋ. ਦਾ ਸਾਰੰਸ਼)।**

ਵਡਹੰਸੁ ਮਹਲਾ ੩ ਛੰਤ ੴ ਸਤਿਗੁਰ ਪ੍ਰਸਾਦਿ ॥ ਅਪਣੇ ਪਿਰ ਕੈ ਰੰਗਿ ਰਤੀ ਮੁਈਏ, ਸੋਭਾਵੰਤੀ ਨਾਰੇ ॥ ਸਚੈ ਸਬਦਿ ਮਿਲਿ ਰਹੀ ਮੁਈਏ, ਪਿਰੁ ਰਾਵੇ ਭਾਇ ਪਿਆਰੇ ॥ ਸਚੈ ਭਾਇ ਪਿਆਰੀ ਕੰਤਿ ਸਵਾਰੀ, ਹਰਿ ਹਰਿ ਸਿਉ ਨੇਹੁ ਰਚਾਇਆ ॥ ਆਪੁ ਗਵਾਇਆ ਤਾ ਪਿਰੁ ਪਾਇਆ, ਗੁਰ ਕੈ ਸਬਦਿ ਸਮਾਇਆ ॥ ਸਾ ਧਨ ਸਬਦਿ ਸੁਹਾਈ ਪ੍ਰੇਮ ਕਸਾਈ, ਅੰਤਰਿ ਪ੍ਰੀਤਿ ਪਿਆਰੀ ॥ ਨਾਨਕ ਸਾ ਧਨ ਮੇਲਿ ਲਈ ਪਿਰਿ ਆਪੇ, ਸਾਚੈ ਸਾਹਿ ਸਵਾਰੀ ॥੧॥ ਨਿਰਗੁਣਵੰਤੜੀਏ ਪਿਰੁ ਦੇਖਿ ਹਦੂਰੇ ਰਾਮ ॥ ਹੇ ਅਪਣੇ ਪਤੀ ਪ੍ਰਭੂ ਦੇ ਪਿਆਰ ਵਿਚ ਰੰਗੀ ਹੋਈ ਮਰ ਜਾਣੀਏ! (ਇਕ ਇਸਤ੍ਰੀ ਦੂਜੀ ਇਸਤ੍ਰੀ ਨੂੰ ਪਿਆਰ ਨਾਲ ਮਰ ਜਾਣੀਏ ਕਹਿੰਦੀ ਹੈ), ਹੇ ਸੋਭਾ ਵਾਲੀ ਪਿਆਰੀ ਇਸਤ੍ਰੀਏ!। ਸੱਚੇ ਗੁਰੂ ਦੇ ਸ਼ਬਦ ਵਿਚ ਮਿਲ ਰਹੀ ਹੇ ਪਿਆਰੀਏ! ਤੂੰ ਪਿਆਰੇ ਪਤੀ ਨੂੰ ਪਿਆਰ ਨਾਲ ਮਾਣ ਰਹੀ ਹੈਂ। (ਜੋ ਜੀਵ ਇਸਤ੍ਰੀ) ਸੱਚੇ ਪ੍ਰਭੂ ਪਤੀ ਦੇ ਪ੍ਰੇਮ ਵਿਚ ਰੰਗੀ ਹੋਈ ਹੈ, ਉਹ (ਪ੍ਰਭੂ ਪਤੀ ਨੂੰ) ਪਿਆਰੀ ਲਗਦੀ ਹੈ ਅਤੇ ਉਹ ਪ੍ਰਭੂ ਪਤੀ ਨੇ ਸਵਾਰ ਦਿਤੀ ਹੈ, (ਕਿਉਂਕਿ ਉਸ ਨੇ) ਹਰਿ ਹਰਿ ਨਾਮ ਨਾਲ ਪ੍ਰੇਮ ਰਚਾਇਆ ਹੈ। (ਉਸ ਨੇ) ਆਪਾ ਭਾਵ ਗਵਾ ਲਿਆ ਹੈ, ਤਾਂ ਹੀ (ਉਸ ਨੇ) ਪਤੀ ਪ੍ਰਭੂ ਨੂੰ ਪਾ ਲਿਆ ਹੈ ਅਤੇ (ਅਪਣਾ ਮਨ) ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਨਾਲ ਮਿਲਾ ਲਿਆ ਹੈ। ਪਤੀ ਪ੍ਰਭੂ ਦੇ ਪ੍ਰੇਮ ਦੀ ਖਿੱਚੀ ਹੋਈ ਉਹ ਜੀਵ ਰੂਪ ਇਸਤ੍ਰੀ ਗੁਰੂ ਦੇ ਸ਼ਬਦ ਦੁਆਰਾ ਸੋਹਣੇ ਜੀਵਨ ਵਾਲੀ ਹੋ ਗਈ ਹੈ, (ਕਿਉਂਕਿ ਉਸ ਦੇ) ਹਿਰਦੇ ਅੰਦਰ ਪਤੀ ਪ੍ਰਭੂ ਦੀ ਪਿਆਰੀ ਪ੍ਰੀਤ ਟਿਕੀ ਹੋਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ ਪਤੀ ਪ੍ਰਭੂ ਨੇ ਆਪੇ ਅਪਣੇ ਨਾਲ ਮਿਲਾ ਲਈ ਹੈ, (ਕਿਉਂਕਿ) ਸੱਚੇ ਪਾਤਸ਼ਾਹ ਨੇ (ਉਸ ਦਾ ਜੀਵਨ) ਸਵਾਰ ਦਿਤਾ ਹੈ।੧। ਹੇ ਗੁਣ ਹੀਣ (ਜੀਵ ਰੂਪ) ਇਸਤ੍ਰੀਏ! ਤੂੰ ਪਤੀ ਪ੍ਰਭੂ ਨੂੰ ਹਾਜਰ ਨਾਜਰ ਦੇਖ।

ਅੰਗ ਪ੬੮ = ਗੁਰਮੁਖਿ ਜਿਨੀ ਰਾਵਿਆ ਮੁਈਏ, ਪਿਰੁ ਰਵਿ ਰਹਿਆ ਭਰਪੂਰੇ ਰਾਮ ॥ ਪਿਰੁ ਰਵਿ ਰਹਿਆ ਭਰਪੂਰੇ ਵੇਖੁ ਹਜੂਰੇ, ਜੁਗਿ ਜੁਗਿ ਏਕੋ ਜਾਤਾ ॥ ਧਨ ਬਾਲੀ ਭੋਲੀ ਪਿਰੁ ਸਹਜਿ ਰਾਵੈ, ਮਿਲਿਆ ਕਰਮ ਬਿਧਾਤਾ ॥ ਜਿਨਿ ਹਰਿ ਰਸੁ ਚਾਖਿਆ ਸਬਦਿ ਸੁਭਾਖਿਆ, ਹਰਿ ਸਰਿ ਰਹੀ ਭਰਪੂਰੇ ॥ ਨਾਨਕ ਕਾਮਣਿ ਸਾ ਪਿਰ ਭਾਵੈ, ਸਬਦੇ ਰਹੈ ਹਦੂਰੇ ॥੨॥ ਹੇ ਪਿਆਰੀਏ! ਜਿਨ੍ਹਾਂ ਨੇ ਗੁਰੂ ਦੁਆਰਾ (ਪਤੀ ਪ੍ਰਭੂ ਦਾ) ਅਨੰਦ ਮਾਣਿਆ ਹੈ, ਉਨ੍ਹਾਂ ਨੂੰ (ਗਿਆਨ ਹੋ ਗਿਆ ਹੈ ਕਿ) ਪਤੀ ਪ੍ਰਭੂ ਸਭ ਜਗ੍ਹਾ ਭਰਪੂਰ ਵਿਆਪਕ ਹੋ ਰਿਹਾ ਹੈ। ਪਤੀ ਪ੍ਰਭੂ (ਸਭ ਜਗ੍ਹਾ) ਭਰਪੂਰ ਵਿਆਪਕ ਹੋ ਰਿਹਾ ਹੈ, (ਉਸ ਨੂੰ) ਹਾਜਰ ਨਾਜਰ ਦੇਖ, ਜੋ ਹਰੇਕ ਜੁਗ ਵਿਚ ਇਕ ਹੀ ਜਾਣਿਆ ਜਾਂਦਾ ਹੈ (ਜੁਗ ਬਦਲਣ ਨਾਲ ਉਹ ਬਦਲ ਨਹੀਂ ਜਾਂਦਾ)। ਜਿਹੜੀ ਇਸਤ੍ਰੀ ਸਿੱਧੀ ਸਾਦੀ ਹੈ, ਉਹ ਸੁਭਾਵਕ ਹੀ ਪਤੀ ਨੂੰ ਮਾਣਦੀ ਹੈ, (ਕਿਉਂਕਿ ਉਸ ਨੂੰ ਕਰਮਾਂ ਦਾ) ਫਲ ਪਰਦਾਤਾ ਪ੍ਰਭੂ ਮਿਲ ਪਿਆ ਹੈ। ਜਿਸ (ਜੀਵ ਇਸਤ੍ਰੀ) ਨੇ ਹਰੀ ਦਾ ਨਾਮ ਰਸ ਚੱਖਿਆ ਹੈ ਅਤੇ ਸ਼ਬਦ ਦੁਆਰਾ (ਹਰੀ ਦਾ ਜਸ) ਚੰਗੀ ਤਰ੍ਹਾਂ ਉਚਾਰਿਆ (ਗਾਇਆ) ਹੈ, ਉਹ ਹਰੀ ਦੇ ਸਰੋਵਰ (ਸਤ ਸੰਗਤ) ਵਿਚ (ਮਾਨਸਕ ਇਸ਼ਨਾਨ ਕਰਕੇ ਨਾਮ ਰਸ ਨਾਲ) ਭਰੀ ਰਹਿੰਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਚੰਗੀ ਲਗਦੀ ਹੈ, ਜੋ ਸ਼ਬਦ ਦੁਆਰਾ (ਉਸ ਦੀ) ਹਜੂਰੀ ਵਿਚ ਰਹਿੰਦੀ ਹੈ।੨।

ਪਦਾਰਥ = ਪਿਰ ਕੈ-ਪਤੀ ਦੇ। ਰੰਗਿ ਰਤੀ-ਪਿਆਰ ਵਿਚ ਰੰਗੀ ਹੋਈ। ਮੁਈਏ-ਹੇ ਮਰ ਜਾਣੀਏ; ਪਿਆਰੀਏ!। ਨਾਰੇ-ਹੇ ਇਸਤ੍ਰੀਏ!। ਸਚੈ-ਸੱਚੇ ਗੁਰੂ ਦੇ। ਰਾਵੇ-ਅਨੰਦ ਮਾਣ ਰਹੀ ਹੈਂ। ਭਾਇ-ਪਿਆਰ ਨਾਲ। ਕੰਤਿ-ਪਤੀ ਨੇ। ਸਵਾਰੀ-ਸਵਾਰ ਦਿਤੀ।

ਸਿਉ-ਨਾਲ।ਨੇਹੁ-ਪ੍ਰੇਮ।ਰਚਾਇਆ-ਲਾਇਆ।ਆਪੁ-ਆਪਾ ਭਾਵ (ਹੰਕਾਰ)।ਤਾ-ਤਾਂ; ਤਦ।ਸਮਾਇਆ-ਮਿਲਾ ਲਿਆ।ਸਾ-ਉਹ।ਧਨ- ਇਸਤ੍ਰੀ।ਸੁਹਾਈ-ਸੋਹਣੇ ਜੀਵਨ ਵਾਲੀ ਹੋ ਗਈ।ਪ੍ਰੇਮ ਕਸਾਈ-ਪ੍ਰੇਮ ਦੀ ਖਿੱਚੀ ਹੋਈ।ਅੰਤਰਿ-ਹਿਰਦੇ ਅੰਦਰ।ਪਿਰਿ-ਪਤੀ ਨੇ।ਸਾਚੈ ਸਾਹਿ-ਸੱਚੇ ਪਾਤਸ਼ਾਹ ਨੇ।੧।ਨਿਰਗੁਣਵੰਤੜੀਏ-ਹੇ ਗੁਣ ਹੀਣ ਇਸਤ੍ਰੀਏ!।ਹਦੂਰੇ-ਹਾਜਰ ਨਾਜਰ (ਅੰਗ ਸੰਗ)। ਪਿਰੁ-ਪਤੀ ਨੂੰ।ਗੁਰਮੁਖਿ-ਗੁਰੂ ਦੁਆਰਾ।ਜਿਨੀ-ਜਿਸ ਨੇ।ਰਾਵਿਆ-ਅਨੰਦ ਮਾਣਿਆ; ਸਿਮਰਿਆ।ਰਵਿ ਰਹਿਆ-ਵਿਆਪਕ ਹੋ ਰਿਹਾ ਹੈ।ਹਜੂਰੇ-ਹਾਜਰ ਨਾਜਰ।ਜੁਗਿ ਜੁਗਿ-ਹਰੇਕ ਜੁਗ ਵਿਚ।ਏਕੋ-ਇਕੋ ਪ੍ਰਭੂ।ਜਾਤਾ-ਜਾਣਿਆ ਜਾਂਦਾ ਹੈ।ਧਨ-ਇਸਤ੍ਰੀ। ਬਾਲੀ-ਬਾਲ ਅਵਸਥਾ ਵਾਲੀ (ਜਿਸ ਦੀ ਮੱਤ ਬੱਚਿਆਂ ਵਰਗੀ ਹੈ)।ਭੋਲੀ-ਸਿਧੀ ਸਾਦੀ; ਛਲ ਰਹਿਤ ਇਸਤ੍ਰੀ।ਸਹਜਿ-ਸੁਭਾਵਕ ਹੀ।ਕਰਮ ਬਿਧਾਤਾ-ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ।ਜਿਨਿ-ਜਿਸ ਨੇ।ਚਾਖਿਆ-ਖਾਧਾ (ਰਸ ਮਾਣਿਆ)।ਸੁਭਾਖਿਆ-ਚੰਗੀ ਤਰ੍ਹਾਂ ਉਚਾਰਿਆ।ਹਰਿ ਸਰਿ-ਹਰੀ ਦਾ ਸਰੋਵਰ (ਸਤ ਸੰਗਤ)।ਕਾਮਣਿ-ਇਸਤ੍ਰੀ।ਭਾਵੈ-ਚੰਗੀ ਲਗਦੀ ਹੈ।੨।

ਸੋਹਾਗਣੀ ਜਾਇ ਪੂਛਹੁ ਮੁਈਏ, ਜਿਨੀ ਵਿਚਹੁ ਆਪੁ ਗਵਾਇਆ ॥ ਪਿਰ ਕਾ ਹੁਕਮੁ ਨ ਪਾਇਓ ਮੁਈਏ, ਜਿਨੀ ਵਿਚਹੁ ਆਪੁ ਨ ਗਵਾਇਆ ॥ ਜਿਨੀ ਆਪੁ ਗਵਾਇਆ ਤਿਨੀ ਪਿਰੁ ਪਾਇਆ, ਰੰਗ ਸਿਉ ਰਲੀਆ ਮਾਣੈ ॥ ਸਦਾ ਰੰਗਿ ਰਾਤੀ ਸਹਜੇ ਮਾਤੀ, ਅਨਦਿਨੁ ਨਾਮੁ ਵਖਾਣੈ ॥ ਕਾਮਣਿ ਵਡਭਾਗੀ ਅੰਤਰਿ ਲਿਵ ਲਾਗੀ, ਹਰਿ ਕਾ ਪ੍ਰੇਮੁ ਸੁਭਾਇਆ ॥ ਨਾਨਕ ਕਾਮਣਿ ਸਹਜੇ ਰਾਤੀ, ਜਿਨਿ ਸਚੁ ਸੀਗਾਰੁ ਬਣਾਇਆ ॥੩॥ ਹਉਮੈ ਮਾਰਿ ਮੁਈਏ, ਤੂ ਚਲੁ ਗੁਰ ਕੈ ਭਾਏ ॥ ਹਰਿ ਵਰੁ ਰਾਵਹਿ ਸਦਾ ਮੁਈਏ, ਨਿਜ ਘਰਿ ਵਾਸਾ ਪਾਏ ॥ ਜਿਨ ਘਰਿ ਵਾਸਾ ਪਾਏ ਸਬਦੁ ਵਜਾਏ, ਸਦਾ ਸੁਹਾਗਣਿ ਨਾਰੀ ॥ ਪਿਰੁ ਰਲੀਆਲਾ ਜੋਬਨੁ ਬਾਲਾ, ਅਨਦਿਨੁ ਕੰਤਿ ਸਵਾਰੀ ॥ ਹਰਿ ਵਰੁ ਸੋਹਾਗੋ ਮਸਤਕਿ ਭਾਗੋ, ਸਚੈ ਸਬਦਿ ਸੁਹਾਏ ॥ ਨਾਨਕ ਕਾਮਣਿ ਹਰਿ ਰੰਗਿ ਰਾਤੀ, ਜਾ ਚਲੈ ਸਤਿਗੁਰ ਭਾਏ ॥੪॥੧॥ ਹੇ ਪਿਆਰੀਏ! ਉਨ੍ਹਾਂ ਸੁਹਾਗਣਾਂ ਤੋਂ (ਪਤੀ ਪ੍ਰਾਪਤੀ ਦਾ ਸਾਧਨ) ਜਾ ਕੇ ਪੁੱਛੋ, ਜਿਨਾਂ ਨੇ (ਮਨ) ਵਿਚੋਂ ਆਪਾ ਭਾਵ ਗੁਆ ਦਿਤਾ ਹੈ।ਹੇ ਪਿਆਰੀਏ! ਜਿਨ੍ਹਾਂ ਨੇ (ਅਪਣੇ ਮਨ ਵਿਚੋਂ) ਆਪਾ ਭਾਵ ਨਹੀਂ ਗਵਾਇਆ, ਉਨ੍ਹਾਂ ਨੇ ਪਤੀ ਪ੍ਰਭੂ ਦਾ ਹੁਕਮ ਨਹੀਂ ਪਾਇਆ (ਪਛਾਣਿਆ)।ਜਿਨ੍ਹਾਂ ਨੇ ਆਪਾ ਭਾਵ ਗਵਾ ਦਿਤਾ ਹੈ, ਉਨ੍ਹਾਂ ਨੇ ਪਤੀ ਪ੍ਰਭੂ ਨੂੰ ਪਾਇਆ, ਪ੍ਰੇਮ ਨਾਲ (ਉਹ ਪਤੀ ਦੇ ਮਿਲਾਪ ਦਾ) ਅਨੰਦ ਮਾਣਦੀਆਂ ਹਨ।(ਅਜੇਹੀ ਸੁਹਾਗਣ ਇਸਤ੍ਰੀ) ਸਦਾ ਪ੍ਰੇਮ ਵਿਚ ਰੰਗੀ ਹੋਈ ਸਹਿਜ ਅਵਸਥਾ (ਆਤਮਕ ਸੁਖ) ਵਿਚ ਮਸਤ ਹੋ ਕੇ ਦਿਨ ਰਾਤ ਹਰੀ ਦਾ ਨਾਮ ਸਿਮਰਦੀ ਹੈ।ਉਹ ਜੀਵ ਇਸਤ੍ਰੀ ਵੱਡੇ ਭਾਗਾਂ ਵਾਲੀ ਹੈ, ਜਿਸ ਦੇ ਹਿਰਦੇ ਅੰਦਰ (ਪਤੀ ਪ੍ਰਭੂ ਦੀ) ਲਿਵ ਲਗ ਗਈ ਅਤੇ ਹਰੀ ਦਾ ਪ੍ਰੇਮ ਚੰਗਾ ਲੱਗਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ ਸਹਿਜ ਅਵਸਥਾ ਵਿਚ ਮਸਤ ਰਹਿੰਦੀ ਹੈ, ਜਿਸ ਨੇ ਸੱਚੇ ਨਾਮ ਨੂੰ ਸਿੰਗਾਰ ਬਣਾਇਆ ਹੈ।੩।ਹੇ ਪਿਆਰੀਏ! ਤੂੰ ਹਉਮੈ ਨੂੰ ਮਾਰ ਕੇ ਗੁਰੂ ਦੀ ਮਰਜੀ ਅਨੁਸਾਰ ਚੱਲ।(ਫਿਰ ਤੂੰ) ਨਿਜ ਸਰੂਪ ਵਿਚ ਵਾਸਾ ਪਾ ਕੇ ਪਤੀ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦੀ ਰਹੇਂਗੀ।(ਉਹ) ਇਸਤ੍ਰੀ ਸਦਾ ਸੁਹਾਗਣੀ ਹੈ, (ਜਿਹੜੀ) ਨਿਜ ਸਰੂਪ ਵਿਚ ਵਾਸਾ ਪਾ ਕੇ (ਗੁਰੂ ਦੇ) ਸਬਦ ਨੂੰ ਉਚਾਰਦੀ ਹੈ।ਉਹ ਸਦਾ ਜੁਆਨ ਰਹਿਣ ਵਾਲਾ ਪਤੀ ਪ੍ਰਭੂ ਅਨੰਦ ਦੇਣ ਵਾਲਾ ਹੈ ਅਤੇ ਉਸ ਪਤੀ ਪ੍ਰਭੂ ਨੇ (ਉਸ ਜੀਵ ਇਸਤ੍ਰੀ ਦਾ ਜੀਵਨ) ਸਵਾਰ ਦਿਤਾ ਹੈ।(ਜਿਸ ਜੀਵ ਇਸਤ੍ਰੀ ਦੇ) ਮੱਥੇ ਤੇ ਚੰਗੇ ਭਾਗ ਹਨ, ਉਹ ਸੱਚੇ ਗੁਰੂ ਦੇ ਸ਼ਬਦ ਦੁਆਰਾ ਸੋਭਾ ਵਾਲੀ ਹੋ ਗਈ ਹੈ ਅਤੇ ਪਤੀ ਪ੍ਰਭੂ ਦਾ ਸੁਹਾਗ (ਉਸੇ ਨੂੰ) ਪ੍ਰਾਪਤ ਹੋਇਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੀਵ ਰੂਪ ਇਸਤ੍ਰੀ ਜਦ ਸਤਿਗੁਰੂ ਦੇ ਭਾਣੇ ਵਿਚ ਚਲਦੀ ਹੈ (ਤਾਂ ਉਹ) ਹਰੀ ਦੇ ਪ੍ਰੇਮ ਰੰਗ ਵਿਚ ਰੰਗੀ ਜਾਂਦੀ ਹੈ।੪।੧।

ਪਦਾਰਥ = ਸੁਹਾਗਣੀ-ਪਤੀ ਪ੍ਰਭੂ ਨੂੰ ਪ੍ਰਾਪਤ ਕਰ ਲੈਣ ਵਾਲੀ ਗੁਰਮੁਖ ਇਸਤ੍ਰੀ।ਜਾਇ-ਜਾ ਕੇ।ਮੁਈਏ-ਹੇ ਪਿਆਰੀਏ!; ਹੇ ਮਰ ਜਾਣੀਏ!।ਵਿਚਹੁ-(ਮਨ) ਵਿਚੋਂ।ਆਪੁ-ਆਪਾ ਭਾਵ (ਹੰਕਾਰ)।ਜਿਨੀ-ਜਿਨ੍ਹਾਂ ਨੇ।ਤਿਨੀ-ਉਨ੍ਹਾਂ ਨੇ।ਪਿਰੁ-ਪਤੀ ਨੂੰ।ਰੰਗ ਸਿਉ-ਪ੍ਰੇਮ ਨਾਲ।ਰਲੀਆ-ਅਨੰਦ।ਰੰਗਿ ਰਾਤੀ-ਪ੍ਰੇਮ ਰੰਗ ਵਿਚ ਰੰਗੀ ਹੋਈ।ਸਹਜੇ-ਸਹਿਜ ਅਵਸਥਾ ਵਿਚ।ਮਾਤੀ-ਮਸਤ ਹੋ ਕੇ।ਅਨ ਦਿਨ-ਰਾਤ ਦਿਨ।ਕਾਮਣਿ-ਇਸਤ੍ਰੀ।ਅੰਤਰਿ-ਹਿਰਦੇ ਅੰਦਰ।ਸੁਭਾਇਆ-ਚੰਗਾ ਲੱਗਾ; ਪਸੰਦ ਆਇਆ।ਸਚੁ-ਸੱਚੇ ਨਾਮ ਨੂੰ।੩ ।ਗੁਰ ਕੈ ਭਾਏ-ਗੁਰੂ ਦੀ ਮਰਜੀ ਅਨੁਸਾਰ।ਵਰੁ-ਪਤੀ।ਰਾਵਹਿ-ਅਨੰਦ ਮਾਣੇਂਗੀ।ਨਿਜ ਘਰਿ-ਨਿਜ ਸਰੂਪ (ਹਰੀ ਦੀ ਹਜੂਰੀ ਵਿਚ)।ਵਜਾਏ-ਉਚਾਰਦੀ ਹੈ।ਨਾਰੀ-ਇਸਤ੍ਰੀ।ਰਲੀਆਲਾ-ਅਨੰਦ ਦੇਣ ਵਾਲਾ।ਜੋਬਨੁ ਬਾਲਾ-ਸਦਾ ਜੁਆਨ ਰਹਿਣ ਵਾਲਾ।ਕੰਤਿ-ਪਤੀ ਨੇ।ਸਵਾਰੀ-ਜੀਵਨ ਸਵਾਰ ਦਿਤਾ।ਮਸਤਕਿ-ਮੱਥੇ ਤੇ।ਸੁਹਾਏ-ਸੋਭਾ ਵਾਲੀ।ਜਾ-ਜਦ।੪।੧।

ਵਡਹੰਸੁ ਮਹਲਾ ੩ ॥ ਗੁਰਮੁਖਿ ਸਭੁ ਵਾਪਾਰੁ ਭਲਾ, ਜੇ ਸਹਜੇ ਕੀਜੈ ਰਾਮ ॥ ਅਨਦਿਨੁ ਨਾਮੁ ਵਖਾਣੀਐ, ਲਾਹਾ ਹਰਿ ਰਸੁ ਪੀਜੈ

ਰਾਮ ॥ ਲਾਹਾ ਹਰਿ ਰਸੁ ਲੀਜੈ ਹਰਿ ਰਾਵੀਜੈ, ਅਨਦਿਨੁ ਨਾਮੁ ਵਖਾਣੈ ॥ ਗੁਣ ਸੰਗ੍ਰਹਿ ਅਵਗਣ ਵਿਕਣਹਿ, ਆਪੈ ਆਪੁ ਪਛਾਣੈ ॥ ਗੁਰਮਤਿ ਪਾਈ ਵਡੀ ਵਡਿਆਈ, ਸਚੈ ਸਬਦਿ ਰਸੁ ਪੀਜੈ ॥ ਨਾਨਕ ਹਰਿ ਕੀ ਭਗਤਿ ਨਿਰਾਲੀ, ਗੁਰਮੁਖਿ ਵਿਰਲੈ ਕੀਜੈ ॥੧॥ ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ, ਹਰਿ ਲੀਜੈ ਸਰੀਰਿ ਜਮਾਏ ਰਾਮ ॥ ਆਪਣੇ ਘਰ ਅੰਦਰਿ ਰਸੁ ਭੁੰਚਿ ਤੂ ,ਲਾਹਾ ਲੈ ਪਰਥਾਏ ਰਾਮ ॥ ਲਾਹਾ ਪਰਥਾਏ ਹਰਿ ਮੰਨਿ ਵਸਾਏ, ਧਨੁ ਖੇਤੀ ਵਾਪਾਰਾ ॥ ਹਰਿ ਨਾਮੁ ਧਿਆਏ ਮੰਨਿ ਵਸਾਏ, ਬੂਝੈ ਗੁਰ ਬੀਚਾਰਾ ॥ ਮਨਮੁਖ ਖੇਤੀ ਵਣਜ ਕਰਿ ਥਾਕੇ, ਤ੍ਰਿਸਨਾ ਭੁਖ ਨ ਜਾਏ ॥ ਨਾਨਕ ਨਾਮੁ ਬੀਜਿ ਮਨ ਅੰਦਰਿ, ਸਚੈ ਸਬਦਿ ਸੁਭਾਏ ॥੨॥ (ਹਰੀ ਦਾ ਨਾਮ ਆਪ ਜਪਣ ਤੇ ਹੋਰਨਾਂ ਤੋਂ ਜਪਾਉਣ ਨੂੰ ਲਾਹੇਵੰਦ ਵਪਾਰ ਦਸਦੇ ਹਨ) ਗੁਰਮੁਖ ਬਣ ਕੇ ਜੋ ਵੀ ਵਪਾਰ ਕਰਨਾ ਹੈ, ਉਹ ਸਭ ਚੰਗਾ ਹੈ, (ਪਰ) ਜੇ ਸਹਿਜ ਨਾਲ ਕੀਤਾ ਜਾਵੇ।(ਇਹ ਵਪਾਰ ਕਿਹੋ ਜਿਹਾ ਹੈ? ਪ੍ਰਭੂ ਦਾ) ਨਾਮ ਦਿਨ ਰਾਤ ਜਪਣਾ ਚਾਹੀਦਾ ਹੈ ਅਤੇ (ਇਸ ਵਪਾਰ ਵਿਚ) ਲਾਹਾ ਹਰੀ ਦਾ ਨਾਮ ਰਸ ਪੀ ਲਈਦਾ ਹੈ।(ਜੋ ਮਨੁੱਖ) ਦਿਨ ਰਾਮ ਨਾਮ ਸਿਮਰਦਾ ਹੈ, (ਉਸ ਵੱਲੋਂ) ਹਰੀ ਦਾ ਰਸ ਮਾਣਿਆ ਜਾਂਦਾ ਹੈ ਅਤੇ (ਇਸ ਨਾਮ ਦੇ ਵਪਾਰ ਵਿਚ) ਲਾਭ ਹਰੀ ਦਾ ਰਸ ਪ੍ਰਾਪਤ ਕਰ ਲਿਆ ਜਾਂਦਾ ਹੈ।(ਅਜੇਹਾ ਮਨੁੱਖ) ਸ਼ੁੱਭ ਗੁਣ ਇਕੱਠੇ ਕਰਦਾ ਹੈ ਤੇ ਅਪਣੇ ਆਪ ਨੂੰ ਪਛਾਣਦਾ ਹੈ, (ਇਸ ਤਰ੍ਹਾਂ ਉਸ ਦੇ) ਔਗਣ ਵਿਕ (ਦੂਰ ਹੋ) ਜਾਂਦੇ ਹਨ।(ਉਸ ਨੇ) ਗੁਰੂ ਦੀ ਸਿਖਿਆ ਦੁਆਰਾ ਵੱਡੀ ਵਡਿਆਈ ਪਾਈ ਹੈ, (ਇਸ ਲਈ ਹੇ ਭਾਈ!) ਸੱਚੇ ਗੁਰੂ ਦੇ ਸ਼ਬਦ ਦੁਆਰਾ (ਹਰੀ ਦਾ ਨਾਮ) ਰਸ ਪੀਣਾ ਚਾਹੀਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਦੀ ਭਗਤੀ ਅਨੋਖੀ ਹੈ, ਗੁਰਮੁਖ ਬਣ ਕੇ ਵਿਰਲੇ ਮਨੁੱਖ ਤੋਂ ਕੀਤੀ ਜਾਂਦੀ ਹੈ।੧।(ਹਰੀ ਦੀ ਭਗਤੀ ਨੂੰ ਖੇਤੀ ਦੇ ਨਫੇ ਦੇ ਰੂਪ ਵਿਚ ਵਰਨਣ ਕਰਦੇ ਹਨ।ਹੇ ਭਾਈ!) ਗੁਰੂ ਦੀ ਸ਼ਰਣ ਵਿਚ ਪੈ ਕੇ ਹਰੀ ਦੇ ਨਾਮ ਦੀ ਖੇਤੀ ਮਨ ਦੇ ਅੰਦਰ ਬੀਜ ਲੈ, ਹਰੀ ਦਾ ਨਾਮ ਸਰੀਰ ਵਿਚ ਉਗਾ ਲੈ।(ਹੇ ਭਾਈ!) ਤੂੰ ਅਪਣੇ ਹਿਰਦੇ ਘਰ ਦੇ ਅੰਦਰ (ਨਾਮ ਦਾ) ਰਸ ਛਕ, (ਇਸ ਦਾ) ਲਾਭ ਪ੍ਰਲੋਕ ਲਈ ਵੀ ਖੱਟ ਲੈ।(ਜੋ ਮਨੁੱਖ) ਹਰੀ ਨੂੰ ਮਨ ਵਿਚ ਵਸਾ ਲੈਂਦਾ ਹੈ, ਉਹ ਪ੍ਰਲੋਕ ਵਿਚ ਵੀ ਲਾਭ ਖੱਟਦਾ ਹੈ, (ਇਸ ਤਰ੍ਹਾਂ ਦਾ ਵਪਾਰ ਤੇ ਖੇਤੀ) ਧੰਨਤਾ ਦੇ ਯੋਗ ਹਨ।(ਇਸ ਲਈ ਮਨੁੱਖ ਨੂੰ ਚਾਹੀਦਾ ਹੈ ਕਿ ਉਹ) ਹਰੀ ਦਾ ਨਾਮ ਧਿਆਵੇ ਤੇ ਮਨ ਵਿਚ ਵਸਾਵੇ ਤੇ ਗੁਰੂ ਦੇ ਵਿਚਾਰ ਨੂੰ ਸਮਝੇ।ਮਨਮੁਖ ਲੋਕ (ਸੰਸਾਰਕ) ਖੇਤੀ ਤੇ ਵਪਾਰ ਕਰਕੇ ਥਕ ਜਾਂਦੇ ਹਨ, ਉਨ੍ਹਾਂ ਦੀ (ਮਾਇਕ) ਤ੍ਰਿਸ਼ਨਾ ਤੇ (ਪਦਾਰਥਾਂ ਦੀ) ਭੁੱਖ ਨਹੀਂ ਜਾਂਦੀ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ!) ਸੱਚੇ ਗੁਰੂ ਦੇ ਸ਼ਬਦ ਦੁਆਰਾ ਅਪਣੇ ਮਨ ਦੇ ਅੰਦਰ ਪ੍ਰੇਮ ਨਾਲ ਹਰੀ ਦਾ ਨਾਮ ਬੀਜ ਲੈ।੨।

ਪਦਾਰਥ = ਗੁਰਮੁਖਿ–ਗੁਰਮੁਖ ਬਣ ਕੇ; ਗੁਰੂ ਦੀ ਸ਼ਰਣ ਵਿਚ ਪੈ ਕੇ।ਭਲਾ–ਚੰਗਾ।ਸਹਜੇ–ਧੀਰਜ ਨਾਲ; ਸਿਆਣਪ ਨਾਲ; ਕੁਦਰਤੀ ਤਰੀਕੇ ਨਾਲ।ਕੀਜੈ–ਕੀਤਾ ਜਾਵੇ।ਅਨਦਿਨੁ–ਹਰ ਰੋਜ।ਵਖਾਣੀਐ–ਜਪਣਾ ਚਾਹੀਦਾ ਹੈ।ਲਾਹਾ–ਲਾਭ।ਪੀਜੈ–ਪੀ ਲਈਦਾ ਹੈ।ਰਾਵੀਜੈ–ਮਾਣਿਆ ਜਾਂਦਾ ਹੈ।ਸੰਗ੍ਰਹਿ–ਇਕੱਠਾ ਕਰਦਾ ਹੈ।ਵਿਕਣਹਿ–ਵਿਕ (ਦੂਰ ਹੋ) ਜਾਂਦੇ ਹਨ।ਆਪੈ ਆਪੁ–ਅਪਣੇ ਆਪ ਨੂੰ।ਗੁਰਮਤਿ–ਗੁਰੂ ਦੀ ਸਿੱਖਿਆ ਦੁਆਰਾ।ਨਿਰਾਲੀ–ਵੱਖਰੀ ਕਿਸਮ ਦੀ (ਜਿਸ ਦੇ ਬਰਾਬਰ ਦਾ ਕੋਈ ਹੋਰ ਧਾਰਮਕ ਕਰਮ ਨਹੀਂ); ਅਨੋਖੀ; ਅਸਚਰਜ।੧।ਅੰਤਰਿ–ਮਨ ਦੇ ਅੰਦਰ।ਸਰੀਰਿ–ਸਰੀਰ ਵਿਚ।ਲੀਜੈ ਜਮਾਇ–ਉਗਾ ਲੈ।ਘਰ–ਹਿਰਦਾ।ਭੁੰਚੁ–ਛਕ; ਖਾਹ।ਪਰਥਾਏ–ਪਰਾਈ ਥਾਂ (ਪਰਲੋਕ)।ਮੰਨਿ–ਮਨ ਵਿਚ।ਧਨੁ–ਧੰਨਤਾ ਯੋਗ।ਸੁਭਾਏ–ਪ੍ਰੇਮ ਨਾਲ; ਚੰਗੇ ਭਾਵ ਨਾਲ।੨।

ਹਰਿ ਵਾਪਾਰਿ ਸੇ ਜਨ ਲਾਗੇ, ਜਿਨਾ ਮਸਤਕਿ ਮਣੀ ਵਡਭਾਗੋ ਰਾਮ ॥ ਗੁਰਮਤੀ ਮਨੁ ਨਿਜ ਘਰਿ ਵਸਿਆ, ਸਚੈ ਸਬਦਿ ਬੈਰਾਗੋ ਰਾਮ ॥ ਮੁਖਿ ਮਸਤਕਿ ਭਾਗੋ ਸਚਿ ਬੈਰਾਗੋ, ਸਾਚਿ ਰਤੇ ਵੀਚਾਰੀ ॥ ਨਾਮ ਬਿਨਾ ਸਭੁ ਜਗੁ ਬਉਰਾਨਾ, ਸਬਦੈ ਹਉਮੈ ਮਾਰੀ ॥ (ਹੇ ਭਾਈ!) ਹਰੀ ਦੇ ਨਾਮ ਦੇ ਵਪਾਰ ਵਿਚ ਉਹ ਪੁਰਖ ਲੱਗੇ ਹਨ, ਜਿਨ੍ਹਾਂ ਦੇ ਮੱਥੇ ਤੇ ਵੱਡੇ ਭਾਗਾਂ ਦੀ ਮਣੀ ਹੁੰਦੀ ਹੈ।(ਉਨ੍ਹਾਂ ਦਾ) ਮਨ ਗੁਰੂ ਦੀ ਸਿੱਖਿਆ ਦੁਆਰਾ ਅਪਣੇ ਸਰੂਪ ਘਰ ਵਿਚ ਵਸ ਗਿਆ ਹੈ ਅਤੇ ਸੱਚੇ ਗੁਰੂ ਦੇ ਸ਼ਬਦ ਵਿਚ ਜੁੜ ਕੇ ਬੈਰਾਗੀ (ਦੁਨੀਆਂ ਤੋਂ ਤੋਂ ਉਪਰਾਮ) ਹੋ ਗਏ ਹਨ।(ਜਿਨ੍ਹਾਂ ਦੇ) ਮੂੰਹ ਮੱਥੇ ਉਤੇ ਚੰਗੇ ਭਾਗ ਹੁੰਦੇ ਹਨ, (ਉਹ) ਸੱਚੇ ਪ੍ਰਭੂ ਨਾਲ ਜੁੜ ਕੇ ਬੈਰਾਗੀ ਹੁੰਦੇ ਹਨ ਅਤੇ ਵਿਚਾਰਵਾਨ ਹੋ ਕੇ ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਨ।ਨਾਮ ਸਿਮਰਨ ਤੋਂ ਬਿਨਾ ਸਾਰਾ ਜਗਤ ਕਮਲਾ ਹੋਇਆ ਫਿਰਦਾ ਹੈ, (ਪਰ ਗੁਰਮੁਖਾਂ ਨੇ ਗੁਰੂ ਦੇ) ਸ਼ਬਦ ਵਿਚ ਜੁੜ ਕੇ ਹਉਮੈ ਮਾਰ ਦਿਤੀ ਹੈ।

ਅੰਗ ੫੬੯ = ਸਾਚੈ ਸਬਦਿ ਲਾਗਿ ਮਤਿ ਉਪਜੈ, ਗੁਰਮੁਖਿ ਨਾਮੁ ਸੋਹਾਗੋ ॥ ਨਾਨਕ ਸਬਦਿ ਮਿਲੈ ਭਉ ਭੰਜਨੁ ,ਹਰਿ ਰਾਵੈ ਮਸਤਕਿ ਭਾਗੋ ॥੩॥ ਖੇਤੀ ਵਣਜੁ ਸਭੁ ਹੁਕਮੁ ਹੈ, ਹੁਕਮੇ ਮੰਨਿ ਵਡਿਆਈ ਰਾਮ ॥ ਗੁਰਮਤੀ ਹੁਕਮੁ ਬੂਝੀਐ, ਹੁਕਮੇ ਮੇਲਿ ਮਿਲਾਈ ਰਾਮ ॥ ਹੁਕਮਿ ਮਿਲਾਈ ਸਹਜਿ ਸਮਾਈ, ਗੁਰ ਕਾ ਸਬਦੁ ਅਪਾਰਾ ॥ ਸਚੀ ਵਡਿਆਈ ਗੁਰ ਤੇ ਪਾਈ, ਸਚੁ ਸਵਾਰਣਹਾਰਾ

॥ ਭਉ ਭੰਜਨੁ ਪਾਇਆ ਆਪੁ ਗਵਾਇਆ, ਗੁਰਮੁਖਿ ਮੇਲਿ ਮਿਲਾਈ ॥ ਕਹੁ ਨਾਨਕ ਨਾਮੁ ਨਿਰੰਜਨੁ ਅਗਮੁ ਅਗੋਚਰੁ ,ਹੁਕਮੇ ਰਹਿਆ ਸਮਾਈ ॥੪॥੨॥ ਸੱਚੇ (ਗੁਰੂ ਦੇ) ਸ਼ਬਦ ਵਿਚ ਲਗਣ ਨਾਲ ਉਤਮ ਬੁੱਧੀ ਪੈਦਾ ਹੁੰਦੀ ਹੈ ਅਤੇ ਗੁਰੂ ਦੁਆਰਾ ਹਰੀ ਦਾ ਨਾਮ ਸੁਹਾਗ ਵੱਜੋਂ ਪ੍ਰਾਪਤ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਦੇ) ਮੱਥੇ ਤੇ ਚੰਗੇ ਭਾਗ ਹਨ, (ਉਹ) ਹਰੀ ਦਾ ਨਾਮ ਸਿਮਰਦਾ ਰਹਿੰਦਾ ਹੈ ਅਤੇ (ਉਸ ਨੂੰ) ਗੁਰੂ ਦੇ ਸ਼ਬਦ ਦੁਆਰਾ ਭੈ ਨਾਸ਼ਕ ਪ੍ਰਭੂ ਮਿਲ ਜਾਂਦਾ ਹੈ।੩। ਸਭ ਤੋਂ ਚੰਗੀ ਖੇਤੀ ਤੇ ਚੰਗਾ ਵਪਾਰ ਹਰੀ ਦਾ ਹੁਕਮ ਮੰਨਣਾ ਹੀ ਹੈ ਅਤੇ ਹੁਕਮ ਮੰਨ ਕੇ ਹੀ ਵਡਿਆਈ ਮਿਲਦੀ ਹੈ। ਗੁਰੂ ਦੀ ਮੱਤ ਦੁਆਰਾ (ਪ੍ਰਭੂ ਦਾ) ਹੁਕਮ ਬੁੱਝਿਆ ਜਾਂਦਾ ਹੈ, ਹੁਕਮ ਵਿਚ ਚੱਲਣ ਵਾਲੇ (ਮਨੁੱਖ ਨੂੰ ਉਹ ਪ੍ਰਭੂ ਅਪਣੇ) ਮੇਲ ਵਿਚ ਮਿਲਾ ਲੈਂਦਾ ਹੈ। (ਜਿਸ ਮਨੁੱਖ ਨੇ ਅਪਣੀ ਬਿਰਤੀ ਪ੍ਰਭੂ ਦੇ) ਹੁਕਮ ਵਿਚ ਮਿਲਾਈ ਹੈ, ਉਹ ਸਹਿਜ ਅਵਸਥਾ ਵਿਚ ਲੀਨ ਰਹਿੰਦਾ ਹੈ ਅਤੇ ਗੁਰੂ ਦਾ ਸ਼ਬਦ (ਉਸ ਨੂੰ) ਅਪਾਰ ਪ੍ਰਭੂ ਨਾਲ ਮਿਲਾ ਦਿੰਦਾ ਹੈ। (ਜਿਸ ਮਨੁੱਖ ਨੇ) ਗੁਰੂ ਤੋਂ ਸੱਚੀ ਵਡਿਆਈ ਪਾਈ ਹੈ, (ਉਸ ਦੇ ਮਨ ਨੂੰ ਹਰੀ ਦਾ) ਸੱਚਾ ਨਾਮ ਸਵਾਰਨ ਵਾਲਾ ਹੈ। (ਜਿਸ ਮਨੁੱਖ ਨੇ) ਆਪਾ ਭਾਵ ਗੁਆ ਦਿਤਾ ਹੈ, (ਉਸ ਨੇ) ਭੈ ਨਾਸ਼ਕ ਪ੍ਰਭੂ ਨੂੰ ਪਾ ਲਿਆ ਹੈ, (ਉਸ ਨੂੰ) ਗੁਰੂ ਨੇ ਅਪਣੇ ਨਾਲ ਮਿਲਾ ਕੇ ਪ੍ਰਭੂ ਨਾਲ ਮਿਲਾਇਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਮਾਇਆ ਤੋਂ ਨਿਰਲੇਪ, ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੀ ਪਹੁੰਚ ਤੋਂ ਵੀ ਪਰੇ ਹੈ ਅਤੇ ਹੁਕਮ ਦੁਆਰਾ ਸਭ ਥਾਂ ਸਮਾ ਰਿਹਾ ਹੈ।੪।੨।

ਪਦਾਰਥ = ਸੇ–ਉਹ। ਜਨ–ਮਨੁੱਖ। ਮਸਤਕਿ–ਮੱਥੇ ਉਤੇ। ਮਣੀ–ਕੀਮਤੀ ਰਤਨ। ਗੁਰਮਤੀ–ਗੁਰੂ ਦੀ ਸਿੱਖਿਆ ਦੁਆਰਾ। ਨਿਜ ਘਰਿ –ਅਪਣੇ ਸਰੂਪ ਵਿਚ; ਰੱਬ ਦੀ ਹਜ਼ੂਰੀ ਵਿਚ। ਬੈਰਾਗੋ–ਦੁਨੀਆਂ ਦੇ ਮੋਹ ਦਾ ਤਿਆਗ। ਮੁਖਿ–ਮੂੰਹ ਉਤੇ। ਸਚਿ–ਸੱਚੇ ਪ੍ਰਭੂ ਨਾਲ। ਸਾਚਿ ਰਤੇ–ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ। ਵਿਚਾਰੀ–ਵਿਚਾਰਵਾਨ। ਬਉਰਾਨਾ–ਪਾਗਲ। ਮਤਿ–ਉਤਮ ਬੁੱਧੀ। ਭਉ ਭੰਜਨੁ–ਡਰ ਨਾਸ਼ ਕਰਨ ਵਾਲਾ। ਰਾਵੈ–ਸਿਮਰਦਾ ਹੈ।੩। ਮੰਨਿ–ਮੰਨ ਕੇ। ਸਹਜਿ–ਸਹਿਜ ਅਵਸਥਾ ਵਿਚ। ਸਮਾਈ–ਲੀਨ ਰਹਿੰਦਾ ਹੈ। ਅਪਾਰਾ–ਪਾਰ ਰਹਿਤ; ਬੇਅੰਤ। ਤੇ–ਤੋਂ। ਆਪੁ–ਆਪਾ ਭਾਵ (ਹੰਕਾਰ)। ਗਵਾਇਆ–ਦੂਰ ਕੀਤਾ ਹੈ। ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਨਿਰੰਜਨੁ–ਮਾਇਆ ਤੋਂ ਨਿਰਲੇਪ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਰਹਿਆ ਸਮਾਈ–ਸਮਾ ਰਿਹਾ ਹੈ।੪।੨।

ਵਡਹੰਸੁ ਮਹਲਾ ੩ ॥ ਮਨ ਮੇਰਿਆ ਤੂ ਸਦਾ ਸਚੁ ਸਮਾਲਿ ਜੀਉ ॥ ਆਪਣੈ ਘਰਿ ਤੂ ਸੁਖਿ ਵਸਹਿ, ਪੋਹਿ ਨ ਸਕੈ ਜਮ ਕਾਲੁ ਜੀਉ ॥ ਕਾਲੁ ਜਾਲੁ ਜਮੁ ਜੋਹਿ ਨ ਸਾਕੈ, ਸਾਚੈ ਸਬਦਿ ਲਿਵ ਲਾਏ ॥ ਸਦਾ ਸਚਿ ਰਤਾ ਮਨੁ ਨਿਰਮਲੁ ,ਆਵਣੁ ਜਾਣੁ ਰਹਾਏ ॥ ਦੂਜੈ ਭਾਇ ਭਰਮਿ ਵਿਗੁਤੀ, ਮਨਮੁਖਿ ਮੋਹੀ ਜਮ ਕਾਲਿ ॥ ਕਹੈ ਨਾਨਕੁ ਸੁਣਿ ਮਨ ਮੇਰੇ, ਤੂ ਸਦਾ ਸਚੁ ਸਮਾਲਿ ॥੧॥ ਮਨ ਮੇਰਿਆ ਅੰਤਰਿ ਤੇਰੈ ਨਿਧਾਨੁ ਹੈ, ਬਾਹਰਿ ਵਸਤੁ ਨ ਭਾਲਿ ॥ ਜੋ ਭਾਵੈ ਸੋ ਭੁੰਚਿ ਤੂ ,ਗੁਰਮੁਖਿ ਨਦਰਿ ਨਿਹਾਲਿ ॥ ਗੁਰਮੁਖਿ ਨਦਰਿ ਨਿਹਾਲਿ ਮਨ ਮੇਰੇ, ਅੰਤਰਿ ਹਰਿ ਨਾਮੁ ਸਖਾਈ ॥ ਮਨਮੁਖ ਅੰਧੁਲੇ ਗਿਆਨ ਵਿਹੂਣੇ, ਦੂਜੈ ਭਾਇ ਖੁਆਈ ॥ ਬਿਨੁ ਨਾਵੈ ਕੋ ਛੂਟੈ ਨਾਹੀ, ਸਭ ਬਾਧੀ ਜਮਕਾਲਿ ॥ ਨਾਨਕ ਅੰਤਰਿ ਤੇਰੈ ਨਿਧਾਨੁ ਹੈ, ਤੂ ਬਾਹਰਿ ਵਸਤੁ ਨ ਭਾਲਿ ॥੨॥ ਹੇ ਮੇਰਿਆ ਮਨਾ! ਤੂੰ ਸਦਾ ਸੱਚੇ ਪ੍ਰਭੂ ਨੂੰ ਯਾਦ ਕਰਦਾ ਰਹੁ ਜੀ। (ਫਿਰ) ਤੂੰ ਅਪਣੇ ਹਿਰਦੇ ਘਰ ਵਿਚ ਸੁਖ ਸਹਿਤ ਵਸਦਾ ਰਹੇਂਗਾ ਅਤੇ ਕਾਲ ਕਰਨ ਵਾਲਾ ਜਮ ਵੀ (ਤੇਰੇ ਤੇ) ਅਸਰ ਨਹੀਂ ਕਰ ਸਕੇਗਾ। (ਹੇ ਮਨ! ਜੇ ਤੂੰ) ਸੱਚੇ ਗੁਰੂ ਦੇ ਸ਼ਬਦ ਦੁਆਰਾ ਪ੍ਰਭੂ ਵਿਚ ਲਿਵ ਲਾ ਲਵੇਂਗਾ ਤਾਂ ਮੌਤ ਰੂਪ ਜਾਲ ਪਾਉਣ ਵਾਲਾ ਜਮ (ਤੈਨੂੰ) ਦੇਖ ਵੀ ਨਹੀਂ ਸਕੇਗਾ। (ਉਸ ਮਨੁੱਖ ਦਾ) ਮਨ ਪਵਿਤਰ ਹੋ ਜਾਂਦਾ ਹੈ, ਜੋ ਸੱਚੇ ਨਾਮ ਵਿਚ ਰੰਗਿਆ ਹੋਇਆ ਹੈ, (ਸੰਸਾਰ ਵਿਚ ਅਜੇਹੇ ਮਨੁੱਖ ਦਾ) ਆਉਣਾ ਜਾਣਾ ਮੁੱਕ ਜਾਂਦਾ ਹੈ। ਮਨਮੁਖਾਂ ਦੀ ਬੁੱਧੀ (ਰੱਬ ਤੋਂ ਬੇਮੁਖ ਹੋ ਕੇ) ਦੂਜੇ ਭਾਵ ਦੇ ਕਾਰਣ ਭਰਮ ਵਿਚ ਤਬਾਹ ਹੋ ਰਹੀ ਹੈ, (ਉਨ੍ਹਾਂ ਦੀ ਜਿੰਦ) ਕਾਲ ਕਰਨ ਵਾਲੇ ਜਮ ਨੇ ਲੁੱਟ ਲਈ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਹੇ ਮੇਰੇ ਮਨ! (ਮੇਰੀ ਸਿੱਖਿਆ) ਸੁਣ, ਤੂੰ ਸਦਾ ਸੱਚੇ ਪ੍ਰਭੂ ਨੂੰ ਯਾਦ ਕਰ।੧। ਹੇ ਮੇਰਿਆ ਮਨਾ! ਤੇਰੇ ਅੰਦਰ (ਸਾਰੇ ਸੱਖਾਂ ਦਾ) ਖਜਾਨਾ ਪ੍ਰਮਾਤਮਾ ਹੈ, (ਤੂੰ ਇਸ ਅਮੋਲਕ) ਵਸਤੂ ਨੂੰ ਬਾਹਰ (ਜੰਗਲ ਆਦਿ ਵਿਚ) ਨਾ ਲੱਭਦਾ ਫਿਰ। (ਤੂੰ ਉਸ ਪ੍ਰਭੂ ਨੂੰ) ਗੁਰਮੁਖਾਂ ਵਾਲੀ ਗਿਆਨ ਦ੍ਰਿਸਟੀ ਨਾਲ ਦੇਖ, (ਫਿਰ ਤੈਨੂੰ) ਜੋ ਚੰਗਾ ਲਗਦਾ ਹੈ, ਉਹ ਸੁਖ ਤੂੰ ਭੋਗ ਲਵੇਂਗਾ। ਹੇ ਮੇਰੇ ਮਨ! ਹਰੀ ਦਾ ਨਾਮ (ਸੱਚਾ) ਮਿਤ੍ਰ ਤੇਰੇ ਅੰਦਰ ਹੀ ਹੈ, (ਤੂੰ ਉਸ ਨੂੰ) ਗੁਰਮੁਖ ਬਣ ਕੇ ਗਿਆਨ ਦੀ ਨਜਰ ਨਾਲ ਦੇਖ ਲੈ। ਮਨਮੁਖ ਅੰਨ੍ਹੇ ਗਿਆਨ ਤੋਂ ਬਿਨਾ ਹਨ, ਦ੍ਵੈਤ ਭਾਵ ਵਿਚ ਪੈ ਕੇ (ਹਰੀ ਨੂੰ) ਭੁੱਲੇ ਹੋਏ ਹਨ। ਸਾਰੀ ਦੁਨੀਆਂ ਜਮ ਦੇ ਕਾਲ ਨੇ (ਅਪਣੇ ਜਾਲ ਵਿਚ) ਬੰਨ੍ਹ ਰੱਖੀ ਹੈ, (ਹਰੀ ਦੇ) ਨਾਮ ਤੋਂ ਬਿਨਾ ਕੋਈ (ਵੀ ਜੀਵ ਉਸ ਤੋਂ) ਛੁਟ ਨਹੀਂ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ (ਸਾਰੇ ਸੁੱਖਾਂ ਦਾ) ਖਜਾਨਾ ਤੇਰੇ ਅੰਦਰ ਹੈ, (ਇਸ ਅਮੋਲਕ) ਵਸਤੂ ਨੂੰ ਤੂੰ ਬਾਹਰ ਨਾ ਲੱਭਦਾ ਫਿਰ।੨।

ਪਦਾਰਥ = ਮਨ–ਹੇ ਮਨ।ਸਚੁ–ਸੱਚੇ ਪ੍ਰਭੂ ਨੂੰ।ਸਮਾਲਿ–ਯਾਦ ਕਰ।ਘਰਿ–ਹਿਰਦੇ ਘਰ ਵਿਚ।ਸੁਖਿ ਵਸਹਿ–ਸੁਖ ਸਹਿਤ ਵਸਦਾ ਰਹੇਂਗਾ।ਪੋਹਿ ਨ ਸਕੈ–ਅਸਰ ਨਹੀਂ ਕਰ ਸਕੇਗਾ।ਜਮ ਕਾਲੁ–ਮਾਰਨ ਵਾਲਾ ਜਮ।ਕਾਲੁ ਜਾਲੁ–ਮੌਤ ਰੂਪ ਜਾਲ।ਜੋਹਿ ਨ ਸਾਕੈ–ਦੇਖ ਵੀ ਨਹੀਂ ਸਕੇਗਾ।ਸਚਿ–ਸੱਚੇ ਨਾਮ ਵਿਚ।ਰਤਾ–ਰੰਗਿਆ ਹੋਇਆ।ਆਵਣੁ ਜਾਣੁ–ਜੰਮਣ ਮਰਨ ਦਾ ਗੇੜ।ਰਹਾਏ–ਮੁੱਕ ਜਾਂਦਾ ਹੈ।ਦੂਜੈ ਭਾਇ–ਰੱਬ ਤੋਂ ਬਿਨਾ ਕਿਸੇ ਹੋਰ ਦੇ ਪਿਆਰ ਕਰਕੇ।ਭਰਮਿ–ਭਰਮ ਵਿਚ; ਭਟਕਣਾ ਵਿਚ।ਵਿਗੁਤੀ–ਤਬਾਹ ਹੋ ਰਹੀ ਹੈ। ਮੋਹੀ–ਲੁੱਟ ਲਈ ਹੈ।ਕਾਲਿ–ਮੌਤ ਨੇ।੧।ਅੰਤਰਿ–ਹਿਰਦੇ ਅੰਦਰ।ਨਿਧਾਨੁ–ਖਜਾਨਾ।ਨ ਭਾਲਿ–ਨਾ ਲੱਭਦਾ ਫਿਰ।ਭਾਵੈ–ਚੰਗਾ ਲਗਦਾ ਹੈ।ਸੋ–ਉਹ।ਭੁੰਚਿ–ਭੋਗ ਲਵੇਂਗਾ।ਗੁਰਮੁਖਿ–ਗੁਰੂ ਦੁਆਰਾ; ਗੁਰਮੁਖਾਂ ਵਾਲੀ; ਗੁਰਮੁਖ ਬਣ ਕੇ।ਨਦਰਿ–ਨਜਰ ਨਾਲ। ਨਿਹਾਲਿ–ਦੇਖ ਲੈ।ਸਖਾਈ–ਮਿਤ੍ਰ।ਅੰਧੁਲੇ–ਅੰਨ੍ਹੇ।ਵਿਹੂਣੇ–ਬਿਨਾ।ਖੁਆਈ–ਭੁੱਲੇ ਹੋਏ ਹਨ।ਕੋ–ਕੋਈ।ਬਾਧੀ–ਬੰਨ੍ਹ ਰੱਖੀ ਹੈ।੨।

ਮਨ ਮੇਰਿਆ ਜਨਮੁ ਪਦਾਰਥੁ ਪਾਇ ਕੈ, ਇਕਿ ਸਚਿ ਲਗੇ ਵਾਪਾਰਾ ॥ ਸਤਿਗੁਰੁ ਸੇਵਨਿ ਆਪਣਾ, ਅੰਤਰਿ ਸਬਦੁ ਅਪਾਰਾ ॥ ਅੰਤਰਿ ਸਬਦੁ ਅਪਾਰਾ ਹਰਿ ਨਾਮੁ ਪਿਆਰਾ, ਨਾਮੇ ਨਉਨਿਧਿ ਪਾਈ ॥ ਮਨਮੁਖ ਮਾਇਆ ਮੋਹ ਵਿਆਪੇ ਦੂਖਿ ਸੰਤਾਪੇ, ਦੂਜੈ ਪਤਿ ਗਵਾਈ ॥ ਹਉਮੈ ਮਾਰਿ ਸਚਿ ਸਬਦਿ ਸਮਾਣੇ, ਸਚਿ ਰਤੇ ਅਧਿਕਾਈ ॥ ਨਾਨਕ ਮਾਣਸ ਜਨਮੁ ਦੁਲੰਭੁ ਹੈ, ਸਤਿਗੁਰਿ ਬੂਝਿ ਬੁਝਾਈ ॥੩॥ ਮਨ ਮੇਰੇ ਸਤਿਗੁਰੁ ਸੇਵਨਿ ਆਪਣਾ, ਸੇ ਜਨ ਵਡਭਾਗੀ ਰਾਮ ॥ ਜੋ ਮਨੁ ਮਾਰਹਿ ਆਪਣਾ, ਸੇ ਪੁਰਖ ਬੈਰਾਗੀ ਰਾਮ ॥ ਸੇ ਜਨ ਬੈਰਾਗੀ ਸਚਿ ਲਿਵ ਲਾਗੀ, ਆਪਣਾ ਆਪੁ ਪਛਾਣਿਆ ॥ ਮਤਿ ਨਿਹਚਲ ਅਤਿ ਗੂੜੀ ਗੁਰਮੁਖਿ, ਸਹਜੇ ਨਾਮੁ ਵਖਾਣਿਆ ॥ ਇਕ ਕਾਮਣਿ ਹਿਤਕਾਰੀ ਮਾਇਆ ਮੋਹਿ ਪਿਆਰੀ, ਮਨਮੁਖ ਸੋਇ ਰਹੇ ਅਭਾਗੇ ॥ ਨਾਨਕ ਸਹਜੇ ਸੇਵਹਿ ਗੁਰੁ ਆਪਣਾ, ਸੇ ਪੂਰੇ ਵਡਭਾਗੇ ॥੪॥੩॥ ਹੇ ਮੇਰੇ ਮਨ! ਮਨੁੱਖਾ ਜਨਮ ਰੂਪ ਪਦਾਰਥ ਪ੍ਰਾਪਤ ਕਰਕੇ ਕਈ ਮਨੁੱਖ ਸੱਚੇ ਨਾਮ ਦਾ ਵਪਾਰ ਕਰਨ ਲਗੇ ਹੋਏ ਹਨ।ਉਹ ਅਪਣੇ ਸਤਿਗੁਰੂ ਦੀ ਸੇਵਾ ਭਗਤੀ ਕਰਦੇ ਹਨ ਅਤੇ (ਉਨ੍ਹਾਂ ਦੇ) ਹਿਰਦੇ ਅੰਦਰ ਬੇਅੰਤ ਪ੍ਰਭੂ ਦੀ ਸਿਫਤ ਸਲਾਹ ਵਾਲਾ ਸ਼ਬਦ ਵਸਦਾ ਹੈ।ਬੇਅੰਤ ਪ੍ਰਭ ਦੀ ਸਿਫਤ ਸਲਾਹ ਵਾਲਾ ਸ਼ਬਦ (ਉਨ੍ਹਾਂ ਦੇ) ਹਿਰਦੇ ਅੰਦਰ ਵਸਦਾ ਹੈ, (ਜਿਸ ਕਰਕੇ ਉਨ੍ਹਾਂ ਨੂੰ) ਹਰੀ ਦਾ ਨਾਮ ਪਿਆਰਾ ਲਗਦਾ ਹੈ, ਨਾਮ ਤੋਂ ਹੀ (ਉਨ੍ਹਾਂ ਨੇ) ਨੌਂ ਨਿਧੀਆਂ ਪਾ ਲਈਆਂ ਹਨ।ਮਨਮੁਖ ਲੋਕ ਮਾਇਆ ਦੇ ਮੋਹ ਵਿਚ ਲੱਗੇ ਹੋਏ ਦੁਖ ਵਿਚ ਚੰਗੀ ਤਰ੍ਹਾਂ ਤਪਦੇ ਰਹਿੰਦੇ ਹਨ, (ਉਨ੍ਹਾਂ ਨੇ) ਦੂਜੇ ਪਾਸੇ (ਮਾਇਆ ਦੇ ਮੋਹ ਵਿਚ) ਲਗ ਕੇ ਇੱਜਤ ਗੁਆ ਲਈ ਹੈ।(ਜਿਹੜੇ ਮਨੁੱਖ) ਹਉਮੈ ਨੂੰ ਮਾਰ ਕੇ ਸੱਚੇ ਸ਼ਬਦ ਵਿਚ ਲੀਨ ਹੋਏ ਹਨ, ਉਹ ਸੱਚੇ ਨਾਮ ਵਿਚ ਬਹੁਤ ਰੰਗੇ ਰਹਿੰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਮਨੁੱਖਾ ਜਨਮ ਦੁਰਲੱਭ ਹੈ, (ਇਹ) ਸੂਝ ਬੂਝ ਸਤਿਗੁਰੂ ਨੇ ਬੁਝਾਈ ਹੈ।੩।ਹੇ ਮੇਰੇ ਮਨ! ਉਹ ਪੁਰਖ ਵੱਡੇ ਭਾਗਾਂ ਵਾਲੇ ਹਨ, (ਜਿਹੜੇ) ਸਤਿਗੁਰੂ ਦੀ ਸੇਵਾ ਭਗਤੀ ਕਰਦੇ ਹਨ।ਉਹ ਪੁਰਖ ਸੱਚੇ ਬੈਰਾਗਵਾਨ ਹਨ, ਜੋ ਅਪਣਾ ਮਨ ਮਾਰ (ਵਸ ਵਿਚ ਕਰ) ਲੈਂਦੇ ਹਨ।ਉਹ ਪੁਰਖ ਬੈਰਾਗਵਾਨ ਹਨ, (ਜਿਨ੍ਹਾਂ ਦੀ) ਸੱਚੇ ਪ੍ਰਭੂ ਵਿਚ ਲਿਵ ਲੱਗੀ ਹੈ ਅਤੇ (ਉਨ੍ਹਾਂ ਨੇ) ਆਪਣੇ ਆਪ (ਆਤਮ ਸਰੂਪ) ਨੂੰ ਪਛਾਣਿਆ ਹੈ।(ਉਨ੍ਹਾਂ ਦੀ) ਮਤਿ ਗੁਰੂ ਦੀ ਸ਼ਰਣ ਵਿਚ ਪੈ ਕੇ ਅਚੱਲ ਤੇ (ਨਾਮ ਦੇ ਰੰਗ ਵਿਚ) ਬਹੁਤ ਗੂੜ੍ਹੀ ਰੰਗੀ ਗਈ ਹੈ ਅਤੇ (ਉਨ੍ਹਾਂ ਨੇ) ਸੁਤੇ ਸਿੱਧ ਹਰੀ ਦਾ ਨਾਮ ਸਿਮਰਿਆ ਹੈ।ਕਈ (ਐਸੇ ਲੋਕ) ਹਨ, ਜੋ ਇਸਤ੍ਰੀ ਦੇ ਪ੍ਰੇਮੀ ਅਤੇ ਮਾਇਆ ਦੇ ਮੋਹ ਵਿਚ ਪਿਆਰ ਕਰਨ ਵਾਲੇ ਹਨ, (ਅਜੇਹੇ) ਅਭਾਗੇ ਮਨਮੁਖ (ਮਾਇਆ ਦੇ ਮੋਹ ਦੀ ਨੀਂਦ ਵਿਚ) ਸੌਂ ਰਹੇ ਹਨ (ਅਗਿਆਨ ਵਿਚ ਜੀਵਨ ਬਿਰਥਾ ਗੁਆ ਲੈਂਦੇ ਹਨ)।ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ) ਸਹਜੇ ਅਪਣੇ ਗੁਰੂ ਦੀ ਸੇਵਾ ਕਰਦੇ ਹਨ, ਉਹ ਪੂਰੇ ਹਨ ਤੇ ਵੱਡੇ ਭਾਗਾਂ ਵਾਲੇ ਹਨ।੪।੩।

ਪਦਾਰਥ = ਪਾਇ ਕੈ–ਪ੍ਰਾਪਤ ਕਰ ਕੇ।ਇਕਿ–ਕਈ (ਮਨੁੱਖ)।ਸਚਿ–ਸੱਚੇ ਨਾਮ ਨਾਲ।ਸੇਵਨਿ–ਸੇਂਵਨ (ਸੇਵਾ ਭਗਤੀ ਕਰਦੇ) ਹਨ।ਅੰਤਰਿ–ਹਿਰਦੇ ਅੰਦਰ।ਸਬਦੁ ਅਪਾਰਾ–ਬੇਅੰਤ ਪ੍ਰਭੂ ਦੀ ਸਿਫਤ ਸਲਾਹ ਵਾਲਾ ਸ਼ਬਦ।ਨਉਨਿਧਿ–ਨੌਂ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ)।ਵਿਆਪੇ–ਲਗੇ ਹੋਏ।ਦੂਖਿ ਸੰਤਾਪੇ–ਦੁਖ ਵਿਚ ਚੰਗੀ ਤਰ੍ਹਾਂ ਤਪਦੇ ਹਨ।ਦੂਜੈ–(ਪ੍ਰਭੂ ਨੂੰ ਛਡ ਕੇ) ਦੂਜੇ ਪਾਸੇ ਲਗ ਕੇ।ਪਤਿ–ਇੱਜਤ।ਸਚਿ ਰਤੇ–ਸੱਚੇ ਨਾਮ ਵਿਚ ਰੰਗੇ ਰਹਿੰਦੇ ਹਨ।ਅਧਿਕਾਈ–ਬਹੁਤ।੩।ਸੇ ਜਨ–ਉਹ ਪੁਰਖ।ਮਾਰਹਿ–ਮਾਰ ਲੈਂਦੇ ਹਨ।ਬੈਰਾਗੀ–(ਜਗਤ ਦੇ ਪਦਾਰਥਾਂ ਦੇ) ਮੋਹ ਤੋਂ ਰਹਿਤ।ਆਪਣਾ ਆਪੁ–ਆਪਣੇ ਆਪ ਨੂੰ।ਮਤਿ–ਅਕਲ।ਨਿਹਚਲ–ਅਡੋਲ।ਅਤਿ–ਬਹੁਤ।ਗੂੜੀ–ਪ੍ਰੇਮ ਰੰਗ ਵਿਚ ਗੂੜ੍ਹੀ ਰੰਗੀ ਹੋਈ।ਗੁਰਮੁਖਿ–ਗੁਰੂ ਦੀ ਸ਼ਰਣ ਵਿਚ ਪੈ ਕੇ।ਸਹਜੇ–ਸੁਤੇ ਸਿੱਧ। ਕਾਮਣਿ–ਇਸਤ੍ਰੀ।ਹਿਤਕਾਰੀ–ਪ੍ਰੇਮੀ।ਮੋਹਿ–ਮੋਹ ਵਿਚ।ਪਿਆਰੀ–ਪਿਆਰ ਕਰਨ ਵਾਲੇ।ਅਭਾਗੇ–ਭਾਗ ਹੀਣ।੪।੩।

ਵਡਹੰਸੁ ਮਹਲਾ ੩ ॥ ਰਤਨ ਪਦਾਰਥ ਵਣਜੀਅਹਿ, ਸਤਿਗੁਰਿ ਦੀਆ ਬੁਝਾਈ ਰਾਮ ॥ ਲਾਹਾ ਲਾਭੁ ਹਰਿ ਭਗਤਿ ਹੈ, ਗੁਣ ਮਹਿ

ਗੁਣੀ ਸਮਾਈ ਰਾਮ ॥ (ਹੇ ਭਾਈ! ਸਾਨੂੰ ਇਹ ਗੱਲ) ਸਤਿਗੁਰੂ ਨੇ ਸਮਝਾ ਦਿਤੀ ਹੈ ਕਿ ਰਤਨ ਪਦਾਰਥ (ਅਮੋਲਕ ਨਾਮ) ਦਾ ਵਪਾਰ ਕਰਨਾ ਚਾਹੀਦਾ ਹੈ। ਲਾਹੇ ਵਿਚੋਂ (ਸਭ ਤੋਂ ਵੱਡਾ) ਲਾਭ ਹਰੀ ਦੀ ਭਗਤੀ ਦਾ ਹੈ, (ਹਰੀ ਦੀ ਭਗਤੀ ਕਰਕੇ) ਗੁਣਾਂ ਵਾਲਾ (ਬਣ ਕੇ ਗੁਰਮੁਖ) ਗੁਣਾਂ ਵਿਚ ਸਮਾ ਜਾਂਦਾ ਹੈ (ਗੁਣਾਂ ਨਾਲ ਇਕ ਮਿਕ ਹੋ ਜਾਂਦਾ ਹੈ)।

ਅੰਗ ੫੭੦ = ਗੁਣ ਮਹਿ ਗੁਣੀ ਸਮਾਏ ਜਿਸੁ ਆਪਿ ਬੁਝਾਏ, ਲਾਹਾ ਭਗਤਿ ਸੈਸਾਰੇ ॥ ਬਿਨੁ ਭਗਤੀ ਸੁਖੁ ਨ ਹੋਈ ਦੂਜੈ ਪਤਿ ਖੋਈ, ਗੁਰਮਤਿ ਨਾਮੁ ਅਧਾਰੇ ॥ ਵਖਰੁ ਨਾਮੁ ਸਦਾ ਲਾਭੁ ਹੈ, ਜਿਸ ਨੋ ਏਤੁ ਵਾਪਾਰਿ ਲਾਏ ॥ ਰਤਨ ਪਦਾਰਥ ਵਣਜੀਅਹਿ, ਜਾਂ ਸਤਿਗੁਰੁ ਦੇਇ ਬੁਝਾਏ ॥੧॥ ਮਾਇਆ ਮੋਹੁ ਸਭੁ ਦੁਖੁ ਹੈ, ਖੋਟਾ ਇਹੁ ਵਾਪਾਰਾ ਰਾਮ ॥ ਕੂੜੁ ਬੋਲਿ ਬਿਖੁ ਖਾਵਣੀ, ਬਹੁ ਵਧਹਿ ਵਿਕਾਰਾ ਰਾਮ ॥ ਬਹੁ ਵਧਹਿ ਵਿਕਾਰਾ ਸਹਸਾ ਇਹੁ ਸੰਸਾਰਾ, ਬਿਨੁ ਨਾਵੈ ਪਤਿ ਖੋਈ ॥ ਪੜਿ ਪੜਿ ਪੰਡਿਤ ਵਾਦੁ ਵਖਾਣਹਿ, ਬਿਨੁ ਬੂਝੇ ਸੁਖੁ ਨ ਹੋਈ ॥ ਆਵਣ ਜਾਣਾ ਕਦੇ ਨ ਚੂਕੈ, ਮਾਇਆ ਮੋਹ ਪਿਆਰਾ ॥ ਮਾਇਆ ਮੋਹੁ ਸਭੁ ਦੁਖੁ ਹੈ, ਖੋਟਾ ਇਹੁ ਵਾਪਾਰਾ ॥੨॥ ਜਿਸ (ਮਨੁੱਖ) ਨੂੰ ਪ੍ਰਭੂ ਆਪ ਸੂਝ ਬੂਝ ਬਖਸ਼ ਦੇਵੇ, (ਉਹ) ਸੰਸਾਰ ਵਿਚ ਭਗਤੀ ਦਾ ਲਾਭ ਖੱਟਦਾ ਹੈ ਅਤੇ ਗੁਣਾਂ ਵਾਲਾ ਬਣ ਕੇ ਗੁਣਾਂ ਵਿਚ ਸਮਾ ਜਾਂਦਾ ਹੈ। ਭਗਤੀ ਤੋਂ ਬਿਨਾ ਸੁਖ ਨਹੀਂ ਪ੍ਰਾਪਤ ਹੁੰਦਾ ਅਤੇ (ਰੱਬ ਨੂੰ ਛਡ ਕੇ) ਦੂਜੇ ਪਾਸੇ ਲੱਗਣ ਨਾਲ ਇੱਜਤ ਖੋਈ ਜਾਂਦੀ ਹੈ, (ਪਰ) ਗੁਰੂ ਦੀ ਸਿੱਖਿਆ ਦੁਆਰਾ ਪ੍ਰਾਪਤ ਹੋਇਆ (ਹਰੀ ਦਾ) ਨਾਮ (ਲੋਕ ਪ੍ਰਲੋਕ ਵਿਚ) ਆਸਰਾ ਬਣ ਜਾਂਦਾ ਹੈ। ਜਿਸ ਮਨੁੱਖ ਨੂੰ ਇਸ ਵਪਾਰ ਵਿਚ (ਪ੍ਰਭੂ) ਲਗਾ ਦੇਵੇ, (ਉਸ ਨੂੰ) ਨਾਮ ਰੂਪ ਸੌਦਾ ਸਦਾ ਲਾਭ ਦੇਂਦਾ ਹੈ। (ਹੇ ਭਾਈ! ਨਾਮ ਰੂਪ ਅਮੋਲਕ) ਰਤਨ ਪਦਾਰਥ ਦਾ ਵਪਾਰ ਤਦ ਕੀਤਾ ਜਾਂਦਾ ਹੈ, ਜਦ ਸਤਿਗੁਰੂ ਸਮਝਾ ਦੇਵੇ।੧। ਮਾਇਆ ਦਾ ਮੋਹ ਸਭ ਦੁਖ ਰੂਪ ਹੈ, ਇਹ ਵਪਾਰ ਖੋਟਾ ਹੈ। (ਇਸ ਕਿਸਮ ਦੇ ਵਪਾਰ ਵਿਚ ਲੋਕ) ਝੂਠ ਬੋਲ ਕੇ ਜਹਿਰ (ਅਧਰਮ ਦੀ ਕਮਾਈ) ਖਾਂਦੇ ਹਨ, (ਜਿਸ ਤੋਂ) ਬਹੁਤ ਬਿਕਾਰ ਵਧਦੇ ਹਨ। ਇਹ ਸੰਸਾਰ ਸੰਸਾ ਰੂਪ ਹੈ, (ਸੰਸਾਰ ਬਦਲਦਾ ਰਹਿੰਦਾ ਹੈ, ਇਸ ਵਿਚ ਜੀਵ ਦਾ ਮਨ ਟਿਕਦਾ ਨਹੀਂ, ਸੰਸਾਰ ਦੇ ਮੋਹ ਵਿਚ ਮਨ ਲਾਇਆਂ ਮਨ ਹਰ ਵੇਲੇ ਬਦਲਣ ਵਾਲੀ ਹਾਲਤ ਵਿਚ ਰਹਿੰਦਾ ਹੈ, ਜਿਸ ਕਰਕੇ ਸ਼ੱਕ ਵਾਲਾ ਮਨ ਡੋਲਦਾ ਰਹਿੰਦਾ ਹੈ, ਇਸ ਲਈ) ਬਿਕਾਰ ਬਹੁਤ ਵਧਦੇ ਹਨ, (ਹਰੀ ਦੇ) ਨਾਮ ਤੋਂ ਬਿਨਾ (ਮਨੁੱਖ ਲੋਕ ਪ੍ਰਲੋਕ ਅਪਣੀ) ਇੱਜਤ ਖੋ ਲੈਂਦਾ ਹੈ। (ਪੁਸਤਕਾਂ) ਪੜ੍ਹ ਪੜ੍ਹ ਕੇ ਪੰਡਤ ਲੋਕ ਬਹਿਸ ਕਰਦੇ ਰਹਿੰਦੇ ਹਨ, (ਕਿਉਂਕਿ ਪੁਸਤਕਾਂ ਪੜ੍ਹ ਕੇ ਸਮਝਦੇ ਤਾਂ ਹੈ ਨਹੀਂ) ਸਮਝੇ ਤੋਂ ਬਿਨਾ ਸੁਖ ਪ੍ਰਾਪਤ ਨਹੀਂ ਹੁੰਦਾ। (ਅਜੇਹੇ ਲੋਕਾਂ ਦਾ ਸੰਸਾਰ ਵਿਚ) ਆਉਣਾ ਜਾਣਾ ਕਦੇ ਨਹੀਂ ਮੁੱਕਦਾ, (ਕਿਉਂਕਿ ਉਨ੍ਹਾਂ ਨੂੰ) ਮਾਇਆ ਦਾ ਮੋਹ ਪਿਆਰਾ ਹੈ। ਮਾਇਆ ਦਾ ਮੋਹ ਸਭ ਦੁਖ ਰੂਪ ਹੈ, ਇਹ ਵਪਾਰ ਖੋਟਾ ਹੈ।੨।

ਪਦਾਰਥ = ਵਣਜੀਅਹਿ–ਵਪਾਰ ਕਰਨਾ ਚਾਹੀਦਾ ਹੈ; ਖ੍ਰੀਦਣਾ ਚਾਹੀਦਾ ਹੈ। ਸਤਿਗੁਰਿ–ਸਤਿਗੁਰੁ ਨੇ। ਬੁਝਾਈ–ਸਮਝਾ ਦਿਤੀ ਹੈ। ਗੁਣੀ–ਗੁਣਾਂ ਵਾਲਾ ਬਣ ਕੇ। ਸਮਾਏ–ਇਕ ਮਿਕ ਹੋ ਜਾਂਦਾ ਹੈ। ਸੈਸਾਰੇ–ਸੰਸਾਰ ਵਿਚ। ਦੂਜੈ–ਦੂਜੇ ਪਾਸੇ (ਦ੍ਵੈਤ ਵਿਚ)। ਪਤਿ–ਇੱਜਤ। ਗੁਰਮਤਿ–ਗੁਰੂ ਦੀ ਸਿੱਖਿਆ ਨਾਲ। ਅਧਾਰੇ–ਆਸਰਾ। ਵਖਰੁ–ਸੌਦਾ। ਏਤੁ ਵਾਪਾਰਿ–ਇਸ ਵਪਾਰ ਵਿਚ। ਜਾਂ–ਜਦ।੧। ਕੂੜੁ–ਝੂਠ। ਬਿਖੁ–ਜਹਿਰ। ਖਾਵਣੀ–ਖਾਂਦੇ ਹਨ। ਬਹੁ–ਬਹੁਤ। ਵਧਹਿ–ਵਧਦੇ ਹਨ। ਸਹਸਾ–ਸੰਸਾ; ਸ਼ੱਕ। ਨਾਵੈ–(ਪ੍ਰਭੂ ਦਾ) ਨਾਮ। ਵਾਦੁ ਵਖਾਣਹਿ –ਬਹਿਸ ਕਰਦੇ ਹਨ। ਆਵਣ ਜਾਣਾ–(ਆਉਣਾ ਜਾਣਾ) ਜਨਮ ਮਰਨ ਦਾ ਗੇੜ। ਨ ਚੂਕੈ–ਮੁਕਦਾ ਨਹੀਂ।੨।

ਖੋਟੇ ਖਰੇ ਸਭਿ ਪਰਖੀਅਨਿ, ਤਿਤੁ ਸਚੇ ਕੈ ਦਰਬਾਰਾ ਰਾਮ ॥ ਖੋਟੇ ਦਰਗਹ ਸੁਟੀਅਨਿ, ਊਭੇ ਕਰਨਿ ਪੁਕਾਰਾ ਰਾਮ ॥ ਊਭੇ ਕਰਨਿ ਪੁਕਾਰਾ ਮੁਗਧ ਗਵਾਰਾ, ਮਨਮੁਖਿ ਜਨਮੁ ਗਵਾਇਆ ॥ ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ, ਸਾਚਾ ਨਾਮੁ ਨ ਭਾਇਆ ॥ ਮਨਮੁਖ ਸੰਤਾ ਨਾਲਿ ਵੈਰੁ ਕਰਿ, ਦੁਖੁ ਖਟੇ ਸੰਸਾਰਾ ॥ ਖੋਟੇ ਖਰੇ ਪਰਖੀਅਨਿ, ਤਿਤੁ ਸਚੈ ਦਰਵਾਰਾ ਰਾਮ ॥੩॥ ਆਪਿ ਕਰੇ ਕਿਸੁ ਆਖੀਐ, ਹੋਰੁ ਕਰਣਾ ਕਿਛੂ ਨ ਜਾਈ ਰਾਮ ॥ ਜਿਤੁ ਭਾਵੈ ਤਿਤੁ ਲਾਇਸੀ, ਜਿਉ ਤਿਸ ਦੀ ਵਡਿਆਈ ਰਾਮ ॥ ਜਿਉ ਤਿਸ ਦੀ ਵਡਿਆਈ ਆਪਿ ਕਰਾਈ, ਵਰੀਆਮੁ ਨ ਫੁਸੀ ਕੋਈ ॥ ਜਗਜੀਵਨੁ ਦਾਤਾ ਕਰਮਿ ਬਿਧਾਤਾ, ਆਪੇ ਬਖਸੇ ਸੋਈ ॥ ਗੁਰ ਪਰਸਾਦੀ ਆਪੁ ਗਵਾਈਐ, ਨਾਨਕ ਨਾਮਿ ਪਤਿ ਪਾਈ ॥ ਆਪਿ ਕਰੇ ਕਿਸੁ ਆਖੀਐ, ਹੋਰੁ ਕਰਣਾ ਕਿਛੂ ਨ ਜਾਈ ॥੪॥੪॥ ਹੇ ਭਾਈ! ਸਾਰੇ ਖੋਟੇ ਤੇ ਖਰੇ ਜੀਵ ਉਸ ਸੱਚੇ ਪ੍ਰਭੂ ਦੇ ਦਰਬਾਰ ਵਿਚ ਪਰਖੇ ਜਾਂਦੇ ਹਨ। ਖੋਟੇ ਜੀਵ ਰੱਬ ਦੀ ਦਰਗਾਹ ਵਿਚੋਂ (ਬਾਹਰ ਨਰਕਾਂ ਵਿਚ) ਸੁੱਟ ਦਿਤੇ ਜਾਂਦੇ ਹਨ ਅਤੇ (ਉਹ ਬਾਹਰ) ਖੜੇ ਪੁਕਾਰਾਂ (ਵਿਰਲਾਪ) ਕਰਦੇ ਰਹਿੰਦੇ ਹਨ (ਖੋਟੇ ਧਰਮਹੀਣ ਲੋਕ ਟੇਢੀਆਂ ਜਾਂ ਨੀਵੀਆਂ ਜੂਨਾਂ ਵਿਚ ਧੱਕ ਦਿਤੇ ਜਾਂਦੇ ਹਨ, ਜਿਥੇ ਉਹ ਦੁਖ ਵਿਚ ਵਿਰਲਾਪ ਕਰਦੇ ਰਹਿੰਦੇ ਹਨ। ਉਹ) ਮੂਰਖ ਤੇ ਬੇਸਮਝ ਜੀਵ ਪੁਕਾਰ ਕਰਦੇ ਰਹਿੰਦੇ ਹਨ, (ਇਉਂ) ਮਨਮੁੱਖਾਂ ਨੇ ਅਪਣਾ ਮਨੁੱਖਾ ਜਨਮ ਬਿਰਥਾ ਗੁਆ ਲਿਆ ਹੈ। ਮਾਇਆ ਜਹਿਰ

ਹੈ, ਜਿਸ ਨੇ ਜਗਤ ਨੂੰ ਭੁਲੇਖੇ ਵਿਚ (ਕੁਰਾਹੇ) ਪਾਇਆ ਹੋਇਆ ਹੈ, (ਇਸੇ ਕਰਕੇ ਜੀਵ ਨੂੰ ਰੱਬ ਦਾ) ਸੱਚਾ ਨਾਮ ਚੰਗਾ ਨਹੀਂ ਲਗਦਾ। ਮਨਮੁਖ ਸੰਤਾਂ ਨਾਲ ਵੈਰ ਕਰਕੇ ਸੰਸਾਰ ਵਿਚ ਦੁਖ ਖੱਟਦਾ ਹੈ। (ਉਹ ਇਹ ਨਹੀਂ ਸਮਝਦਾ ਕਿ) ਉਸ ਸੱਚੇ ਪ੍ਰਭੂ ਦੇ ਦਰਬਾਰ ਵਿਚ ਖੋਟੇ ਤੇ ਖਰੇ ਪਰਖੇ ਜਾਂਦੇ ਹਨ।੩। (ਸਭ ਕੁਛ ਪ੍ਰਭੂ) ਆਪੇ ਕਰਦਾ ਹੈ, ਕਿਸ ਨੂੰ ਆਖੀਏ (ਕਿਸ ਕੋਲ ਸ਼ਿਕਾਇਤ ਕਰੀਏ, ਰੱਬ ਤੋਂ ਬਿਨਾ ਕਿਸੇ) ਹੋਰ ਤੋਂ ਕੁਛ ਨਹੀਂ ਕੀਤਾ ਜਾ ਸਕਦਾ। ਜਿਵੇਂ ਉਸ ਦੀ ਵਡਿਆਈ (ਬਜੁਰਗੀ) ਹੈ, ਜਿਸ ਪਾਸੇ (ਉਸ ਨੂੰ) ਚੰਗਾ ਲਗਦਾ ਹੈ, ਉਸ ਪਾਸੇ (ਜੀਵਾਂ ਨੂੰ) ਲਗਾ ਦੇਂਦਾ ਹੈ। ਜਿਵੇਂ ਉਸ ਦੀ ਵਡਿਆਈ ਹੈ, (ਤਿਵੇਂ ਉਹ ਸਭ ਕੁਛ) ਆਪ ਕਰਾਉਂਦਾ ਹੈ, (ਅਪਣੇ ਆਪ ਵਿਚ) ਨਾ ਕੋਈ ਬਹਾਦਰ ਹੈ ਤੇ ਨਾ ਕੋਈ ਡਰਪੋਕ ਹੈ। (ਉਹ ਪ੍ਰਭੂ) ਜਗਤ ਨੂੰ ਜੀਵਨ ਦੇਣ ਵਾਲਾ ਹੈ ਤੇ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈ ਅਤੇ ਆਪੇ (ਜਿਸ ਉਤੇ ਪ੍ਰਸੰਨ ਹੋਵੇ, ਉਸ ਨੂੰ) ਬਖਸ਼ ਲੈਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਗੁਰੂ ਦੀ ਕ੍ਰਿਪਾ ਨਾਲ ਆਪਾ ਭਾਵ ਗੁਆ ਦੇਈਏ ਤਾਂ ਪ੍ਰਭੂ ਦੇ ਨਾਮ ਵਿਚ ਜੁੜ ਕੇ (ਲੋਕ ਪ੍ਰਲੋਕ ਵਿਚ) ਇੱਜਤ ਪਾ ਲਈਦੀ ਹੈ। (ਜਦ ਸਭ ਕੁਛ ਉਹ) ਆਪ ਕਰਦਾ ਹੈ ਤਾਂ ਕਿਸ ਨੂੰ ਆਖੀਏ, (ਕਿਉਂਕਿ) ਹੋਰ ਕਿਸੇ ਪਾਸੋਂ ਕੁਛ ਨਹੀਂ ਕੀਤਾ ਜਾ ਸਕਦਾ।੪।੪।

ਪਦਾਰਥ = ਖੋਟੇ–ਭੈੜੇ (ਧਰਮਹੀਣ)। ਖਰੇ–ਚੰਗੇ (ਪਵਿਤ੍ਰ) ਜੀਵ। ਸਭਿ–ਸਾਰੇ। ਪਰਖੀਅਨਿ–ਪਰਖੇ ਜਾਂਦੇ ਹਨ। ਤਿਤੁ–ਉਸ। ਦਰਬਾਰਾ–ਦਰਬਾਰ ਵਿਚ। ਸੁਟੀਅਨਿ–(ਬਾਹਰ) ਸੁੱਟ ਦਿਤੇ ਹਨ; ਰੱਦ ਕੀਤੇ ਜਾਂਦੇ ਹਨ। ਊਭੇ–ਖੜੇ ਹੋਏ। ਕਰਨਿ ਪੁਕਾਰਾ–ਪੁਕਾਰ ਕਰਦੇ ਹਨ। ਮੁਗਧ–ਮੂਰਖ। ਗਵਾਰਾ–ਬੇਸਮਝ। ਬਿਖਿਆ–ਜਹਿਰ। ਜਿਨਿ–ਜਿਸ ਨੇ। ਭੁਲਾਇਆ–ਕੁਰਾਹੇ ਪਾਇਆ ਹੈ। ਨ ਭਾਇਆ –ਚੰਗਾ ਨਹੀਂ ਲਗਦਾ। ਖਟੇ–ਕਮਾਉਂਦਾ (ਭੋਗਦਾ) ਹੈ। ਦਰਵਾਰਾ–ਦਰਬਾਰ ਵਿਚ।੩। ਜਿਤੁ–ਜਿਸ ਪਾਸੇ। ਭਾਵੈ–ਚੰਗਾ ਲਗਦਾ ਹੈ। ਤਿਤੁ–ਉਸ ਪਾਸੇ। ਲਾਇਸੀ–ਲਗਾ ਦੇਂਦਾ ਹੈ। ਵਰੀਆਮੁ–ਬਹਾਦਰ। ਫੁਸੀ–ਡਰਪੋਕ। ਕਰਮਿ ਬਿਧਾਤਾ–ਕਰਮਾਂ ਅਨੁਸਾਰ ਫਲ ਦੇਣ ਵਾਲਾ ਪ੍ਰਭੂ। ਗੁਰ ਪਰਸਾਦੀ–ਗੁਰੀ ਦੀ ਕ੍ਰਿਪਾ ਨਾਲ। ਆਪੁ–ਆਪਾ ਭਾਵ। ਨਾਮਿ–ਨਾਮ ਵਿਚ ਜੁੜ ਕੇ। ਪਤਿ–ਇੱਜਤ।੪।੪।

ਵਡਹੰਸੁ ਮਹਲਾ ੩ ॥ ਸਚਾ ਸਉਦਾ ਹਰਿ ਨਾਮੁ ਹੈ, ਸਚਾ ਵਾਪਾਰਾ ਰਾਮ ॥ ਗੁਰਮਤੀ ਹਰਿ ਨਾਮੁ ਵਣਜੀਐ, ਅਤਿ ਮੋਲੁ ਅਫਾਰਾ ਰਾਮ ॥ ਅਤਿ ਮੋਲੁ ਅਫਾਰਾ ਸਚ ਵਾਪਾਰਾ, ਸਚਿ ਵਾਪਾਰਿ ਲਗੇ ਵਡਭਾਗੀ ॥ ਅੰਤਰਿ ਬਾਹਰਿ ਭਗਤੀ ਰਾਤੇ, ਸਚਿ ਨਾਮਿ ਲਿਵ ਲਾਗੀ ॥ ਨਦਰਿ ਕਰੇ ਸੋਈ ਸਚੁ ਪਾਏ, ਗੁਰ ਕੈ ਸਬਦਿ ਵੀਚਾਰਾ ॥ ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ, ਸਾਚੈ ਕੇ ਵਾਪਾਰਾ ॥੧॥ ਹੰਉਮੈ ਮਾਇਆ ਮੈਲੁ ਹੈ, ਮਾਇਆ ਮੈਲੁ ਭਰੀਜੈ ਰਾਮ ॥ ਗੁਰਮਤੀ ਮਨੁ ਨਿਰਮਲਾ, ਰਸਨਾ ਹਰਿ ਰਸੁ ਪੀਜੈ ਰਾਮ ॥ ਰਸਨਾ ਹਰਿ ਰਸੁ ਪੀਜੈ ਅੰਤਰੁ ਭੀਜੈ, ਸਾਚ ਸਬਦਿ ਬੀਚਾਰੀ ॥ ਅੰਤਰਿ ਖੂਹਟਾ ਅੰਮ੍ਰਿਤਿ ਭਰਿਆ, ਸਬਦੇ ਕਾਢਿ ਪੀਐ ਪਨਿਹਾਰੀ ॥ ਜਿਸੁ ਨਦਰਿ ਕਰੇ ਸੋਈ ਸਚਿ ਲਾਗੈ, ਰਸਨਾ ਰਾਮੁ ਰਵੀਜੈ ॥ ਨਾਨਕ ਨਾਮਿ ਰਤੇ ਸੇ ਨਿਰਮਲ, ਹੋਰ ਹਉਮੈ ਮੈਲੁ ਭਰੀਜੈ ॥੨॥ ਹੇ ਭਾਈ! ਹਰੀ ਦਾ ਨਾਮ ਹੀ ਸੱਚਾ ਸੌਦਾ ਹੈ ਅਤੇ (ਇਸ ਦਾ) ਵਪਾਰ ਕਰਨਾ (ਆਪ ਜਪਣਾ ਤੇ ਹੋਰਨਾਂ ਨੂੰ ਜਪਾਉਣਾ) ਵੀ ਸੱਚਾ ਹੈ। ਗੁਰੂ ਦੀ ਮੱਤ ਲੈ ਕੇ ਹਰੀ ਦਾ ਨਾਮ ਖ੍ਰੀਦਿਆ ਜਾ ਸਕਦਾ ਹੈ, (ਇਸ ਨਾਮ ਦਾ) ਮੁੱਲ ਅਤਿਅੰਤ ਵੱਡਾ ਹੈ। (ਇਸ) ਸੱਚੇ ਵਪਾਰ ਦਾ ਮੁੱਲ ਬਹੁਤ ਵੱਡਾ ਹੈ, ਸੱਚੇ ਵਪਾਰ ਵਿਚ ਵੱਡੇ ਭਾਗਾਂ ਵਾਲੇ ਲੋਕ ਲੱਗੇ ਹਨ। (ਜਿਨ੍ਹਾਂ ਪੁਰਖਾਂ ਦੀ) ਲਿਵ ਸੱਚੇ ਨਾਮ ਵਿਚ ਲੱਗੀ ਹੋਈ ਹੈ, ਉਹ ਅੰਦਰੋਂ ਬਾਹਰੋਂ (ਮਨੋਂ ਤਨੋਂ) ਭਗਤੀ ਦੇ ਰੰਗ ਵਿਚ ਰੰਗੇ ਹੋਏ ਹਨ। (ਜਿਸ ਮਨੁੱਖ ਉਤੇ ਪ੍ਰਭੂ) ਮੇਹਰ ਦੀ ਨਜਰ ਕਰਦਾ ਹੈ, ਉਹ ਹੀ ਗੁਰੂ ਦੇ ਸ਼ਬਦ ਦੁਆਰਾ ਵਿਚਾਰ ਕਰਕੇ (ਨਾਮ ਰੂਪ) ਸੱਚਾ ਸੌਦਾ ਪ੍ਰਾਪਤ ਕਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਮਨੁੱਖ ਪ੍ਰਭੂ ਦੇ) ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਨੇ ਹੀ ਸੱਚੇ ਪ੍ਰਭੂ ਦੇ ਨਾਮ ਵਪਾਰ ਵਿਚ ਲਗ ਕੇ ਆਤਮਕ ਸੁਖ ਪਾਇਆ ਹੈ।੧। ਹੇ ਭਾਈ! ਹਉਮੈ, ਮਾਇਆ ਦੀ ਮੈਲ ਹੈ, ਮਾਇਆ ਦੀ ਮੈਲ (ਅਜੇਹੀ ਹੈ, ਜਿਸ ਨਾਲ ਮਨ) ਭਰਿਆ ਰਹਿੰਦਾ ਹੈ। ਗੁਰੂ ਦੀ ਮੱਤ ਲੈ ਕੇ ਜੀਭ ਨਾਲ ਹਰੀ ਦਾ ਨਾਮ ਰਸ ਪੀਵੀਏ ਤਾਂ ਮਨ ਨਿਰਮਲ ਹੋ ਜਾਂਦਾ ਹੈ। ਜੀਭ ਨਾਲ ਹਰੀ ਦਾ ਨਾਮ ਰਸ ਪੀਂਦੇ ਰਹੀਏ ਤਾਂ ਹਿਰਦਾ (ਨਾਮ ਰਸ ਨਾਲ) ਭਿੱਜ ਜਾਂਦਾ ਹੈ ਅਤੇ ਸੱਚੇ ਸ਼ਬਦ ਵਿਚ ਜੁੜ ਕੇ ਵਿਚਾਰਵਾਨ ਹੋ ਜਾਈਦਾ ਹੈ। ਅੰਮ੍ਰਿਤ ਨਾਲ ਭਰਿਆ ਹੋਇਆ ਖੂਹ (ਹਰੇਕ ਜੀਵ ਦੇ) ਹਿਰਦੇ ਅੰਦਰ ਹੈ, (ਪਰ ਇਸ ਵਿਚੋਂ ਵਿਰਲੇ ਮਨੁੱਖ ਦੀ ਨਾਮ ਜਲ) ਕੱਢਣ ਵਾਲੀ ਸੁਰਤ (ਗੁਰੂ ਦੇ) ਸ਼ਬਦ ਦੁਆਰਾ (ਨਾਮ ਅੰਮ੍ਰਿਤ) ਕੱਢ ਕੇ ਪੀਂਦੀ ਹੈ। ਜਿਸ ਮਨੁੱਖ ਉਤੇ ਪ੍ਰਭੂ ਮੇਹਰ ਦੀ ਨਜਰ ਕਰਦਾ ਹੈ, ਉਹ ਹੀ ਸੱਚੇ ਪ੍ਰਭੂ ਨਾਲ ਲਗਦਾ ਹੈ ਅਤੇ ਜੀਭ ਨਾਲ ਪ੍ਰਭੂ ਨੂੰ ਸਿਮਰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਹੜੇ ਪੁਰਖ ਹਰੀ ਦੇ ਨਾਮ ਵਿਚ ਰੰਗੇ ਹੋਏ ਹਨ, ਉਹ ਹੀ ਨਿਰਮਲ ਹਨ, ਹੋਰ (ਸਾਰਾ ਜਗਤ) ਹਉਮੈ ਦੀ ਮੈਲ ਨਾਲ ਭਰਿਆ (ਲਿਬੜਿਆ) ਹੋਇਆ ਹੈ।੨।

ਪਦਾਰਥ = ਗੁਰਮਤੀ–ਗੁਰੂ ਦੀ ਸਿੱਖਿਆ ਲੈ ਕੇ। ਵਣਜੀਐ–ਖ੍ਰੀਦਿਆ ਜਾ ਸਕਦਾ ਹੈ। ਅਤਿ–ਬਹੁਤ। ਮੋਲੁ–ਮੁੱਲ। ਅਫਾਰਾ–ਬਹੁਤ

ਵੱਡਾ। ਸਚਿ ਵਾਪਾਰਿ–ਸੱਚੇ ਵਪਾਰ ਵਿਚ। ਅੰਤਰਿ–ਮਨ ਦੇ ਅੰਦਰ। ਬਾਹਰਿ–ਬਾਹਰ (ਤਨ ਕਰਕੇ)। ਰਾਤੇ–ਰੰਗੇ ਹੋਏ ਹਨ। ਸਚਿ ਨਾਮਿ–ਸੱਚੇ ਨਾਮ ਵਿਚ। ਨਦਰਿ ਕਰੇ–ਮੇਹਰ ਦੀ ਨਜਰ ਕਰਦਾ ਹੈ। ਸੋਈ–ਉਹ ਹੀ। ਨਾਮਿ ਰਤੇ–ਨਾਮ ਰੰਗ ਵਿਚ ਰੰਗੇ ਹਨ। ਤਿਨ ਹੀ–ਉਨ੍ਹਾਂ ਨੇ ਹੀ। ੧। ਭਰੀਜੈ–ਭਰ (ਲਿੱਬੜ) ਜਾਂਦਾ ਹੈ। ਨਿਰਮਲਾ–ਮੈਲ ਰਹਿਤ (ਪਵਿਤ੍ਰ)। ਰਸਨਾ–ਜੀਭ ਨਾਲ। ਪੀਜੈ–ਪੀਂਦੇ ਰਹੀਏ। ਅੰਤਰੁ–ਹਿਰਦਾ। ਅੰਤਰਿ–ਹਿਰਦੇ ਅੰਦਰ। ਖੂਹਟਾ–ਖੂਹ। ਅੰਮ੍ਰਿਤਿ–ਅੰਮ੍ਰਿਤ ਮਈ ਨਾਮ ਜਲ ਨਾਲ। ਸਬਦੇ–ਸ਼ਬਦ ਦੁਆਰਾ। ਕਾਢਿ ਪੀਐ–ਕੱਢ ਕੇ ਪੀਂਦੀ ਹੈ। ਪਨਿਹਾਰੀ–(ਨਾਮ) ਜਲ ਕੱਢਣ ਵਾਲੀ (ਸੁਰਤ)। ਰਵੀਜੈ–ਸਿਮਰਦਾ ਹੈ। ਸੇ–ਉਹ। ੨।

ਅੰਗ ੫੭੧ = ਪੰਡਿਤ ਜੋਤਕੀ ਸਭਿ ਪੜਿ ਪੜਿ ਕੂਕਦੇ, ਕਿਸੁ ਪਹਿ ਕਰਹਿ ਪੁਕਾਰਾ ਰਾਮ ॥ ਮਾਇਆ ਮੋਹੁ ਅੰਤਰਿ ਮਲੁ ਲਾਗੈ, ਮਾਇਆ ਕੇ ਵਾਪਾਰਾ ਰਾਮ ॥ ਮਾਇਆ ਕੇ ਵਾਪਾਰਾ ਜਗਤਿ ਪਿਆਰਾ, ਆਵਣਿ ਜਾਣਿ ਦੁਖੁ ਪਾਈ ॥ ਬਿਖੁ ਕਾ ਕੀੜਾ ਬਿਖੁ ਸਿਉ ਲਾਗਾ, ਬਿਸ੍ਟਾ ਮਾਹਿ ਸਮਾਈ ॥ ਜੋ ਧੁਰਿ ਲਿਖਿਆ ਸੋਇ ਕਮਾਵੈ, ਕੋਇ ਨ ਮੇਟਣਹਾਰਾ ॥ ਨਾਨਕ ਨਾਮਿ ਰਤੇ ਤਿਨ ਸਦਾ ਸੁਖੁ ਪਾਇਆ, ਹੋਰਿ ਮੂਰਖ ਕੂਕਿ ਮੁਏ ਗਾਵਾਰਾ ॥੩॥ ਮਾਇਆ ਮੋਹਿ ਮਨੁ ਰੰਗਿਆ, ਮੋਹਿ ਸੁਧਿ ਨ ਕਾਈ ਰਾਮ ॥ ਗੁਰਮੁਖਿ ਇਹੁ ਮਨੁ ਰੰਗੀਐ, ਦੂਜਾ ਰੰਗੁ ਜਾਈ ਰਾਮ ॥ ਦੂਜਾ ਰੰਗੁ ਜਾਈ ਸਾਚਿ ਸਮਾਈ, ਸਚਿ ਭਰੇ ਭੰਡਾਰਾ ॥ ਗੁਰਮੁਖਿ ਹੋਵੈ ਸੋਈ ਬੂਝੈ, ਸਚਿ ਸਵਾਰਣਹਾਰਾ ॥ ਆਪੇ ਮੇਲੇ ਸੋ ਹਰਿ ਮਿਲੈ, ਹੋਰੁ ਕਹਣਾ ਕਿਛੂ ਨ ਜਾਏ ॥ ਨਾਨਕ ਵਿਣੁ ਨਾਵੈ ਭਰਮਿ ਭੁਲਾਇਆ, ਇਕਿ ਨਾਮਿ ਰਤੇ ਰੰਗੁ ਲਾਏ ॥੪॥੫॥ ਹੇ ਭਾਈ! ਪੰਡਤ ਤੇ ਜੋਤਸ਼ੀ (ਵੇਦ ਸ਼ਾਸਤ੍ਰ ਤੇ ਜੋਤਿਸ਼ ਦੇ ਗ੍ਰੰਥ) ਪੜ੍ਹ ਪੜ੍ਹ ਕੇ ਉਚੀ ਉਚੀ ਬੋਲਦੇ ਹਨ (ਉਪਦੇਸ਼ ਦੇਂਦੇ ਹਨ, ਉਹ) ਕਿਸ ਪਾਸ ਪੁਕਾਰਾਂ ਕਰਦੇ ਹਨ ਭਾਵ ਕਿਸ ਨੂੰ ਸੁਣਾਉਂਦੇ ਹਨ? (ਕਿਉਂਕਿ ਉਨ੍ਹਾਂ ਦੇ) ਅੰਦਰ ਤਾਂ ਮਾਇਆ ਦਾ ਮੋਹ ਹੈ ਤੇ (ਹਉਮੈ ਦੀ) ਮੈਲ ਹੈ ਅਤੇ (ਪੰਡਤਾਂ ਦਾ ਉਪਦੇਸ਼ ਤੇ ਜੋਤਸ਼ੀਆਂ ਦਾ ਜੋਤਿਸ਼) ਮਾਇਆ ਦਾ ਹੀ ਵਪਾਰ ਹੈ। ਜਗਤ ਵਿਚ (ਉਨ੍ਹਾਂ ਨੂੰ) ਮਾਇਆ ਦਾ ਵਪਾਰ ਪਿਆਰਾ ਲਗਦਾ ਹੈ, (ਇਸੇ ਕਰਕੇ ਉਹ) ਜੰਮਣ ਮਰਨ ਵਿਚ ਦੁਖ ਪਾਉਂਦੇ ਹਨ। ਮਾਇਆ ਦਾ ਕੀੜਾ ਹੈ ਤੇ ਮਾਇਆ ਨਾਲ ਲੱਗਾ ਰਹਿੰਦਾ ਹੈ, (ਅੰਤ ਮਰ ਕੇ) ਵਿਸ਼ਟਾ ਵਿਚ ਜਾ ਕੇ ਸਮਾ ਜਾਂਦਾ (ਗਰਭ ਵਿਚ ਪੈਂਦਾ) ਹੈ। ਜੋ ਧੁਰ ਦਰਗਾਹ ਤੋਂ (ਉਸ ਦੇ ਮੱਥੇ ਤੇ ਲੇਖ) ਲਿਖਿਆ ਹੁੰਦਾ ਹੈ, ਉਹ ਹੀ (ਜਗਤ ਵਿਚ ਆ ਕੇ) ਕਮਾਉਂਦਾ ਹੈ, (ਉਸ ਲੇਖ ਨੂੰ ਸਤਿਗੁਰੂ ਤੋਂ ਬਿਨਾ) ਕੋਈ ਮਿਟਾਉਣ ਵਾਲਾ ਨਹੀਂ। ਨਾਨਕ ਗੁਰੂ ਜੀ ਆਖਦੇ ਹਨ ਕਿ (ਜੋ ਪੁਰਖ ਹਰੀ ਦੇ) ਨਾਮ ਵਿਚ ਰੰਗੇ ਹੋਏ ਹਨ, ਉਨ੍ਹਾਂ ਨੇ ਸਦਾ ਹੀ ਸੁਖ ਪਾਇਆ ਹੈ, ਹੋਰ (ਬਾਕੀ ਦੇ ਨਾਮ ਹੀਣ) ਮੂਰਖ ਤੇ ਬੇਸਮਝ ਲੋਕ ਕੂਕਦੇ (ਲੋਕਾਂ ਨੂੰ ਉਪਦੇਸ਼ ਦੇਂਦੇ) ਮਰ ਗਏ ਹਨ। ੩। (ਮਨਮੁਖ ਦਾ) ਮਨ ਮਾਇਆ ਦੇ ਮੋਹ ਵਿਚ ਰੰਗਿਆ ਹੋਇਆ ਹੈ, ਮੋਹ ਵਿਚ (ਉਸ ਨੂੰ ਨਾਮ ਜਪਣ ਦੀ) ਕੋਈ ਹੋਸ਼ ਨਹੀਂ ਰਹਿੰਦੀ। ਜੇ ਗੁਰੂ ਦੁਆਰਾ ਇਹ ਮਨ ਰੰਗ ਲਈਏ ਤਾਂ ਦੂਜਾ (ਮਾਇਆ ਦਾ) ਰੰਗ ਲਹਿ ਜਾਂਦਾ ਹੈ। (ਜਦ) ਦੂਜਾ ਰੰਗ ਲਹਿ ਜਾਂਦਾ ਹੈ ਤਾਂ ਸੱਚੇ ਨਾਮ ਵਿਚ ਲੀਨਤਾ ਹੋ ਜਾਂਦੀ ਹੈ ਅਤੇ ਭੰਡਾਰੇ ਸੱਚ ਨਾਲ ਭਰੇ ਰਹਿੰਦੇ ਹਨ। (ਜਿਹੜਾ) ਗੁਰਮੁਖ ਹੁੰਦਾ ਹੈ, ਉਹ (ਇਸ ਗੱਲ ਨੂੰ) ਸਮਝਦਾ ਹੈ ਅਤੇ ਸੱਚੇ ਨਾਮ ਦੁਆਰਾ (ਉਹ ਅਪਣੇ ਆਪ ਨੂੰ) ਸੁਧਾਰਨ ਵਾਲਾ ਹੁੰਦਾ ਹੈ। ਉਹ ਮਨੁੱਖ ਹਰੀ ਨਾਲ ਮਿਲਦਾ ਹੈ, (ਜਿਸ ਨੂੰ ਉਹ) ਆਪੇ ਅਪਣੇ ਨਾਲ ਮਿਲਾ ਲਵੇ, ਹੋਰ ਕੁਛ ਕਿਹਾ ਨਹੀਂ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਤੋਂ ਬਿਨਾ ਹੋਣ ਕਰ ਕੇ (ਮਨਮੁਖਾਂ ਨੂੰ ਪ੍ਰਭੂ ਨੇ) ਭਰਮ ਵਿਚ ਭੁਲਾ (ਕੁਰਾਹੇ ਪਾ) ਦਿਤਾ ਹੈ, ਕਈ (ਗੁਰਮੁਖ ਪ੍ਰਭੂ ਨਾਲ) ਪ੍ਰੇਮ ਲਾ ਕੇ ਨਾਮ ਵਿਚ ਰੰਗੇ ਰਹਿੰਦੇ ਹਨ। ੪। ੫।

ਪਦਾਰਥ = ਜੋਤਕੀ–ਜੋਤਸ਼ੀ। ਕੂਕਦੇ–ਉਚੀ ਉਚੀ ਬੋਲਦੇ (ਉਪਦੇਸ਼ ਦੇਂਦੇ) ਹਨ। ਕਿਸ ਪਹਿ–ਕਿਸ ਪਾਸ। ਕਰਹਿ–ਕਰਦੇ ਹਨ। ਅੰਤਰਿ–(ਮਨ ਦੇ) ਅੰਦਰ। ਜਗਤਿ–ਜਗਤ ਵਿਚ। ਆਵਣਿ ਜਾਣਿ–ਆਉਣ ਜਾਣ (ਜਨਮ ਮਰਨ ਦੇ ਗੇੜ) ਵਿਚ। ਬਿਖੁ–ਮਾਇਆ ਰੂਪ ਜਹਿਰ। ਸਿਉ–ਨਾਲ। ਬਿਸ੍ਟਾ ਮਾਹਿ–ਗੂੰਹ ਵਿਚ। ਸਮਾਈ–ਮਿਲ ਜਾਂਦਾ ਹੈ। ਧੁਰਿ–ਧੁਰ ਦਰਗਾਹ ਤੋਂ। ਸੋਇ–ਉਹ ਹੀ। ਨਾਮਿ ਰਤੇ –ਨਾਮ ਵਿਚ ਰੰਗੇ ਹੋਏ। ਤਿਨ–ਉਨ੍ਹਾਂ ਨੇ। ਮੁਏ–ਮਰ ਗਏ। ਗਵਾਰਾ–ਬੇਸਮਝ। ੩। ਮੋਹਿ–ਮੋਹ ਵਿਚ। ਸੁਧਿ–ਹੋਸ਼; ਸਮਝ। ਕਾਈ–ਕੋਈ। ਗੁਰਮੁਖਿ–ਗੁਰੂ ਦੁਆਰਾ। ਦੂਜਾ ਰੰਗੁ–(ਹਰੀ ਤੋਂ ਬਿਨਾ ਹੋਰ) ਮਾਇਆ ਦਾ ਪ੍ਰੇਮ। ਜਾਈ–ਲਹਿ ਜਾਂਦਾ ਹੈ। ਸਾਚਿ–ਸੱਚੇ ਨਾਮ ਵਿਚ। ਸਮਾਈ–ਲੀਨਤਾ। ਸੋਈ–ਉਹ ਹੀ। ਸੋ–ਉਹ। ਇਕਿ–ਕਈ। ੪। ੫।

ਵਡਹੰਸੁ ਮਹਲਾ ੩ ॥ ਏ ਮਨ ਮੇਰਿਆ ਆਵਾ ਗਉਣੁ ਸੰਸਾਰੁ, ਅੰਤਿ ਸਚਿ ਨਿਬੇੜਾ ਰਾਮ ॥ ਆਪੇ ਸਚਾ ਬਖਸਿ ਲਏ, ਫਿਰਿ ਹੋਇ ਨ ਫੇਰਾ ਰਾਮ ॥ ਫਿਰਿ ਹੋਇ ਨ ਫੇਰਾ ਅੰਤਿ ਸਚਿ ਨਿਬੇੜਾ, ਗੁਰਮੁਖਿ ਮਿਲੈ ਵਡਿਆਈ ॥ ਸਾਚੈ ਰੰਗਿ ਰਾਤੇ ਸਹਜੇ ਮਾਤੇ, ਸਹਜੇ ਰਹੇ ਸਮਾਈ ॥ ਸਚਾ ਮਨਿ ਭਾਇਆ ਸਚੁ ਵਸਾਇਆ, ਸਬਦਿ ਰਤੇ ਅੰਤਿ ਨਿਬੇਰਾ ॥ ਨਾਨਕ ਨਾਮਿ ਰਤੇ ਸੇ ਸਚਿ ਸਮਾਣੇ, ਬਹੁਰਿ

ਨ ਭਵਜਲਿ ਫੇਰਾ ॥੧॥ ਮਾਇਆ ਮੋਹੁ ਸਭੁ ਬਰਲੁ ਹੈ, ਦੂਜੈ ਭਾਇ ਖੁਆਈ ਰਾਮ ॥ ਮਾਤਾ ਪਿਤਾ ਸਭੁ ਹੇਤੁ ਹੈ, ਹੇਤੇ ਪਲਚਾਈ ਰਾਮ ॥ ਹੇਤੇ ਪਲਚਾਈ ਪੁਰਬਿ ਕਮਾਈ, ਮੇਟਿ ਨ ਸਕੈ ਕੋਈ ॥ ਜਿਨਿ ਸ੍ਰਿਸਟਿ ਸਾਜੀ ਸੋ ਕਰਿ ਵੇਖੈ, ਤਿਸੁ ਜੇਵਡੁ ਅਵਰੁ ਨ ਕੋਈ ॥ ਮਨਮੁਖਿ ਅੰਧਾ ਤਪਿ ਤਪਿ ਖਪੈ, ਬਿਨੁ ਸਬਦੈ ਸਾਂਤਿ ਨ ਆਈ ॥ ਨਾਨਕ ਬਿਨੁ ਨਾਵੈ ਸਭੁ ਕੋਈ ਭੁਲਾ, ਮਾਇਆ ਮੋਹਿ ਖੁਆਈ ॥੨॥ ਹੇ ਮੇਰੇ ਮਨ! ਇਹ ਸੰਸਾਰ ਜੰਮਣ ਮਰਨ ਰੂਪ ਹੈ (ਹਰ ਜੀਵ ਜੰਮਦਾ ਮਰਦਾ ਰਹਿੰਦਾ ਹੈ), ਅੰਤ ਵਿਚ ਸੱਚੇ ਨਾਮ ਵਿਚ ਜੁੜਨ ਨਾਲ (ਜਨਮ ਮਰਨ ਤੋਂ) ਛੁਟਕਾਰਾ ਹੁੰਦਾ ਹੈ।(ਸੱਚਾ ਨਾਮ ਜਪਣ ਵਾਲੇ ਮਨੁੱਖ ਨੂੰ) ਸੱਚਾ ਪ੍ਰਭੂ ਆਪੇ ਬਖਸ਼ ਲੈਂਦਾ ਹੈ, ਮੁੜ ਕੇ (ਉਸ ਨੂੰ ਜਨਮ ਮਰਨ ਦਾ) ਫੇਰਾ ਨਹੀਂ ਹੁੰਦਾ।ਅੰਤ ਵਿਚ (ਜਨਮ ਮਰਨ ਤੋਂ) ਛੁਟਕਾਰਾ ਸੱਚੇ ਨਾਮ ਦੁਆਰਾ ਹੀ ਹੁੰਦਾ ਹੈ, (ਜਿਸ ਕਰਕੇ) ਮੁੜ ਦੁਬਾਰਾ (ਜਨਮ ਮਰਨ ਵਿਚ) ਫੇਰਾ ਨਹੀਂ ਹੁੰਦਾ ਅਤੇ ਗੁਰੂ ਦੁਆਰਾ (ਨਾਮ ਜਪਣ ਵਾਲੇ ਮਨੁੱਖ ਨੂੰ ਲੋਕ ਪ੍ਰਲੋਕ ਵਿਚ) ਵਡਿਆਈ ਮਿਲਦੀ ਹੈ।(ਜੋ ਮਨੁੱਖ) ਸੱਚੇ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਸੁਭਾਵਕ ਹੀ ਮਸਤ ਹਨ ਅਤੇ ਸੁਭਾਵਕ ਹੀ ਪ੍ਰਭੂ ਵਿਚ ਲੀਨ ਰਹਿੰਦੇ ਹਨ।(ਜਿਨ੍ਹਾਂ ਪੁਰਖਾਂ ਨੂੰ) ਸੱਚਾ ਨਾਮ ਭਾਇਆ ਹੈ ਅਤੇ ਸੱਚੇ ਪ੍ਰਭੂ ਨੂੰ ਮਨ ਵਿਚ ਵਸਾਇਆ ਹੈ, ਗੁਰੂ ਦੇ ਸ਼ਬਦ ਵਿਚ ਰੰਗੇ ਹੋਣ ਕਰਕੇ (ਉਨ੍ਹਾਂ ਦਾ) ਅੰਤ ਵਿਚ (ਜਨਮ ਮਰਨ ਤੋਂ) ਛੁਟਕਾਰਾ ਹੋ ਜਾਂਦਾ ਹੈ।ਨਾਨਕ ਗੁਰੀ ਜੀ ਆਖਦੇ ਹਨ ਕਿ (ਜੋ ਮਨੁੱਖ) ਨਾਮ ਵਿਚ ਰੰਗੇ ਹੋਏ ਹਨ, ਉਹ ਸੱਚੇ ਪ੍ਰਭੂ ਵਿਚ ਸਮਾ ਜਾਂਦੇ ਹਨ ਅਤੇ (ਉਨ੍ਹਾਂ ਦਾ) ਮੁੜ ਕੇ ਭਵਜਲ ਵਿਚ ਫੇਰਾ ਨਹੀਂ ਪੈਂਦਾ।੧।ਮਾਇਆ ਦਾ ਮੋਹ ਸਭ ਪਾਗਲਪਣ ਹੈ, ਜੋ ਦ੍ਵੈਤ ਭਾਵ ਵਿਚ ਪਾ ਕੇ (ਮਨੁੱਖ ਨੂੰ) ਕੁਰਾਹੇ ਪਾ ਦੇਂਦਾ ਹੈ।ਮਾਂ ਬਾਪ ਆਦਿ ਸਬੰਧੀ ਸਾਰੇ ਮੋਹ ਰੂਪ ਹਨ, (ਇਹ ਸਾਰੇ ਰਿਸ਼ਤੇ ਮਨੁੱਖ ਨੂੰ) ਮੋਹ ਵਿਚ ਫਸਾਈ ਰਖਦੇ ਹਨ।ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦੀ ਕਮਾਈ ਨੇ ਹੀ (ਦੁਨੀਆਂ) ਮੋਹ ਵਿਚ ਫਸਾਈ ਹੋਈ ਹੈ, (ਇਨ੍ਹਾਂ ਕੀਤੇ ਕਰਮਾਂ ਦਾ ਫਲ) ਕੋਈ ਮਨੁੱਖ ਮੇਟ ਨਹੀਂ ਸਕਦਾ।ਜਿਸ ਪ੍ਰਭੂ ਨੇ ਸ੍ਰਿਸਟੀ ਸਾਜੀ ਹੈ, ਉਹ ਸਾਜ ਕਰਕੇ (ਇਸ ਨੂੰ) ਦੇਖਦਾ ਹੈ (ਪਾਲਦਾ ਪੋਸਦਾ ਤੇ ਸੰਭਾਲਦਾ ਹੈ) ਉਸ ਜਿਤਨਾ ਵੱਡਾ ਹੋਰ ਕੋਈ ਨਹੀਂ।ਮਨਮੁਖ ਮੋਹ ਵਿਚ ਅੰਨ੍ਹਾਂ ਹੋਇਆ ਤਪ ਤਪ ਕੇ ਖਪਦਾ (ਦੁਖੀ ਹੁੰਦਾ) ਹੈ, ਗੁਰੂ ਦੇ ਸ਼ਬਦ ਤੋਂ ਬਿਨਾ (ਮਨਮੁਖ ਨੂੰ) ਸ਼ਾਂਤੀ ਨਹੀਂ ਆ ਸਕਦੀ।ਨਾਨਕ ਗੁਰੂ ਜੀ ਆਖਦੇ ਹਨ ਕਿ (ਹਰੀ ਦੇ) ਨਾਮ ਸਿਮਰਨ ਤੋਂ ਬਿਨਾ ਸਭ ਕੋਈ ਭੁੱਲਿਆ ਫਿਰਦਾ ਹੈ, ਮਾਇਆ ਦੇ ਮੋਹ ਨੇ (ਸਾਰੀ ਦੁਨੀਆਂ) ਕੁਰਾਹੇ ਪਾਈ ਹੋਈ ਹੈ।੨।

ਪਦਾਰਥ = ਆਵਾਗਉਣੁ–ਜਗਤ ਵਿਚ ਜਨਮ ਲੈ ਕੇ ਆਉਣਾ ਤੇ ਮਰ ਕੇ ਚਲੇ ਜਾਣਾ।ਅੰਤਿ–ਅੰਤ ਵਿਚ।ਸਚਿ–ਸੱਚੇ ਨਾਮ ਵਿਚ ਜੁੜਨ ਨਾਲ।ਨਿਬੇੜਾ–ਛੁਟਕਾਰਾ; ਖਾਤਮਾ (ਜਨਮ ਮਰਨ ਦਾ)।ਸਚਾ–ਸੱਚਾ ਪ੍ਰਭੂ।ਫਿਰਿ–ਮੁੜ ਦੁਬਾਰਾ।ਗੁਰਮੁਖਿ–ਗੁਰੂ ਦੁਆਰਾ। ਫੇਰਾ–ਗੇੜਾ; ਚੱਕਰ।ਸਾਚੈ–ਸੱਚੇ ਪ੍ਰਭੂ ਦੇ।ਰੰਗਿ ਰਾਤੇ–ਪ੍ਰੇਮ ਰੰਗ ਵਿਚ ਰੰਗੇ ਹੋਏ।ਸਹਜੇ–ਸੁਭਾਵਕ ਹੀ।ਮਾਤੇ–ਮਸਤ।ਰਹੇ ਸਮਾਈ –ਲੀਨ ਰਹਿੰਦੇ ਹਨ।ਮਨਿ–ਮਨ ਵਿਚ।ਭਾਇਆ–ਪਿਆਰਾ ਲੱਗਾ ਹੈ।ਸਬਦਿ ਰਤੇ–ਗੁਰੂ ਦੇ ਸ਼ਬਦ ਵਿਚ ਰੰਗੇ ਹੋਏ।ਸੇ–ਉਹ।ਸਮਾਣੇ –ਲੀਨ ਹੋ ਜਾਂਦੇ ਹਨ।ਬਹੁਰਿ–ਮੁੜ ਦੁਬਾਰਾ।ਭਵਜਲਿ–ਸੰਸਾਰ ਸਮੁੰਦਰ ਵਿਚ।੧।ਬਰਲੁ–ਪਾਗਲਪਣ।ਦੂਜੈ ਭਾਇ–ਦ੍ਵੈਤ ਭਾਵ ਵਿਚ ।ਖੁਆਈ–ਫਸਾਈ ਰਖਦੇ ਹਨ।ਹੇਤੁ–ਮੋਹ।ਹੇਤੇ–ਮੋਹ ਵਿਚ।ਪਲਚਾਈ–ਫਸਾਈ ਰਖਦੇ ਹਨ।ਪੁਰਬਿ ਕਮਾਈ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਨੇ।ਜਿਨਿ–ਜਿਸ ਨੇ।ਸਾਜੀ–ਪੈਦਾ ਕੀਤੀ।ਸੋ–ਉਹ।ਕਰਿ–ਪੈਦਾ ਕਰਕੇ।ਵੇਖੈ–ਦੇਖਦਾ (ਨਿਗਰਾਨੀ ਕਰਦਾ) ਹੈ।ਤਿਸੁ ਜੇਵਡੁ–ਉਸ ਦੇ ਜਿਤਨਾ ਵੱਡਾ।ਅਵਰੁ–ਹੋਰ ਦੂਜਾ।ਤਪਿ ਤਪਿ–ਸੜ ਸੜ ਕੇ।ਖਪੈ–ਦੁਖੀ ਹੁੰਦਾ ਹੈ।ਮੋਹਿ–ਮੋਹ ਨੇ।੨।

ਇਹੁ ਜਗੁ ਜਲਤਾ ਦੇਖਿ ਕੈ, ਭਜਿ ਪਏ ਹਰਿ ਸਰਣਾਈ ਰਾਮ ॥ ਅਰਦਾਸਿ ਕਰੀਂ ਗੁਰ ਪੂਰੇ ਆਗੈ, ਰਖਿ ਲੇਵਹੁ ਦੇਹੁ ਵਡਾਈ ਰਾਮ ॥ ਰਖਿ ਲੇਵਹੁ ਸਰਣਾਈ ਹਰਿ ਨਾਮੁ ਵਡਾਈ, ਤੁਧੁ ਜੇਵਡੁ ਅਵਰੁ ਨ ਦਾਤਾ ॥ ਸੇਵਾ ਲਾਗੇ ਸੇ ਵਡਭਾਗੇ, ਜੁਗਿ ਜੁਗਿ ਏਕੋ ਜਾਤਾ ॥ ਜਤੁ ਸਤੁ ਸੰਜਮੁ ਕਰਮ ਕਮਾਵੈ, ਬਿਨੁ ਗੁਰ ਗਤਿ ਨਹੀ ਪਾਈ ॥ ਨਾਨਕ ਤਿਸ ਨੋ ਸਬਦੁ ਬੁਝਾਏ, ਜੋ ਜਾਇ ਪਵੈ ਹਰਿ ਸਰਣਾਈ ॥੩॥ ਜੋ ਹਰਿ ਮਤਿ ਦੇਇ ਸਾ ਊਪਜੈ, ਹੋਰ ਮਤਿ ਨ ਕਾਈ ਰਾਮ ॥ ਅੰਤਰਿ ਬਾਹਰਿ ਏਕੁ ਤੂ ,ਆਪੇ ਦੇਹਿ ਬੁਝਾਈ ਰਾਮ ॥ ਆਪੇ ਦੇਹਿ ਬੁਝਾਈ ਅਵਰ ਨ ਭਾਈ, ਗੁਰਮੁਖਿ ਹਰਿ ਰਸੁ ਚਾਖਿਆ ॥ ਦਰਿ ਸਾਚੈ ਸਦਾ ਹੈ ਸਾਚਾ, ਸਾਚੈ ਸਬਦਿ ਸੁਭਾਖਿਆ ॥ ਹੇ ਭਾਈ ! (ਮਾਇਆ ਦੇ ਮੋਹ ਵਿਚ ਇਸ) ਜਗਤ ਨੂੰ ਸੜਦਾ ਦੇਖ ਕੇ ਦੌੜ ਕੇ ਹਰੀ ਦੀ ਸ਼ਰਣ ਵਿਚ ਜਾ ਪਏ ਹਾਂ।ਮੈਂ ਪੂਰੇ ਗੁਰੂ ਅੱਗੇ ਅਰਦਾਸ ਕਰਦਾ ਹਾਂ, (ਹੇ ਗੁਰੂ ਜੀ! ਸਾਨੂੰ ਨਾਮ ਦੀ) ਵਡਿਆਈ ਦੇਵੋ ਅਤੇ (ਇਸ ਅੱਗ ਤੋਂ) ਬਚਾ ਕੇ ਰੱਖ ਲਵੋ।(ਹੇ ਗੁਰੂ ਜੀ! ਸਾਨੂੰ ਅਪਣੀ) ਸ਼ਰਣ ਵਿਚ ਰੱਖ ਲਵੋ ਅਤੇ ਹਰੀ ਦਾ ਨਾਮ ਵਡਿਆਈ ਵੱਜੋਂ ਬਖਸ਼ੋ, ਤੁਹਾਡੇ ਜਿਤਨਾ ਵੱਡਾ ਦਾਤਾ ਹੋਰ ਕੋਈ ਨਹੀਂ। (ਜੋ ਮਨੁੱਖ ਗੁਰੂ ਦੀ) ਸੇਵਾ ਵਿਚ ਲੱਗੇ ਹਨ, ਉਹ ਵੱਡੇ ਭਾਗਾਂ ਵਾਲੇ ਹਨ, (ਉਨ੍ਹਾਂ ਨੇ) ਜਾਣਿਆ ਹੈ ਕਿ ਹਰੇਕ ਜੁਗ ਵਿਚ (ਸਦਾ

ਕਾਇਮ ਰਹਿਣ ਵਾਲਾ) ਇਕੋ ਪ੍ਰਭੂ ਹੈ।(ਭਾਵੇਂ ਕੋਈ ਮਨੁੱਖ) ਜਪ ਤਪ ਤੇ ਸੰਜਮ ਆਦਿ ਕਰਮ ਕਮਾ ਲਵੇ, (ਪਰ ਕਿਸੇ ਨੇ ਵੀ) ਗੁਰੂ ਤੋਂ ਬਿਨਾ ਮੁਕਤੀ ਨਹੀਂ ਪਾਈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਹਰੀ ਦੀ ਸ਼ਰਣ ਵਿਚ ਜਾ ਪੈਂਦਾ ਹੈ, ਉਸ ਨੂੰ (ਗੁਰੂ ਹਰੀ ਨਾਲ ਮਿਲਾ ਦੇਣ ਵਾਲਾ) ਸ਼ਬਦ ਬੁਝਾ ਦੇਂਦਾ ਹੈ।੩।ਹੇ ਭਾਈ! ਜਿਹੜੀ ਮੱਤ (ਜੀਵ ਨੂੰ) ਹਰੀ ਦੇਂਦਾ ਹੈ, ਉਹ (ਮੱਤ ਜੀਵ ਦੇ ਅੰਦਰ) ਪੈਦਾ ਹੁੰਦੀ ਹੈ, (ਇਸ ਤੋਂ ਬਿਨਾ ਅਪਣੀ) ਹੋਰ ਕੋਈ ਮੱਤ ਨਹੀਂ ਹੁੰਦੀ।(ਹੇ ਪ੍ਰਭੂ! ਗੁਰਮੁਖਾਂ ਨੂੰ) ਤੂੰ ਆਪੇ ਬੁਝਾ ਦੇਂਦਾ ਹੈ ਕਿ (ਜੀਵਾਂ ਦੇ) ਅੰਦਰ ਤੇ ਬਾਹਰ (ਜਗਤ ਵਿਚ) ਇਕ ਤੂੰ ਹੀ ਹੈਂ।(ਜਦ ਤੂੰ ਗੁਰਮੁਖਾਂ ਨੂੰ) ਆਪੇ ਬੁਝਾ ਦੇਂਦਾ ਹੈ ਤਾਂ (ਉਨ੍ਹਾਂ ਨੂੰ) ਹੋਰ ਮੱਤ ਚੰਗੀ ਨਹੀਂ ਲਗਦੀ, (ਇਸ ਤਰ੍ਹਾਂ) ਗੁਰਮੁਖ ਨੇ ਹਰੀ ਦਾ ਨਾਮ ਰਸ ਚੱਖਿਆ ਹੈ।ਉਹ ਸੱਚੇ ਪ੍ਰਭੂ ਦੇ ਦਰ ਤੇ ਸਦਾ ਸੱਚਾ ਹੈ, (ਕਿਉਂਕਿ ਉਸ ਨੇ) ਸੱਚੇ ਗੁਰੂ ਦੇ ਸ਼ਬਦ ਦੁਆਰਾ (ਹਰੀ ਦਾ ਨਾਮ) ਚੰਗੀ ਤਰ੍ਹਾਂ ਉਚਾਰਿਆ (ਜਪਿਆ) ਹੈ।

ਅੰਗ ੫੭੨ = ਘਰ ਮਹਿ ਨਿਜ ਘਰੁ ਪਾਇਆ, ਸਤਿਗੁਰੁ ਦੇਇ ਵਡਾਈ ॥ ਨਾਨਕ ਜੋ ਨਾਮਿ ਰਤੇ ਸੇਈ ਮਹਲੁ ਪਾਇਨਿ, ਮਤਿ ਪਰਵਾਣੁ ਸਚੁ ਸਾਈ ॥੪॥੬॥ (ਜਿਸ ਮਨੁੱਖ ਨੂੰ) ਸਤਿਗੁਰੂ ਵਡਿਆਈ ਦੇਂਦਾ ਹੈ, (ਉਸ ਨੇ ਅਪਣੇ) ਹਿਰਦੇ ਘਰ ਵਿਚ ਹੀ ਅਪਣੇ ਅਸਲੀ ਘਰ ਨੂੰ ਪਾ ਲਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਜੋ ਮਨੁੱਖ ਨਾਮ ਵਿਚ ਰੰਗੇ ਹੋਏ ਹਨ, ਉਹ ਹੀ ਹਰੀ ਦੇ ਮਹਿਲ ਨੂੰ ਪਾਉਂਦੇ ਹਨ ਅਤੇ ਮੱਤ ਉਹ ਪ੍ਰਵਾਨ ਹੈ, (ਜੋ ਮਨੁੱਖ ਨੂੰ) ਸੱਚੇ ਪ੍ਰਭੂ ਤਕ ਪੁਚਾ ਦੇਵੇ।੪੬।

ਪਦਾਰਥ = ਜਲਤਾ–ਸੜਦਾ ਹੋਇਆ।ਭਜਿ ਪਏ–ਦੌੜ ਕੇ ਜਾ ਪਏ।ਕਰੀਂ–ਮੈਂ ਕਰਦਾ ਹਾਂ।ਤੁਧੁ ਜੇਵਡ–ਤੁਹਾਡੇ ਜਿਤਨਾ ਵੱਡਾ। ਅਵਰੁ–ਹੋਰ।ਸੇ–ਉਹ।ਜੁਗਿ ਜੁਗਿ–ਹਰੇਕ ਜੁਗ ਵਿਚ।ਏਕੋ–ਇਕ ਹਰੀ ਨੂੰ ਹੀ।ਜਾਤਾ–ਜਾਣਿਆ।ਜਤੁ–ਕਾਮ ਵਾਸ਼ਨਾ ਨੂੰ ਰੋਕਣ ਦਾ ਜਤਨ।ਸਤੁ–ਦਾਨ; ਉਚਾ ਆਚਰਣ।ਸੰਜਮੁ–ਇੰਦ੍ਰੀਆਂ ਨੂੰ ਵਸ ਕਰਨ ਦਾ ਜਤਨ।ਗਤਿ–ਮੁਕਤੀ।ਤਿਸ ਨੋ–ਉਸ ਨੂੰ।੩।ਮਤਿ–ਅਕਲ।ਦੇਇ–ਦੇਂਦਾ ਹੈ।ਸਾ–ਉਹ।ਕਾਈ–ਕੋਈ।ਬੁਝਾਈ–ਬੁਝਾ ਦੇਂਦਾ (ਸਮਝ ਬਖਸ਼ਦਾ) ਹੈ।ਨ ਭਾਈ–ਚੰਗੀ ਨਹੀਂ ਲਗਦੀ। ਚਾਖਿਆ–ਸਵਾਦ ਮਾਣਿਆ।ਦਰਿ–ਦਰ ਤੇ।ਸਾਚੈ–ਸੱਚੇ ਗੁਰੂ ਦੇ।ਸਬਦਿ–ਸ਼ਬਦ ਦੁਆਰਾ।ਸੁਭਾਖਿਆ–ਚੰਗੀ ਤਰ੍ਹਾਂ ਉਚਾਰਿਆ।ਘਰ ਮਹਿ–ਹਿਰਦੇ ਘਰ ਵਿਚ।ਨਿਜ ਘਰੁ–ਅਪਣੇ ਅਸਲੀ ਘਰ ਨੂੰ (ਪ੍ਰਭੂ ਦੀ ਹਜ਼ੂਰੀ ਦਾ ਅਨੁਭਵ)।ਰਤੇ–ਰੰਗੇ ਹੋਏ ਹਨ।ਸੇਈ–ਉਹ ਹੀ।ਮਹਲੁ–ਪ੍ਰਭੂ ਦਾ ਮਹੱਲ।ਪਾਇਨਿ–ਪਾਉਂਦੇ ਹਨ।ਸਾਈ–ਉਹ ਹੀ।੪।੬।

ਵਡਹੰਸੁ ਮਹਲਾ ੪ ਛੰਤ ੴ ਸਤਿਗੁਰ ਪ੍ਰਸਾਦਿ ॥ ਮੇਰੈ ਮਨਿ ਮੇਰੈ ਮਨਿ, ਸਤਿਗੁਰਿ ਪ੍ਰੀਤਿ ਲਗਾਈ ਰਾਮ ॥ ਹਰਿ ਹਰਿ ਹਰਿ ਹਰਿ ਨਾਮੁ ,ਮੇਰੈ ਮੰਨਿ ਵਸਾਈ ਰਾਮ ॥ ਹਰਿ ਹਰਿ ਨਾਮੁ ਮੇਰੈ ਮੰਨਿ ਵਸਾਈ, ਸਭਿ ਦੂਖ ਵਿਸਾਰਣਹਾਰਾ ॥ ਵਡਭਾਗੀ ਗੁਰ ਦਰਸਨੁ ਪਾਇਆ, ਧਨੁ ਧਨੁ ਸਤਿਗੁਰੂ ਹਮਾਰਾ ॥ ਊਠਤ ਬੈਠਤ ਸਤਿਗੁਰੁ ਸੇਵਹ, ਜਿਤੁ ਸੇਵਿਐ ਸਾਂਤਿ ਪਾਈ ॥ ਮੇਰੈ ਮਨਿ ਮੇਰੈ ਮਨਿ, ਸਤਿਗੁਰ ਪ੍ਰੀਤਿ ਲਗਾਈ ॥੧॥ ਹਉ ਜੀਵਾ ਹਉ ਜੀਵਾ, ਸਤਿਗੁਰ ਦੇਖਿ ਸਰਸੇ ਰਾਮ ॥ ਹਰਿ ਨਾਮੋ ਹਰਿ ਨਾਮੁ ਦ੍ਰਿੜਾਏ, ਜਪਿ ਹਰਿ ਹਰਿ ਨਾਮੁ ਵਿਗਸੇ ਰਾਮ ॥ ਜਪਿ ਹਰਿ ਹਰਿ ਨਾਮੁ ਕਮਲ ਪਰਗਾਸੇ, ਹਰਿ ਨਾਮੁ ਨਵੰ ਨਿਧਿ ਪਾਈ ॥ ਹਉਮੈ ਰੋਗੁ ਗਇਆ ਦੁਖੁ ਲਾਥਾ, ਹਰਿ ਸਹਜਿ ਸਮਾਧਿ ਲਗਾਈ ॥ ਹਰਿ ਨਾਮੁ ਵਡਾਈ ਸਤਿਗੁਰ ਤੇ ਪਾਈ, ਸੁਖੁ ਸਤਿਗੁਰ ਦੇਵ ਮਨੁ ਪਰਸੇ ॥ ਹਉ ਜੀਵਾ ਹਉ ਜੀਵਾ, ਸਤਿਗੁਰ ਦੇਖਿ ਸਰਸੇ ॥੨॥ ਨੋਟ = ਅਰਥ ਦੀ ਪੁਸ਼ਟੀ ਲਈ ਇਕ ਪਦ ਨੂੰ ਦੋ ਜਾਂ ਦੋ ਤੋਂ ਵਧ ਵਾਰ ਵਰਤਣ ਨੂੰ ਵੀਪਸਾ ਅਲੰਕਾਰ ਕਿਹਾ ਜਾਂਦਾ ਹੈ।(ਹੇ ਭਾਈ!) ਮੇਰੇ ਮਨ ਵਿਚ, ਹਾਂ ਮੇਰੇ ਮਨ ਵਿਚ ਸਤਿਗੁਰੂ ਨੇ ਪ੍ਰਭੂ ਦੀ ਪ੍ਰੀਤ ਲਗਾਈ ਹੈ; ਮੇਰੇ ਮਨ ਨੇ, ਮੇਰੇ ਮਨ ਨੇ ਸਤਿਗੁਰੂ ਨਾਲ ਪ੍ਰੀਤ ਲਾਈ ਹੈ (ਸੰ.ਸ.; ਫ.ਸ.)।ਮੇਰੇ ਮਨ ਵਿਚ (ਸਤਿਗੁਰੂ ਨੇ) ਹਰਿ ਹਰਿ ਨਾਮ ਵਸਾ ਦਿਤਾ ਹੈ।(ਸਤਿਗੁਰੂ ਨੇ ਜੋ) ਹਰਿ ਹਰਿ ਨਾਮ ਮੇਰੇ ਮਨ ਵਸਾ ਦਿਤਾ ਹੈ, (ਉਹ ਨਾਮ) ਸਾਰੇ ਦੁਖ ਭੁਲਾ (ਦੂਰ ਕਰ) ਦੇਣ ਵਾਲਾ ਹੈ।ਵੱਡੇ ਭਾਗਾਂ ਨਾਲ (ਅਸੀਂ) ਗੁਰੂ ਦਾ ਦਰਸ਼ਨ ਪਾਇਆ ਹੈ, ਸਾਡਾ ਸਤਿਗੁਰੂ ਧੰਨ ਹੈ ਧੰਨ ਹੈ।(ਅਸੀਂ) ਉਠਦਿਆਂ ਬੈਠਦਿਆਂ ਸਤਿਗੁਰੂ ਦੀ ਸੇਵਾ ਕਰਦੇ ਹਾਂ, ਜਿਸ ਸੇਵਾ ਦੀ ਬਰਕਤ ਨਾਲ (ਅਸੀਂ) ਸ਼ਾਂਤੀ ਪ੍ਰਾਪਤ ਕਰ ਲਈ ਹੈ।ਮੇਰੇ ਮਨ ਵਿਚ ਮੇਰੇ ਮਨ ਵਿਚ ਸਤਿਗੁਰੂ ਨੇ (ਪ੍ਰਭੂ ਦੀ) ਪ੍ਰੀਤ ਲਾ ਦਿਤੀ ਹੈ।੧।(ਹੇ ਭਾਈ!) ਮੈਂ ਸਤਿਗੁਰੂ ਦਾ ਦਰਸ਼ਨ ਦੇਖ ਦੇਖ ਕੇ ਅਨੰਦ ਨਾਲ ਜਿਉਂਦਾ ਹਾਂ।(ਸਤਿਗੁਰੂ ਮੈਨੂੰ) ਹਰਿ ਹਰਿ ਨਾਮ ਦ੍ਰਿੜ ਕਰਾਉਂਦਾ ਹੈ, ਜਿਸ ਹਰਿ ਹਰਿ ਨਾਮ ਨੂੰ ਜਪ ਕੇ ਮੈਂ ਖਿੜਿਆ (ਪ੍ਰਸੰਨ) ਰਹਿੰਦਾ ਹਾਂ।ਹਰਿ ਹਰਿ ਨਾਮ ਜਪ ਕੇ (ਮੇਰਾ) ਹਿਰਦਾ ਕਮਲ ਖਿੜ ਗਿਆ ਹੈ, ਹਰੀ ਦਾ ਨਾਮ ਜਪ ਕੇ ਮੈਂ ਨੌਂ ਨਿਧੀਆਂ ਪ੍ਰਾਪਤ ਕਰ ਲਈਆਂ ਹਨ (ਇਉਂ ਜਾਪਦਾ ਹੈ ਕਿ ਦੁਨੀਆਂ ਦੇ ਸਾਰੇ ਖਜਾਨੇ ਤੇ ਸੁਖ ਦੇਣ ਵਾਲੇ ਪਦਾਰਥ ਮਿਲ ਗਏ ਹਨ।ਨਾਮ ਜਪਣ ਨਾਲ ਮੇਰਾ) ਹਉਮੈ ਦਾ ਰੋਗ ਦੂਰ ਹੋ ਗਿਆ ਹੈ ਤੇ (ਇਸ ਤੋਂ ਪੈਦਾ ਹੋਇਆ) ਦੁਖ ਲਹਿ ਗਿਆ ਹੈ ਅਤੇ (ਇਸ ਨਾਮ ਨੇ)

ਹਰਿ ਵਿਚ ਸਹਜੇ ਹੀ ਸਮਾਧੀ ਲਗਾ ਦਿਤੀ ਹੈ।ਨਾਮ ਰੂਪ ਵਡਿਆਈ ਮੈਂ ਸਤਿਗੁਰੂ ਤੋਂ ਪ੍ਰਾਪਤ ਕੀਤੀ ਹੈ ਅਤੇ ਦੇਵ ਸਰੂਪ ਸਤਿਗੁਰੂ ਦੇ ਚਰਨ ਪਰਸ ਕੇ (ਮੇਰੇ) ਮਨ ਨੂੰ ਸੁਖ ਮਿਲਿਆ ਹੈ।ਮੈਂ ਸਤਿਗੁਰੂ ਦਾ ਦਰਸ਼ਨ ਦੇਖ ਦੇਖ ਕੇ ਅਨੰਦ ਨਾਲ ਜਿਉਂਦਾ ਹਾਂ।੨।

ਪਦਾਰਥ = ਮਨਿ–ਮਨ ਵਿਚ; ਮਨ ਨੇ।ਮੰਨਿ–ਮਨ ਵਿਚ।ਵਿਸਾਰਣਹਾਰਾ–ਭੁਲਾ (ਦੂਰ ਕਰ) ਦੇਣ ਵਾਲਾ।ਧਨੁ ਧਨੁ–ਧੰਨਤਾ ਦੇ ਯੋਗ; ਸਲਾਹੁਣ ਯੋਗ।ਸੇਵਹ–ਅਸੀਂ ਸੇਵਾ ਕਰਦੇ ਹਾਂ।ਜਿਤੁ ਸੇਵਿਐ–ਜਿਸ ਸੇਵਾ ਦੀ ਬਰਕਤ ਨਾਲ।੧।ਹਉ–ਮੈਂ।ਜੀਵਾ–ਜਿਉਂਦਾ ਹਾਂ।ਸਰਸੇ–ਰਸ ਨਾਲ ਭਰ ਜਾਂਦਾ ਹੈ; ਅਨੰਦ ਨਾਲ।ਦ੍ਰਿੜਾਏ–(ਹਿਰਦੇ ਵਿਚ) ਪੱਕਾ ਟਿਕਾ ਦੇਂਦਾ ਹੈ।ਵਿਗਸੇ–ਖਿੜਿਆ ਰਹਿੰਦਾ ਹਾਂ।ਕਮਲ–ਹਿਰਦਾ ਕਮਲ।ਪਰਗਾਸੇ–ਖਿੜ ਗਿਆ ਹੈ।ਨਵੰ ਨਿਧਿ–ਨੌ ਨਿਧੀਆਂ (ਦੁਨੀਆਂ ਦੇ ਸਾਰੇ ਖਜਾਨੇ)।ਲਾਥਾ–ਲਹਿ ਗਿਆ। ਸਹਜਿ–ਸੁਤੇ ਸਿੱਧ; ਅਪਣੇ ਆਪ (ਨਿਰਯਤਨ)।ਤੇ–ਤੋਂ।ਸਤਿਗੁਰ ਦੇਵ–ਕਰਤਾਰ ਸਰੂਪ ਸਤਿਗੁਰੂ।ਪਰਸੇ–ਛੂਹ ਕੇ।੨।

ਕੋਈ ਆਣਿ ਕੋਈ ਆਣਿ ਮਿਲਾਵੈ, ਮੇਰਾ ਸਤਿਗੁਰੁ ਪੂਰਾ ਰਾਮ ॥ ਹਉ ਮਨੁ ਤਨੁ ਹਉ ਮਨੁ ਤਨੁ ਦੇਵਾ, ਤਿਸੁ ਕਾਟਿ ਸਰੀਰਾ ਰਾਮ ॥ ਹਉ ਮਨੁ ਤਨੁ ਕਾਟਿ ਕਾਟਿ ਤਿਸੁ ਦੇਈ, ਜੋ ਸਤਿਗੁਰ ਬਚਨ ਸੁਣਾਏ ॥ ਮੇਰੈ ਮਨਿ ਬੈਰਾਗੁ ਭਇਆ ਬੈਰਾਗੀ, ਮਿਲਿ ਗੁਰ ਦਰਸਨਿ ਸੁਖ ਪਾਏ ॥ ਹਰਿ ਹਰਿ ਕ੍ਰਿਪਾ ਕਰਹੁ ਸੁਖ ਦਾਤੇ, ਦੇਹੁ ਸਤਿਗੁਰ ਚਰਨ ਹਮ ਧੂਰਾ ॥ ਕੋਈ ਆਣਿ ਕੋਈ ਆਣਿ ਮਿਲਾਵੈ ,ਮੇਰਾ ਸਤਿਗੁਰੁ ਪੂਰਾ ॥੩॥ ਗੁਰ ਜੇਵਡੁ ਗੁਰ ਜੇਵਡੁ ਦਾਤਾ, ਮੈ ਅਵਰੁ ਨ ਕੋਈ ਰਾਮ ॥ ਹਰਿ ਦਾਨੋ ਹਰਿ ਦਾਨੁ ਦੇਵੈ, ਹਰਿ ਪੁਰਖੁ ਨਿਰੰਜਨੁ ਸੋਈ ਰਾਮ ॥ ਹਰਿ ਹਰਿ ਨਾਮੁ ਜਿਨੀ ਆਰਾਧਿਆ, ਤਿਨ ਕਾ ਦੁਖੁ ਭਰਮੁ ਭਉ ਭਾਗਾ ॥ ਸੇਵਕ ਭਾਇ ਮਿਲੇ ਵਡਭਾਗੀ, ਜਿਨ ਗੁਰ ਚਰਨੀ ਮਨੁ ਲਾਗਾ ॥ ਕਹੁ ਨਾਨਕ ਹਰਿ ਆਪਿ ਮਿਲਾਏ, ਮਿਲਿ ਸਤਿਗੁਰ ਪੁਰਖ ਸੁਖੁ ਹੋਈ ॥ ਗੁਰ ਜੇਵਡੁ ਗੁਰ ਜੇਵਡੁ ਦਾਤਾ, ਮੈ ਅਵਰੁ ਨ ਕੋਈ ॥੪॥੧॥ (ਹੇ ਭਾਈ! ਅਜੇਹਾ ਗੁਰਮੁਖ) ਕੋਈ ਹੈ? ਜੋ ਮੈਨੂੰ ਮੇਰਾ ਪੂਰਾ ਸਤਿਗੁਰੂ ਲਿਆ ਕੇ ਮਿਲਾ ਦੇਵੇ ।ਮੈਂ (ਉਸ ਨੂੰ ਅਪਣਾ) ਮਨ ਤੇ ਤਨ ਅਰਪਣ ਕਰ ਦੇਵਾਂਗਾ ਅਤੇ ਉਸ ਨੂੰ ਸਰੀਰ ਕੱਟ ਕੇ ਵੀ ਅਰਪਣ ਕਰ ਦੇਵਾਂਗਾ।ਮੈਂ ਉਸ ਨੂੰ ਅਪਣਾ ਮਨ ਤੇ ਤਨ ਕਟ ਕੇ ਭੇਟਾ ਕਰ ਦਿਆਂਗਾ, ਜੋ (ਗੁਰਮੁਖ ਮੈਨੂੰ) ਸਤਿਗੁਰੂ ਦੇ ਬਚਨ ਸੁਣਾਵੇ।ਮੇਰੇ ਬੈਰਾਗੀ ਮਨ ਵਿਚ ਬੈਰਾਗ ਪੈਦਾ ਹੋ ਗਿਆ ਹੈ, ਗੁਰੂ ਨੂੰ ਮਿਲ ਕੇ ਅਤੇ ਗੁਰੂ ਦੇ ਦਰਸ਼ਨ ਕਰਕੇ (ਮਨ ਨੂੰ) ਸੁਖ ਪ੍ਰਾਪਤ ਹੋਵੇਗਾ।ਹੇ ਸੁੱਖਾਂ ਦੇ ਦਾਤੇ ਹਰੀ! (ਮੇਰੇ ਤੇ) ਕ੍ਰਿਪਾ ਕਰੋ, ਸਾਨੂੰ ਸਤਿਗੁਰੂ ਦੇ ਚਰਨਾਂ ਦੀ ਧੂੜ ਬਖਸ਼ ਦਿਓ।ਕੋਈ (ਗੁਰਮੁਖ) ਮੇਰਾ ਪੂਰਾ ਸਤਿਗੁਰੂ (ਮੇਰੇ ਕੋਲ) ਲਿਆ ਕੇ ਮੈਨੂੰ ਮਿਲਾ ਦੇਵੇ।੩।(ਹੇ ਭਾਈ! ਦੋਹਾਂ ਜਹਾਨਾਂ ਵਿਚ) ਗੁਰੂ ਜਿਤਨਾ ਵੱਡਾ ਦਾਤਾ ਮੈਨੂੰ ਹੋਰ ਕੋਈ ਨਹੀਂ ਦਿਸਦਾ।(ਕਿਉਂਕਿ ਗੁਰੂ ਸਾਰੇ ਦਾਨਾਂ ਤੋਂ ਵੱਡਾ ਦਾਨ) ਹਰੀ ਦੇ ਨਾਮ ਦਾ ਦਾਨ ਦੇਂਦਾ ਹੈ, ਹਰੀ ਸਰਬ ਵਿਆਪਕ ਤੇ ਮਾਇਆ ਤੋਂ ਨਿਰਲੇਪ ਹੈ।ਜਿਨ੍ਹਾਂ ਪੁਰਖਾਂ ਨੇ ਹਰਿ ਹਰਿ ਨਾਮ ਜਪਿਆ ਹੈ, ਉਨ੍ਹਾਂ ਦਾ ਦੁਖ, ਭਰਮ ਤੇ ਡਰ ਨੱਠ ਗਿਆ ਹੈ।ਉਹ ਵੱਡੇ ਭਾਗਾਂ ਵਾਲੇ ਪੁਰਖ, ਸੇਵਕਾਂ ਵਾਲੀ ਭਾਵਨਾ ਨਾਲ (ਪ੍ਰਭੂ ਵਿਚ) ਮਿਲ ਗਏ ਹਨ, ਜਿਨ੍ਹਾਂ ਦਾ ਮਨ ਗੁਰੂ ਦੇ ਚਰਨਾਂ ਨਾਲ ਜੁੜਿਆ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਹਰੀ ਆਪ ਹੀ (ਮਨੁੱਖ ਨੂੰ ਅਪਣੇ ਨਾਲ) ਮਿਲਾਉਂਦਾ ਹੈ, (ਪਰ ਇਹ ਮਿਲਾਪ ਵਾਲਾ) ਸੁਖ ਸਤਿਗੁਰ ਪੁਰਖ ਨੂੰ ਮਿਲ ਕੇ ਹੀ ਹੁੰਦਾ ਹੈ।ਮੈਨੂੰ (ਦੋਹਾਂ ਜਹਾਨਾਂ ਵਿਚ) ਗੁਰੂ ਜਿਤਨਾ ਵੱਡਾ ਦਾਤਾ ਹੋਰ ਕੋਈ ਦਿਖਾਈ ਨਹੀਂ ਦਿੰਦਾ।੪।੧।

ਪਦਾਰਥ = ਆਣਿ–ਲਿਆ ਕੇ; ਆ ਕੇ।ਹਉ–ਮੈਂ।ਦੇਵਾ–ਦੇ ਦੇਵਾਂਗਾ।ਕਾਟਿ–ਕੱਟ ਕੇ।ਤਿਸੁ–ਉਸ ਨੂੰ।ਦੇਈ–ਦੇ ਦੇਵਾਂਗਾ।ਬੈਰਾਗੁ –ਪਦਾਰਥਾਂ ਦੇ ਮੋਹ ਦਾ ਤਿਆਗ; ਰੱਬੀ ਪ੍ਰੇਮ ਦੀ ਖਿੱਚ।ਭਇਆ–ਹੋ ਗਿਆ।ਦੇਹੁ–ਬਖਸ਼ ਦਿਓ।ਹਮ–ਸਾਨੂੰ।ਧੂਰਾ–ਧੂੜ।੩।ਜੇਵਡੁ –ਜਿਤਨਾ ਵੱਡਾ।ਮੈ–ਮੈਨੂੰ।ਅਵਰੁ–ਹੋਰ ਦੂਜਾ।ਪੁਰਖੁ–ਸਰਬ ਵਿਆਪਕ ਪ੍ਰਭੂ।ਨਿਰੰਜਨੁ–ਮਾਇਆ ਤੋਂ ਨਿਰਲੇਪ।ਸੋਈ–ਉਹ।ਜਿਨੀ –ਜਿਨ੍ਹਾਂ ਨੇ।ਭਉ–ਡਰ।ਭਾਗਾ–ਨੱਠ ਗਿਆ।ਸੇਵਕ ਭਾਇ–ਸੇਵਕਾਂ ਵਾਲੀ ਭਾਵਨਾ ਨਾਲ।੪।੧।

ਵਡਹੰਸੁ ਮਹਲਾ ੪ ॥ ਹੰਉ ਗੁਰ ਬਿਨੁ ਹੰਉ ਗੁਰ ਬਿਨੁ ,ਖਰੀ ਨਿਮਾਣੀ ਰਾਮ ॥ ਜਗਜੀਵਨੁ ਜਗਜੀਵਨੁ ਦਾਤਾ, ਗੁਰ ਮੇਲਿ ਸਮਾਣੀ ਰਾਮ ॥ ਸਤਿਗੁਰੁ ਮੇਲਿ ਹਰਿ ਨਾਮਿ ਸਮਾਣੀ, ਜਪਿ ਹਰਿ ਹਰਿ ਨਾਮੁ ਧਿਆਇਆ ॥ ਜਿਸੁ ਕਾਰਣਿ ਹਉ ਢੂੰਢਿ ਢੂਢੇਦੀ, ਸੋ ਸਜਣੁ ਹਰਿ ਘਰਿ ਪਾਇਆ ॥ ਮੈਂ ਗੁਰੂ ਤੋਂ ਬਿਨਾ, ਹਾਂ ਮੈਂ ਗੁਰੂ ਤੋਂ ਬਿਨਾ ਬਹੁਤ ਨਿਮਾਣੀ ਹਾਂ।ਜੋ ਜਗਤ ਦਾ ਜੀਵਨ ਦਾਤਾ ਪ੍ਰਭੂ ਹੈ, ਗੁਰੂ ਦੇ ਮਿਲਣ ਕਰਕੇ ਮੈਂ ਜਗਤ ਦੇ ਜੀਵਨ ਦਾਤੇ ਪ੍ਰਭੂ ਵਿਚ ਸਮਾ ਗਈ ਹਾਂ।ਸਤਿਗੁਰੂ ਨੂੰ ਮਿਲ ਕੇ (ਮੈਂ ਉਸ ਦੇ ਬਖਸ਼ੇ) ਹਰਿ ਹਰਿ ਨਾਮ ਨੂੰ ਰਸਨਾ ਨਾਲ ਜਪਿਆ ਤੇ ਮਨ ਕਰਕੇ ਧਿਆਇਆ, ਤਦ ਮੈਂ ਹਰੀ ਦੇ ਨਾਮ ਵਿਚ ਲੀਨ ਹੋ ਗਈ ਹਾਂ।ਜਿਸ ਪ੍ਰਭੂ ਦੇ ਮਿਲਣ ਵਾਸਤੇ ਮੈਂ ਬਾਹਰ ਲੱਭਦੀ ਫਿਰਦੀ ਸੀ, ਉਹ ਹਰੀ ਸੱਜਣ ਮੈਂ (ਗੁਰੂ ਦੀ ਕ੍ਰਿਪਾ ਨਾਲ) ਹਿਰਦੇ ਵਿਚ ਹੀ ਪਾ ਲਿਆ ਹੈ।

ਅੰਗ ੫੭੩ = ਏਕ ਦ੍ਰਿਸ੍ਟਿ ਹਰਿ ਏਕੋ ਜਾਤਾ, ਹਰਿ ਆਤਮ ਰਾਮੁ ਪਛਾਣੀ ॥ ਹੰਉ ਗੁਰ ਬਿਨੁ ਹੰਉ ਗੁਰ ਬਿਨੁ ,ਖਰੀ ਨਿਮਾਣੀ

॥੧॥ ਜਿਨਾ ਸਤਿਗੁਰੁ ਜਿਨ ਸਤਿਗੁਰੁ ਪਾਇਆ, ਤਿਨ ਹਰਿ ਪ੍ਰਭੁ ਮੇਲਿ ਮਿਲਾਏ ਰਾਮ ॥ ਤਿਨ ਚਰਣ ਤਿਨ ਚਰਣ ਸਰੇਵਹ, ਹਮ ਲਾਗਹ ਤਿਨ ਕੈ ਪਾਏ ਰਾਮ ॥ ਹਰਿ ਹਰਿ ਚਰਣ ਸਰੇਵਹ ਤਿਨ ਕੇ, ਜਿਨ ਸਤਿਗੁਰੁ ਪੁਰਖ ਪ੍ਰਭੁ ਧ੍ਯਾਇਆ ॥ ਤੂ ਵਡ ਦਾਤਾ ਅੰਤਰਜਾਮੀ, ਮੇਰੀ ਸਰਧਾ ਪੂਰਿ ਹਰਿ ਰਾਇਆ ॥ ਗੁਰਸਿਖ ਮੇਲਿ ਮੇਰੀ ਸਰਧਾ ਪੂਰੀ, ਅਨਦਿਨੁ ਰਾਮ ਗੁਣ ਗਾਏ ॥ ਜਿਨ ਸਤਿਗੁਰੁ ਜਿਨ ਸਤਿਗੁਰੁ ਪਾਇਆ, ਤਿਨ ਹਰਿ ਪ੍ਰਭੁ ਮੇਲਿ ਮਿਲਾਏ ॥੨॥ ਮੈਂ ਇਕ ਨਜਰ ਨਾਲ ਇਕ ਹਰੀ ਨੂੰ (ਸਭ ਥਾਂ ਵਸਦਾ) ਜਾਣਿਆ ਹੈ (ਜਿਧਰ ਦੇਖਦਾ ਹਾਂ ਹਰੀ ਹੀ ਨਜਰ ਆਉਂਦਾ ਹੈ ਅਤੇ ਸਭ ਜੀਵਾਂ ਦੀ) ਆਤਮਾ ਵਿਚ ਰਮੇ ਰਾਮ ਨੂੰ ਪਛਾਣ ਲਿਆ ਹੈ। ਮੈਂ ਗੁਰੂ ਤੋਂ ਬਿਨਾ, ਹਾਂ ਮੈਂ ਗੁਰੂ ਤੋਂ ਬਿਨਾ ਬਹੁਤ ਨਿਮਾਣੀ ਹਾਂ।੧। ਜਿਨ੍ਹਾਂ ਪੁਰਖਾਂ ਨੇ, ਹਾਂ ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਨੂੰ ਪਾਇਆ ਹੈ, ਉਨ੍ਹਾਂ ਨੂੰ ਹਰੀ ਪ੍ਰਭੂ ਅਪਣੇ ਮੇਲਿ ਵਿਚ ਮਿਲਾ ਲੈਂਦਾ ਹੈ। ਅਸੀਂ ਉਨ੍ਹਾਂ ਦੇ ਚਰਨ, ਹਾਂ ਉਨ੍ਹਾਂ ਦੇ ਚਰਨਾਂ ਦੀ ਸੇਵਾ ਕਰਦੇ ਹਾਂ ਅਤੇ ਅਸੀਂ ਉਨ੍ਹਾਂ ਦੇ ਚਰਨੀਂ ਲਗਦੇ ਹਾਂ। ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਪੁਰਖ ਨੂੰ ਪ੍ਰਭੂ ਰੂਪ ਜਾਣ ਕੇ ਧਿਆਇਆ ਹੈ, ਹੇ ਹਰੀਂ! ਅਸੀਂ ਉਨ੍ਹਾਂ ਦੇ ਚਰਨ ਪੂਜਦੇ ਹਾਂ। ਹੇ ਹਰੀ ਰਾਜੇ! ਤੂੰ ਵੱਡਾ ਦਾਤਾ ਤੇ ਅੰਤਰਜਾਮੀ ਹੈਂ, ਮੇਰੀ ਸ਼ਰਧਾ ਪੂਰੀ ਕਰ। ਮੈਨੂੰ ਗੁਰੂ ਦੇ ਸਿਖ ਮਿਲਾ ਕੇ ਮੇਰੀ ਸ਼ਰਧਾ ਪੂਰੀ ਕਰ, (ਤਾਂ ਜੋ ਗੁਰਸਿੱਖਾਂ ਦੀ ਸੰਗਤ ਵਿਚ ਮੈਂ) ਹਰ ਰੋਜ ਪ੍ਰਭੂ ਦੇ ਗੁਣ ਗਾਉਂਦਾਂ ਰਹਾਂ; (ਉਨ੍ਹਾਂ ਗੁਰ ਸਿੱਖਾਂ ਦਾ ਮੇਲ ਕਰਾ, ਜੋ) ਹਰ ਰੋਜ ਪ੍ਰਭੂ ਦੇ ਗੁਣ ਗਾ ਕੇ ਸਾਨੂੰ ਸੁਣਾਉਂਦੇ ਰਹਿਣ। ਜਿਨ੍ਹਾਂ ਪੁਰਖਾਂ ਨੇ, ਹਾਂ ਜਿਨ੍ਹਾਂ ਪੁਰਖਾਂ ਨੇ ਸਤਿਗੁਰੂ ਨੂੰ ਪਾਇਆ ਹੈ, ਉਨ੍ਹਾਂ ਨੂੰ ਹਰੀ ਪ੍ਰਭੂ ਅਪਣੇ ਮਿਲ ਵਿਚ ਮਿਲਾ ਲੈਂਦਾ ਹੈ।੨।

ਪਦਾਰਥ = ਹੰਉ–ਮੈਂ। ਖਰੀ–ਬਹੁਤ। ਨਿਮਾਣੀ–ਬੇਬਸ; ਜਿਸ ਦਾ ਕੋਈ ਸਨਮਾਨ ਨਹੀਂ ਕਰਦਾ। ਜਗ ਜੀਵਨ–ਜਗਤ ਨੂੰ ਜੀਵਨ ਦੇਣ ਵਾਲਾ। ਸਮਾਣੀ–ਲੀਨ ਹੋ ਗਈ। ਹਰਿ ਨਾਮਿ–ਹਰੀ ਦੇ ਨਾਮ ਵਿਚ। ਜਿਸੁ ਕਾਰਣਿ–ਜਿਸ ਪ੍ਰਭੂ ਨੂੰ ਮਿਲਣ ਵਾਸਤੇ। ਸੋ–ਉਹ। ਘਰਿ –ਹਿਰਦੇ ਵਿਚ। ਦ੍ਰਿਸ੍ਟਿ–ਨਜਰ ਨਾਲ। ਜਾਤਾ–ਜਾਣਿਆ; ਪਛਾਣਿਆ। ਆਤਮ ਰਾਮੁ–ਸਭ ਦੀ ਆਤਮਾ ਵਿਚ ਰਮੇ ਰਾਮ ਨੂੰ (ਸਰਬ ਵਿਆਪਕ ਵਾਹਿਗੁਰੂ ਨੂੰ)।੧। ਜਿਨਾ–ਜਿਨ੍ਹਾਂ ਨੇ। ਤਿਨ–ਉਨ੍ਹਾਂ ਨੂੰ। ਸਰੇਵਹ–ਉਤਮ ਰੀਤੀ ਨਾਲ ਸੇਵਾ ਕਰਨੀ। ਲਾਗਹ–ਲਗਦੇ ਹਾਂ। ਪਾਏ–ਪੈਰੀਂ (ਚਰਨੀਂ)। ਧ੍ਯਾਇਆ–ਧਿਆਇਆ। ਵਡ–ਵੱਡਾ। ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ। ਪੂਰਿ–ਪੂਰੀ ਕਰ। ਹਰਿ ਰਾਇਆ–ਹੇ ਹਰੀ ਪਾਤਸ਼ਾਹ!। ਗੁਰ ਸਿਖ–ਗੁਰੂ ਦੇ ਸਿੱਖ। ਅਨਦਿਨ–ਹਰ ਰੋਜ। ਗਾਏ–ਗਾਉਂਦਾ ਰਹਾਂ; ਗਾ ਕੇ।੨।

ਹੰਉ ਵਾਰੀ ਹੰਉ ਵਾਰੀ, ਗੁਰਸਿਖ ਮੀਤ ਪਿਆਰੇ ਰਾਮ ॥ ਹਰਿ ਨਾਮੋ ਹਰਿ ਨਾਮੁ ਸੁਣਾਏ, ਮੇਰਾ ਪ੍ਰੀਤਮੁ ਨਾਮੁ ਅਧਾਰੇ ਰਾਮ ॥ ਹਰਿ ਹਰਿ ਨਾਮੁ ਮੇਰਾ ਪ੍ਰਾਨ ਸਖਾਈ, ਤਿਸੁ ਬਿਨੁ ਘੜੀ ਨਿਮਖੁ ਨਹੀ ਜੀਵਾਂ ॥ ਹਰਿ ਹਰਿ ਕ੍ਰਿਪਾ ਕਰੇ ਸੁਖ ਦਾਤਾ, ਗੁਰਮੁਖਿ ਅੰਮ੍ਰਿਤੁ ਪੀਵਾਂ ॥ ਹਰਿ ਆਪੇ ਸਰਧਾ ਲਾਇ ਮਿਲਾਏ, ਹਰਿ ਆਪੇ ਆਪਿ ਸਵਾਰੇ ॥ ਹੰਉ ਵਾਰੀ ਹੰਉ ਵਾਰੀ, ਗੁਰ ਸਿਖ ਮੀਤ ਪਿਆਰੇ ॥੩॥ ਹਰਿ ਆਪੇ ਹਰਿ ਆਪੇ, ਪੁਰਖੁ ਨਿਰੰਜਨੁ ਸੋਈ ਰਾਮ ॥ ਹਰਿ ਆਪੇ ਹਰਿ ਆਪੇ ਮੇਲੈ, ਕਰੈ ਸੋ ਹੋਈ ਰਾਮ ॥ ਜੋ ਹਰਿ ਪ੍ਰਭ ਭਾਵੈ ਸੋਈ ਹੋਵੈ, ਅਵਰੁ ਨ ਕਰਣਾ ਜਾਈ ॥ ਬਹੁਤੁ ਸਿਆਣਪ ਲਇਆ ਨ ਜਾਈ, ਕਰਿ ਥਾਕੇ ਸਭਿ ਚਤੁਰਾਈ ॥ ਗੁਰ ਪ੍ਰਸਾਦਿ ਜਨ ਨਾਨਕ ਦੇਖਿਆ, ਮੈ ਹਰਿ ਬਿਨੁ ਅਵਰੁ ਨ ਕੋਈ ॥ ਹਰਿ ਆਪੇ ਹਰਿ ਆਪੇ, ਪੁਰਖੁ ਨਿਰੰਜਨੁ ਸੋਈ ॥੪॥੨॥ ਮੈਂ (ਤਨ ਕਰਕੇ) ਕੁਰਬਾਨ ਜਾਂਦਾ ਹਾਂ (ਤੇ ਮਨ ਕਰਕੇ ਵੀ ਉਸ) ਪਿਆਰੇ ਗੁਰਸਿੱਖ ਮਿਤ੍ਰ ਤੋਂ ਕੁਰਬਾਨ ਜਾਂਦਾ ਹਾਂ। (ਜੋ ਮੈਨੂੰ) ਹਰੀ ਦਾ ਨਾਮ, ਹਰੀ ਦਾ ਨਾਮ ਸੁਣਾਵੇ, (ਇਹ) ਨਾਮ ਮੇਰਾ ਪ੍ਰੀਤਮ ਹੈ ਤੇ ਮੇਰਾ ਆਸਰਾ ਹੈ। ਹਰਿ ਹਰਿ ਨਾਮ ਮੇਰੇ ਪ੍ਰਾਣਾਂ ਦਾ ਸਾਥੀ ਹੈ, ਉਸ ਤੋਂ ਬਿਨਾ ਮੈਂ ਇਕ ਘੜੀ ਤਾਂ ਕੀ, ਇਕ ਨਿਮਖ ਮਾਤ੍ਰ ਵੀ ਨਹੀਂ ਜਿਉਂ ਸਕਦਾ। ਸੁੱਖਾਂ ਦਾ ਦਾਤਾ ਹਰੀ ਜੇ ਕ੍ਰਿਪਾ ਕਰੇ, ਤਾਂ ਮੈਂ ਗੁਰੂ ਦੁਆਰਾ ਨਾਮ ਅੰਮ੍ਰਿਤ ਪੀਵਾਂ। ਹਰੀ ਆਪ ਹੀ ਸ਼ਰਧਾ ਲਾ ਕੇ (ਮਨੁੱਖ ਨੂੰ ਅਪਣੇ ਨਾਲ) ਮਿਲਾਉਂਦਾ ਹੈ ਅਤੇ ਹਰੀ ਆਪਣੇ ਆਪ (ਮਨੁੱਖ ਦੇ ਜੀਵਨ ਨੂੰ) ਸਵਾਰਦਾ ਹੈ। ਮੈਂ ਬਲਹਾਰ ਹਾਂ, ਪਿਆਰੇ ਗੁਰਸਿਖ ਮਿਤ੍ਰ ਤੋਂ ਮੈਂ ਬਲਹਾਰ ਜਾਂਦਾ ਹਾਂ।੩। ਹਰੀ ਆਪੇ, ਹਾਂ ਹਰੀ ਆਪੇ ਉਹ ਪੁਰਖ ਹੈ, ਜੋ ਮਾਇਆ ਤੋਂ ਰਹਿਤ ਹੈ। ਹਰੀ ਆਪੇ, ਹਰੀ ਆਪੇ (ਮਨੁੱਖ ਨੂੰ ਅਪਣੇ ਨਾਲ) ਮਿਲਾਉਂਦਾ ਹੈ ਅਤੇ ਜੋ ਕੁਛ ਉਹ ਕਰਦਾ ਹੈ, ਉਹ ਹੀ ਹੁੰਦਾ ਹੈ। ਜੋ ਕੁਛ ਹਰੀ ਨੂੰ ਚੰਗਾ ਲਗਦਾ ਹੈ, ਉਹ ਹੀ ਹੁੰਦਾ ਹੈ, (ਉਸ ਦੀ ਮਰਜੀ ਤੋਂ ਬਿਨਾ) ਹੋਰ ਕੁਛ ਨਹੀਂ ਕੀਤਾ ਜਾ ਸਕਦਾ। ਬਹੁਤ ਸਿਆਣਪਾਂ ਨਾਲ ਹਰੀ ਨੂੰ ਨਹੀਂ ਲਿਆ (ਪ੍ਰਾਪਤ ਕੀਤਾ) ਜਾ ਸਕਦਾ, ਸਾਰੇ ਚਤਰਾਈਆਂ ਕਰ ਕੇ ਥਕ ਗਏ ਹਨ। ਹੇ ਦਾਸ ਨਾਨਕ! ਗੁਰੂ ਦੀ ਕ੍ਰਿਪਾ ਨਾਲ ਮੈਂ ਦੇਖਿਆ ਹੈ ਕਿ ਹਰੀ ਤੋਂ ਬਿਨਾ ਹੋਰ ਕੋਈ ਸਹਾਈ ਨਹੀਂ ਹੈ। ਹਰੀ ਆਪੇ, ਹਰੀ ਆਪੇ ਸਰਬ ਵਿਆਪਕ ਹੈ, ਜੋ ਮਾਇਆ ਤੋਂ ਰਹਿਤ ਹੈ।੪।੨।

ਪਦਾਰਥ = ਹੰਉ–ਮੈਂ। ਵਾਰੀ–ਕੁਰਬਾਨ। ਮੀਤ–ਮਿਤ੍ਰ। ਅਧਾਰੇ–ਆਸਰਾ। ਪ੍ਰਾਨ ਸਖਾਈ–ਪ੍ਰਾਣਾਂ ਦਾ ਸਾਥੀ; ਪ੍ਰਾਣਾਂ ਦਾ ਸਹਾਈ।

ਨਿਮਖ–ਅੱਖ ਝਮਕਣ ਜਿਤਨਾ ਸਮਾਂ।ਗੁਰਮੁਖਿ–ਗੁਰੂ ਦੁਆਰਾ।ਸਵਾਰੇ–ਸਵਾਰਦਾ ਹੈ।੩।ਨਿਰੰਜਨੁ–ਮਾਇਆ ਤੋਂ ਰਹਿਤ।ਸੋਈ–ਉਹ।ਸੋ–ਉਹ।ਭਾਵੈ–ਚੰਗਾ ਲਗਦਾ ਹੈ।ਅਵਰੁ–ਹੋਰ ਕੁਛ।ਗੁਰ ਪ੍ਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਜਨ–ਦਾਸ।੪।੨।

ਵਡਹੰਸੁ ਮਹਲਾ ੪ ॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ, ਹਰਿ ਸਤਿਗੁਰ ਚਰਣ ਹਮ ਭਾਇਆ ਰਾਮ ॥ ਤਿਮਰ ਅਗਿਆਨੁ ਗਵਾਇਆ, ਗੁਰ ਗਿਆਨੁ ਅੰਜਨੁ ਗੁਰਿ ਪਾਇਆ ਰਾਮ ॥ ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ, ਅਗਿਆਨ ਅੰਧੇਰ ਬਿਨਾਸੇ ॥ ਸਤਿਗੁਰ ਸੇਵਿ ਪਰਮਪਦੁ ਪਾਇਆ, ਹਰਿ ਜਪਿਆ ਸਾਸਿ ਗਿਰਾਸੇ ॥ ਜਿਨ ਕੰਉ ਹਰਿ ਪ੍ਰਭਿ ਕਿਰਪਾ ਧਾਰੀ, ਤੇ ਸਤਿਗੁਰ ਸੇਵਾ ਲਾਇਆ ॥ ਹਰਿ ਸਤਿਗੁਰ ਹਰਿ ਸਤਿਗੁਰ ਮੇਲਿ, ਹਰਿ ਸਤਿਗੁਰ ਚਰਣ ਹਮ ਭਾਇਆ ॥੧॥ ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ, ਮੈ ਗੁਰ ਬਿਨੁ ਰਹਣੁ ਨ ਜਾਈ ਰਾਮ ॥ ਹਰਿ ਨਾਮੋ ਹਰਿ ਨਾਮੁ ਦੇਵੈ, ਮੇਰਾ ਅੰਤਿ ਸਖਾਈ ਰਾਮ ॥ ਹਰਿ ਹਰਿ ਨਾਮੁ ਮੇਰਾ ਅੰਤਿ ਸਖਾਈ, ਗੁਰਿ ਸਤਿਗੁਰਿ ਨਾਮੁ ਦ੍ਰਿੜਾਇਆ ॥ ਜਿਥੈ ਪੁਤੁ ਕਲਤ੍ਰੁ ਕੋਈ ਬੇਲੀ ਨਾਹੀ, ਤਿਥੈ ਹਰਿ ਹਰਿ ਨਾਮਿ ਛਡਾਇਆ ॥ ਧਨੁ ਧਨੁ ਸਤਿਗੁਰੁ ਪੁਰਖੁ ਨਿਰੰਜਨੁ ,ਜਿਤੁ ਮਿਲਿ ਹਰਿ ਨਾਮੁ ਧਿਆਈ ॥ ਮੇਰਾ ਸਤਿਗੁਰੁ ਮੇਰਾ ਸਤਿਗੁਰੁ ਪਿਆਰਾ, ਮੈ ਗੁਰ ਬਿਨੁ ਰਹਣੁ ਨ ਜਾਈ ॥੨॥ ਹੇ ਹਰੀ! ਮੈਨੂੰ ਸਤਿਗੁਰੂ ਮਿਲਾ ਦੇ, ਹੇ ਹਰੀ! ਮੈਨੂੰ ਸਤਿਗੁਰੂ ਮਿਲਾ ਦੇ, ਮੈਨੂੰ ਹਰੀ ਸਰੂਪ ਸਤਿਗੁਰੂ ਦੇ ਚਰਣ (ਚੰਗੇ) ਪਿਆਰੇ ਲਗਦੇ ਹਨ।(ਜਿਨ੍ਹਾਂ ਪੁਰਖਾਂ ਦੀਆਂ ਮਨ ਬੁੱਧੀ ਰੂਪ ਅੱਖਾਂ ਵਿਚ) ਗੁਰੂ ਨੇ ਗੁਰੂ ਦਾ ਗਿਆਨ ਰੂਪ ਸੁਰਮਾਂ ਪਾਇਆ ਹੈ, (ਉਨ੍ਹਾਂ ਦਾ ਗੁਰੂ ਦੇ ਗਿਆਨ ਨੇ) ਅਗਿਆਨ ਰੂਪ ਹਨ੍ਹੇਰਾ ਦੂਰ ਕਰ ਦਿਤਾ ਹੈ।(ਸਾਡੀਆਂ ਮਨ ਬੁੱਧੀ ਰੂਪ ਅੱਖਾਂ ਵਿਚ) ਸਤਿਗੁਰੂ ਨੇ ਗੁਰੂ ਦਾ ਗਿਆਨ ਰੂਪ ਸੁਰਮਾਂ ਪਾਇਆ ਹੈ, (ਜਿਸ ਨੇ ਸਾਡੇ) ਅਗਿਆਨ ਦੇ ਹਨ੍ਹੇਰੇ ਨਾਸ ਕਰ ਦਿਤੇ ਹਨ।ਸਤਿਗੁਰੂ ਦੀ ਸੇਵਾ ਕਰਕੇ (ਅਸੀਂ) ਸਾਸ ਗਿਰਾਸ ਹਰੀ ਦਾ ਨਾਮ ਜਪਿਆ, (ਜਿਸ ਕਰਕੇ ਅਸੀਂ) ਪਰਮਪਦ ਪ੍ਰਾਪਤ ਕਰ ਲਿਆ ਹੈ।ਜਿਨ੍ਹਾਂ ਉਤੇ ਹਰੀ ਪ੍ਰਭੂ ਨੇ ਕ੍ਰਿਪਾ ਕੀਤੀ ਹੈ, ਉਨ੍ਹਾਂ ਨੂੰ (ਪ੍ਰਭੂ ਨੇ) ਸਤਿਗੁਰੂ ਦੀ ਸੇਵਾ ਵਿਚ ਲਗਾ ਦਿਤਾ ਹੈ।ਹੇ ਹਰੀ! ਮੈਨੂੰ ਸਤਿਗੁਰੂ ਮਿਲਾ ਦੇ, ਹੇ ਹਰੀ! ਮੈਨੂੰ ਸਤਿਗੁਰੂ ਮਿਲਾ ਦੇ, ਹਰੀ ਸਰੂਪ ਸਤਿਗੁਰੂ ਦੇ ਚਰਣ ਮੈਨੂੰ ਪਿਆਰੇ ਲਗਦੇ ਹਨ।੧।ਮੇਰਾ ਸਤਿਗੁਰੂ ,ਮੇਰਾ ਸਤਿਗੁਰੂ (ਸਾਨੂੰ) ਪਿਆਰਾ ਲਗਦਾ ਹੈ, ਮੈਥੋਂ ਪ੍ਰਭੂ ਸਰੂਪ ਗੁਰੂ ਬਿਨਾ ਰਿਹਾ ਨਹੀਂ ਜਾਂਦਾ।(ਸਤਿਗੁਰੂ ਲੋਕਾਂ ਨੂੰ) ਹਰੀ ਦਾ ਨਾਮ, ਹਰੀ ਦਾ ਨਾਮ ਦਿੰਦਾ ਹੈ, ਜੋ ਅੰਤ ਵੇਲੇ ਮੇਰਾ ਸਹਾਈ ਹੋਵੇਗਾ।ਪੂਜਨੀਕ ਸਤਿਗੁਰੂ ਨੇ ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਹੈ (ਮੇਰੇ ਹਿਰਦੇ ਵਿਚ ਪੱਕਾ ਕਰ ਦਿਤਾ ਹੈ ਅਤੇ ਵਿਸ਼ਵਾਸ ਬੱਝ ਗਿਆ ਹੈ ਕਿ) ਹਰਿ ਹਰਿ ਨਾਮ ਅੰਤ ਵੇਲੇ ਮੇਰਾ ਸਹਾਈ ਹੋਵੇਗਾ।ਜਿਥੇ (ਪ੍ਰਲੋਕ ਵਿਚ) ਪੁਤ੍ਰ ਤੇ ਇਸਤ੍ਰੀ ਕੋਈ ਵੀ ਸਹਾਈ ਨਹੀਂ ਹੁੰਦਾ, ਉਥੇ ਹਰਿ ਹਰਿ ਨਾਮ ਨੇ (ਜੀਵ ਨੂੰ ਜਮ ਦੂਤਾਂ ਤੋਂ) ਛੁਡਾਇਆ ਹੈ ।ਮਾਇਆ ਤੋਂ ਰਹਿਤ ਪ੍ਰਭੂ ਸਰੂਪ ਸਤਿਗੁਰੂ ਪੁਰਖ ਧੰਨ ਧੰਨ ਹੈ, ਜਿਸ ਨੂੰ ਮਿਲ ਕੇ ਹਰੀ ਦਾ ਨਾਮ ਧਿਆਈਦਾ ਹੈ।ਮੇਰਾ ਸਤਿਗੁਰੂ ,ਮੇਰਾ ਸਤਿਗੁਰੂ ਪਿਆਰਾ ਲਗਦਾ ਹੈ, ਮੈਥੋਂ ਪ੍ਰਭੂ ਸਰੂਪ ਗੁਰੂ ਤੋਂ ਬਿਨਾ ਰਿਹਾ ਨਹੀਂ ਜਾਂਦਾ।੨।

ਪਦਾਰਥ = ਹਰਿ–ਹੇ ਹਰੀ!।ਹਮ–ਸਾਨੂੰ।ਭਾਇਆ–ਚੰਗੇ (ਪਿਆਰੇ) ਲਗਦੇ ਹਨ।ਤਿਮਰ–ਹਨ੍ਹੇਰਾ।ਗਵਾਇਆ–ਦੂਰ ਕਰ ਦਿਤਾ ਹੈ।ਅੰਜਨੁ–ਸੁਰਮਾ।ਗੁਰਿ–ਗੁਰੂ ਨੇ।ਅੰਧੇਰ–ਹਨ੍ਹੇਰੇ।ਬਿਨਾਸੇ–ਨਾਸ ਕਰ ਦਿਤੇ।ਸੇਵਿ–ਸੇਵਾ ਕਰਕੇ।ਪਰਮਪਦੁ–ਉਚੀ ਆਤਮਕ ਅਵਾਸਥਾ।ਸਾਸਿ ਗਿਰਾਸੇ–ਹਰੇਕ ਸਾਹ ਤੇ ਹਰੇਕ ਬੁਰਕੀ ਨਾਲ (ਹਰ ਸਮੇਂ)।ਜਿਨ ਕੰਉ–ਜਿਨ੍ਹਾਂ ਉਤੇ।ਪ੍ਰਭਿ–ਪ੍ਰਭੂ ਨੇ।ਧਾਰੀ–ਕੀਤੀ ।ਤੇ–ਉਨ੍ਹਾਂ ਨੂੰ।੧।ਅੰਤਿ–ਅੰਤ ਸਮੇਂ।ਸਖਾਈ–ਸਹਾਈ; ਸਾਥੀ।ਗੁਰਿ ਸਤਿਗੁਰਿ–ਪੂਜਨੀਕ ਸਤਿਗੁਰੂ ਨੇ।ਦ੍ਰਿੜਾਇਆ–(ਹਿਰਦੇ ਵਿਚ) ਪੱਕਾ ਕਰ ਦਿਤਾ।ਕਲਤ੍ਰੁ–ਇਸਤ੍ਰੀ।ਬੇਲੀ–ਸਹਾਈ।ਨਾਮਿ–ਨਾਮ ਨੇ।ਜਿਤੁ–ਜਿਸ ਨੂੰ।ਮਿਲਿ–ਮਿਲ ਕੇ।੨।

ਅੰਗ ੫੭੪ = ਜਿਨੀ ਦਰਸਨੁ ਜਿਨੀ ਦਰਸਨੁ ,ਸਤਿਗੁਰ ਪੁਰਖ ਨ ਪਾਇਆ ਰਾਮ ॥ ਤਿਨ ਨਿਹਫਲੁ ਤਿਨ ਨਿਹਫਲੁ ਜਨਮੁ ,ਸਭੁ ਬ੍ਰਿਥਾ ਗਵਾਇਆ ਰਾਮ ॥ ਨਿਹਫਲੁ ਜਨਮੁ ਤਿਨ ਬ੍ਰਿਥਾ ਗਵਾਇਆ, ਤੇ ਸਾਕਤ ਮੁਏ ਮਰਿ ਝੂਰੇ ॥ ਘਰਿ ਹੋਦੈ ਰਤਨਿ ਪਦਾਰਥਿ ਭੂਖੇ, ਭਾਗਹੀਣ ਹਰਿ ਦੂਰੇ ॥ ਹਰਿ ਹਰਿ ਤਿਨ ਕਾ ਦਰਸੁ ਨ ਕਰੀਅਹੁ ,ਜਿਨੀ ਹਰਿ ਹਰਿ ਨਾਮੁ ਨ ਧਿਆਇਆ ॥ ਜਿਨੀ ਦਰਸਨੁ ਜਿਨੀ ਦਰਸਨੁ ,ਸਤਿਗੁਰ ਪੁਰਖ ਨ ਪਾਇਆ ॥੩॥ ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ, ਹਰਿ ਪਾਸਿ ਬੇਨੰਤੀ ਰਾਮ ॥ ਗੁਰ ਮਿਲਿ ਗੁਰ ਮੇਲਿ ਮੇਰਾ ਪਿਆਰਾ, ਹਮ ਸਤਿਗੁਰ ਕਰਹ ਭਗਤੀ ਰਾਮ ॥ ਹਰਿ ਹਰਿ ਸਤਿਗੁਰ ਕਰਹ ਭਗਤੀ, ਜਾਂ ਹਰਿ ਪ੍ਰਭੁ ਕਿਰਪਾ ਧਾਰੇ ॥ ਮੈ ਗੁਰ ਬਿਨੁ ਅਵਰੁ ਨ ਕੋਈ ਬੇਲੀ, ਗੁਰੁ ਸਤਿਗੁਰੁ ਪ੍ਰਾਣ ਹਮ੍ਾਰੇ ॥ ਕਹੁ ਨਾਨਕ ਗੁਰਿ ਨਾਮੁ ਦ੍ਰਿੜ੍ਹਾਇਆ, ਹਰਿ ਹਰਿ ਨਾਮੁ ਹਰਿ ਸਤੀ ॥ ਹਮ ਚਾਤ੍ਰਿਕ ਹਮ ਚਾਤ੍ਰਿਕ ਦੀਨ, ਹਰਿ ਪਾਸਿ ਬੇਨੰਤੀ ॥੪॥੩॥ ਜਿਨ੍ਹਾਂ ਨੇ ਦਰਸ਼ਨ, ਹਾਂ ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਪੁਰਖ ਦਾ ਦਰਸ਼ਨ ਪ੍ਰਾਪਤ ਨਹੀਂ ਕੀਤਾ।ਉਨ੍ਹਾਂ ਦਾ ਮਨੁੱਖਾ ਜਨਮ ਨਿਹਫਲ ਹੈ, ਉਨ੍ਹਾਂ ਨੇ ਸਾਰਾ ਮਨੁੱਖਾ ਜਨਮ ਨਿਹਫਲ

ਗਵਾ ਲਿਆ ਹੈ। ਉਨ੍ਹਾਂ ਨੇ ਅਪਣਾ ਮਨੁੱਖਾ ਜਨਮ ਬਿਰਥਾ ਗਵਾ ਲਿਆ ਹੈ, ਉਹ ਸਾਕਤ ਲੋਕ ਆਤਮਕ ਮੌਤੇ ਮਰ ਗਏ ਹਨ ਅਤੇ ਮਰ ਕੇ ਵੀ ਪਛਤਾਉਂਦੇ ਹਨ ਭਾਵ ਦੁਖੀ ਹੁੰਦੇ ਹਨ। (ਜਿਉਂਦੇ ਸਮੇਂ) ਹਿਰਦੇ ਘਰ ਵਿਚ ਨਾਮ ਰੂਪ ਅਮੋਲਕ ਪਦਾਰਥ ਹੁੰਦੇ ਹੋਏ ਵੀ ਭੁੱਖੇ ਰਹੇ ਹਨ, (ਅਜੇਹੇ) ਭਾਗ ਹੀਣ ਲੋਕ ਰੱਬ ਤੋਂ ਦੂਰ ਹੀ ਰਹੇ ਹਨ। ਹੇ ਹਰੀ! ਉਨ੍ਹਾਂ ਮਨੁੱਖਾਂ ਦਾ ਦਰਸ਼ਨ ਨਾ ਕਰਵਾਓ (ਉਨ੍ਹਾਂ ਦਾ ਮੂੰਹ ਨਾ ਦਿਖਾਓ), ਜਿਨ੍ਹਾਂ ਨੇ ਹਰਿ ਹਰਿ ਨਾਮ ਨਹੀਂ ਸਿਮਰਿਆ। ਜਿਨ੍ਹਾਂ ਨੇ ਦਰਸ਼ਨ, ਹਾਂ ਜਿਨ੍ਹਾਂ ਮਨੁੱਖਾਂ ਨੇ ਸਤਿਗੁਰੂ ਪੁਰਖ ਦਾ ਦਰਸ਼ਨ ਪ੍ਰਾਪਤ ਨਹੀਂ ਕੀਤਾ (ਉਨ੍ਹਾਂ ਦਾ ਮਨੁੱਖਾ ਜਨਮ ਨਿਸਫਲ ਹੈ।੩। ਗੁਰੂ ਰੂਪ ਬੱਦਲ ਤੋਂ ਨਾਮ ਰੂਪ ਸ੍ਵਾਂਤੀ ਬੂੰਦ ਪੀਣ ਵਾਲੇ) ਅਸੀਂ ਚਾਤ੍ਰਿਕ ਹਾਂ, ਅਸੀਂ ਗਰੀਬ ਚਾਤ੍ਰਿਕ ਹਾਂ, (ਸਾਡੀ) ਹਰੀ ਪਾਸ ਬੇਨਤੀ ਹੈ। ਪ੍ਰਭੂ ਨੂੰ ਮਿਲਿਆ ਜੋ ਗੁਰੂ ਹੈ, (ਉਹ) ਮੇਰਾ ਪਿਆਰਾ ਗੁਰੂ ਸਾਨੂੰ ਮਿਲਾ ਦੇ, ਤਾਂ ਕਿ ਅਸੀਂ ਗੁਰੂ ਨੂੰ ਮਿਲ ਕੇ ਸਤਿਗੁਰੂ ਦੀ ਸੇਵਾ ਭਗਤੀ ਕਰੀਏ। ਅਸੀਂ ਹਰਿ ਹਰਿ ਸਰੂਪ ਸਤਿ ਗੁਰੂ ਦੀ ਸੇਵਾ ਭਗਤੀ ਤਦ ਹੀ ਕਰ ਸਕਦੇ ਹਾਂ, ਜਦੋਂ ਹਰੀ ਪ੍ਰਭੂ (ਸਾਡੇ ਤੇ) ਕ੍ਰਿਪਾ ਕਰੇ। ਗੁਰੂ ਤੋਂ ਬਿਨਾ ਮੇਰਾ ਹੋਰ ਕੋਈ ਸਹਾਇਕ ਨਹੀਂ ਹੈ, ਪੂਜਨੀਕ ਸਤਿਗੁਰੂ ਹੀ ਸਾਡੇ ਪ੍ਰਾਣ ਰੂਪ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਨੇ ਸਾਨੂੰ ਹਰੀ ਦਾ ਨਾਮ ਦ੍ਰਿੜ ਕਰਾ ਦਿਤਾ ਹੈ, (ਇਹ) ਹਰੀ ਦਾ ਹਰਿ ਹਰਿ ਨਾਮ ਸਦੀਵੀ ਹੋਂਦ ਵਾਲਾ ਹੈ। ਅਸੀਂ ਪਪੀਹੇ ਹਾਂ, ਅਸੀਂ ਨਿਮਾਣੇ ਪਪੀਹੇ ਹਾਂ, (ਸਾਡੀ) ਹਰੀ ਪਾਸ ਬੇਨਤੀ ਹੈ (ਕਿ ਸਾਨੂੰ ਪਿਆਰਾ ਗੁਰੂ ਮਿਲਾ ਦੇ)।੪।੩।

ਪਦਾਰਥ = ਜਿਨੀ–ਜਿਨ੍ਹਾਂ ਨੇ। ਤਿਨ–ਉਨ੍ਹਾਂ ਨੇ। ਨਿਹਫਲ–ਬੇਫਾਇਦਾ। ਤੇ–ਉਹ। ਸਾਕਤ–ਦੁਰਗਾ ਜਾਂ ਕਾਲੀ ਦਾ ਪੂਜਕ; ਧਰਮ ਹੀਣ ਮਨੁੱਖ। ਮੁਏ–ਆਤਮਕ ਮੌਤੇ ਮਰ ਗਏ (ਜਿਉਂਦੇ ਹੀ ਮਰ ਗਏ)। ਮਰਿ–ਮਰ ਕੇ। ਝੂਰੇ–ਪਛਤਾਉਂਦੇ ਹਨ; ਦੁਖੀ ਹੁੰਦੇ ਹਨ। ਘਰਿ–ਹਿਰਦੇ ਵਿਚ। ਹੋਂਦੈ–ਹੁੰਦੇ ਹੋਏ। ਰਤਨ–ਅਮੋਲਕ ਨਾਮ। ਭਾਗ ਹੀਣ–ਬਦ ਕਿਸਮਤ। ਨ ਕਰੀਅਹੁ–ਨਾ ਕਰਵਾਓ।੩। ਹਮ–ਅਸੀਂ। ਚਾਤ੍ਰਿਕ–ਪਪੀਹੇ। ਦੀਨ–ਗਰੀਬ; ਅਨਾਥ। ਮਿਲਿ–ਮਿਲਿਆ ਹੋਇਆ। ਮੇਲਿ–ਮਿਲਾ ਦੇਹ। ਕਰਹ–ਅਸੀਂ ਕਰੀਏ। ਜਾਂ–ਜਦੋਂ। ਧਾਰੇ–ਕਰੇ। ਅਵਰੁ–ਹੋਰ। ਬੇਲੀ–ਸਹਾਇਕ; ਮਿਤ੍ਰ। ਗੁਰਿ–ਗੁਰੂ ਨੇ। ਦ੍ਰਿੜਾਇਆ–ਪੱਕਾ ਕਰ ਦਿਤਾ। ਸਤੀ–(ਸੱਤੀ ਬੋਲੋ) ਸਤਿ।੪।੩।

ਵਡਹੰਸੁ ਮਹਲਾ ੪ ॥ ਹਰਿ ਕਿਰਪਾ ਹਰਿ ਕਿਰਪਾ ਕਰਿ, ਸਤਿਗੁਰੁ ਮੇਲਿ ਸੁਖਦਾਤਾ ਰਾਮ ॥ ਹਮ ਪੂਛਹ ਹਮ ਪੂਛਹ, ਸਤਿਗੁਰ ਪਾਸਿ ਹਰਿ ਬਾਤਾ ਰਾਮ ॥ ਸਤਿਗੁਰ ਪਾਸਿ ਹਰਿ ਬਾਤ ਪੂਛਹ, ਜਿਨਿ ਨਾਮੁ ਪਦਾਰਥੁ ਪਾਇਆ ॥ ਪਾਇ ਲਗਹ ਨਿਤ ਕਰਹ ਬਿਨੰਤੀ ,ਗੁਰਿ ਸਤਿਗੁਰਿ ਪੰਥੁ ਬਤਾਇਆ ॥ ਸੋਈ ਭਗਤੁ ਦੁਖੁ ਸੁਖੁ ਸਮਤੁ ਕਰਿ ਜਾਣੈ, ਹਰਿ ਹਰਿ ਨਾਮਿ ਹਰਿ ਰਾਤਾ ॥ ਹਰਿ ਕਿਰਪਾ ਹਰਿ ਕਿਰਪਾ ਕਰਿ, ਗੁਰੁ ਸਤਿਗੁਰੁ ਮੇਲਿ ਸੁਖਦਾਤਾ ॥੧॥ ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮਿ, ਸਭਿ ਬਿਨਸੇ ਹੰਉਮੈ ਪਾਪਾ ਰਾਮ ॥ ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ, ਲਥਿਅੜੇ ਜਗਿ ਤਾਪਾ ਰਾਮ ॥ ਹਰਿ ਹਰਿ ਨਾਮੁ ਜਿਨੀ ਆਰਾਧਿਆ, ਤਿਨ ਕੇ ਦੁਖ ਪਾਪ ਨਿਵਾਰੇ ॥ ਸਤਿਗੁਰਿ ਗਿਆਨ ਖੜਗੁ ਹਥਿ ਦੀਨਾ, ਜਮ ਕੰਕਰ ਮਾਰਿ ਬਿਦਾਰੇ ॥ ਹਰਿ ਪ੍ਰਭਿ ਕਿਰਪਾ ਧਾਰੀ ਸੁਖਦਾਤੇ, ਦੁਖ ਲਾਥੇ ਪਾਪ ਸੰਤਾਪਾ ॥ ਸੁਣਿ ਗੁਰਮੁਖਿ ਸੁਣਿ ਗੁਰਮੁਖਿ ਨਾਮੁ ,ਸਭਿ ਬਿਨਸੇ ਹੰਉਮੈ ਪਾਪਾ ॥੨॥ ਹੇ ਹਰੀ! ਕਿਰਪਾ ਕਰ, ਹੇ ਹਰੀ! ਕਿਰਪਾ ਕਰਕੇ ਸਾਨੂੰ ਸੁੱਖਾਂ ਦੇ ਦਾਤੇ ਸਤਿਗੁਰੂ ਨੂੰ ਮਿਲਾ ਦੇਹ। ਅਸੀਂ ਪੁਛਾਂਗੇ, ਅਸੀਂ ਸਤਿਗੁਰੂ ਪਾਸੋਂ ਹਰੀ ਦੀ ਪ੍ਰਾਪਤੀ ਦੇ ਬਚਨ ਪੁੱਛਾਂਗੇ। ਸਤਿਗੁਰੂ ਪਾਸੋਂ ਹਰੀ ਦੀ ਪ੍ਰਾਪਤੀ ਦੇ ਬਚਨ ਪੁਛਾਂਗੇ, ਜਿਸ (ਸਤਿਗੁਰੂ) ਨੇ ਨਾਮ ਰੂਪ ਪਦਾਰਥ ਪ੍ਰਾਪਤ ਕੀਤਾ ਹੋਇਆ ਹੈ। (ਉਸ ਗੁਰੂ ਦੇ ਅਸੀਂ) ਚਰਨੀਂ ਲੱਗਾਂਗੇ ਤੇ ਨਿਤ ਬੇਨਤੀ ਕਰਾਂਗੇ, ਜਿਸ ਪੂਜਨੀਕ ਸਤਿਗੁਰੂ ਨੇ (ਜਗਤ ਨੂੰ ਰੱਬ ਨੂੰ ਮਿਲਣ ਦਾ ਗੁਰਮਤਿ) ਮਾਰਗ ਦਸਿਆ ਹੈ। ਉਹ ਹੀ (ਰੱਬ ਦਾ ਅਸਲੀ) ਭਗਤ ਹੈ, ਜੋ ਦੁਖ ਤੇ ਸੁਖ ਬਰਾਬਰ ਕਰਕੇ ਜਾਣਦਾ ਹੈ ਅਤੇ ਹਰੀ ਦੇ ਹਰਿ ਹਰਿ ਨਾਮ ਵਿਚ ਰੰਗਿਆ ਹੋਇਆ ਹੈ। ਹੇ ਹਰੀ ਕਿਰਪਾ ਕਰ, ਹੇ ਹਰੀ! ਕਿਰਪਾ ਕਰਕੇ ਸਾਨੂੰ ਸੁੱਖਦਾਤੇ ਪੂਜਨੀਕ ਸਤਿਗੁਰੂ ਮਿਲਾ ਦੇਹ।੧। (ਹੇ ਭਾਈ!) ਗੁਰੂ ਦੀ ਸ਼ਰਨ ਵਿਚ (ਹਰੀ ਦਾ ਜਸ) ਸੁਣ ਕੇ, ਹਾਂ ਗੁਰੂ ਦੀ ਸ਼ਰਨ ਵਿਚ (ਹਰੀ ਦਾ ਜਸ) ਸੁਣਕੇ ਅਤੇ ਨਾਮ ਦੇ ਸਿਮਰਨ ਦੁਆਰਾ ਹਉਮੈ ਕਰਕੇ ਪੈਦਾ ਹੋਏ ਸਾਰੇ ਪਾਪ ਨਾਸ਼ ਹੋ ਗਏ ਹਨ। ਹਰਿ ਹਰਿ ਨਾਮ ਜਪ ਕੇ, ਹਰਿ ਹਰਿ ਨਾਮ ਜਪ ਕੇ ਜਗਤ ਵਿਚ ਜਿੰਨੇ ਤਾਪ ਸਨ, (ਉਹ ਸਾਰੇ) ਉਤਰ ਗਏ ਹਨ। ਜਿਨ੍ਹਾਂ ਪੁਰਖਾਂ ਨੇ ਹਰਿ ਹਰਿ ਨਾਮ ਸਿਮਰਿਆ ਹੈ, ਉਨ੍ਹਾਂ ਦੇ ਦੁਖ ਤੇ ਪਾਪ (ਨਾਮ ਸਿਮਰਨ ਨੇ) ਦੂਰ ਕਰ ਦਿਤੇ ਹਨ। ਸਤਿਗੁਰੂ ਨੇ ਗਿਆਨ ਦਾ ਖੰਡਾ (ਉਨ੍ਹਾਂ) ਹੱਥ ਵਿਚ ਫੜਾ ਦਿਤਾ, (ਜਿਸ ਨਾਲ ਉਨ੍ਹਾਂ ਨੇ) ਜਮਰਾਜ ਦੇ ਸੇਵਕ (ਜਮ ਦੂਤ) ਮਾਰ ਕੇ ਨਾਸ਼ ਕਰ ਦਿਤੇ ਹਨ (ਮੌਤ ਦਾ ਡਰ ਦੂਰ ਕਰ ਦਿਤਾ ਹੈ)। ਸੁੱਖਾਂ ਦੇ ਦਾਤੇ ਹਰਿ ਪ੍ਰਭੂ ਨੇ (ਮੇਰੇ ਉਤੇ) ਕਿਰਪਾ ਕੀਤੀ, (ਜਿਸ ਕਰਕੇ) ਦੁਖ, ਪਾਪ ਤੇ ਕਲੇਸ਼ ਲਹਿ ਗਏ ਹਨ। ਗੁਰੂ ਦੀ ਸ਼ਰਨ ਵਿਚ ਨਾਮ ਸੁਣ ਕੇ, ਹਾਂ ਗੁਰੂ ਦੀ ਸ਼ਰਣ ਵਿਚ ਨਾਮ ਸੁਣ ਕੇ ਹਉਮੈ ਤੋਂ ਪੈਦਾ ਹੋਏ ਸਾਰੇ ਪਾਪ ਲਹਿ ਗਏ ਹਨ।੨।

ਪਦਾਰਥ = ਹਰਿ–ਹੇ ਹਰੀ!।ਮੇਲਿ–ਮਿਲਾ ਦੇ।ਸੁਖਦਾਤਾ–ਸੁੱਖ ਦੇਣ ਵਾਲਾ।ਪੂਛਹ–ਪੁੱਛਾਂਗੇ।ਬਾਤਾ–ਸਿਫਤ ਸਲਾਹ ਦੇ ਬਚਨ। ਜਿਨਿ–ਜਿਸ ਨੇ।ਪਾਇ ਲਗਹ–ਚਰਨੀਂ ਲੱਗਾਂਗੇ।ਕਰਹ–ਅਸੀਂ ਕਰਾਂਗੇ।ਗੁਰਿ ਸਤਿਗੁਰਿ–ਪੂਜਨੀਕ ਸਤਿਗੁਰੂ ਨੇ।ਪੰਥੁ–(ਗੁਰਮਤਿ) ਮਾਰਗ।ਸੋਈ–ਉਹ ਹੀ।ਸਮਤੁ–ਇਕੋ ਜਿਹਾ (ਬਰਾਬਰ)।ਨਾਮਿ–ਨਾਮ ਵਿਚ।ਰਾਤਾ–ਰੰਗਿਆ ਹੈ।੧।ਗੁਰਮੁਖਿ–ਗੁਰੂ ਦੀ ਸ਼ਰਨ ਵਿਚ; ਗੁਰੂ ਦੁਆਰਾ।ਨਾਮਿ–ਨਾਮ ਦੁਆਰਾ।ਬਿਨਸੇ–ਨਾਸ਼ ਹੋ ਗਏ।ਲਥਿਅੜੇ–ਲਹਿ ਗਏ।ਜਗਿ–ਜਗਤ ਵਿਚ।ਤਾਪਾ–ਦੁਖ ਕਲੇਸ਼ ;ਰੋਗ।ਜਿਨੀ–ਜਿਨ੍ਹਾਂ ਨੇ।ਤਿਨ ਕੇ–ਉਨ੍ਹਾਂ ਦੇ।ਨਿਵਾਰੇ–ਦੂਰ ਕਰ ਦਿਤੇ।ਖੜਗੁ–ਖੰਡਾ।ਹਥਿ–ਹਥ ਵਿਚ।ਜਮ ਕੰਕਰ–ਜਮਾਂ ਦੇ ਸੇਵਕ (ਜਮ ਦੂਤ)।ਮਾਰਿ ਬਿਦਾਰੇ–ਮਾਰ ਕੇ ਨਾਸ਼ ਕਰ ਦਿਤੇ।ਹਰਿ ਪ੍ਰਭਿ–ਹਰੀ ਪ੍ਰਭੂ ਨੇ।ਸੰਤਾਪਾ–ਦੁਖ ਕਲੇਸ਼।੨।

ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ,ਮੇਰੈ ਮਨਿ ਭਾਇਆ ਰਾਮ ॥ ਮੁਖਿ ਗੁਰਮੁਖਿ ਮੁਖਿ ਗੁਰਮੁਖਿ ਜਪਿ, ਸਭਿ ਰੋਗ ਗਵਾਇਆ ਰਾਮ ॥ ਗੁਰਮੁਖਿ ਜਪਿ ਸਭਿ ਰੋਗ ਗਵਾਇਆ, ਅਰੋਗਤ ਭਏ ਸਰੀਰਾ ॥ ਅਨਦਿਨੁ ਸਹਜ ਸਮਾਧਿ ਹਰਿ ਲਾਗੀ, ਹਰਿ ਜਪਿਆ ਗਹਿਰ ਗੰਭੀਰਾ ॥ ਜਾਤਿ ਅਜਾਤਿ ਨਾਮੁ ਜਿਨ ਧਿਆਇਆ, ਤਿਨ ਪਰਮ ਪਦਾਰਥੁ ਪਾਇਆ ॥ ਜਪਿ ਹਰਿ ਹਰਿ ਜਪਿ ਹਰਿ ਹਰਿ ਨਾਮੁ ,ਮੇਰੈ ਮਨਿ ਭਾਇਆ ॥੩॥ (ਹੇ ਭਾਈ!) ਹਰਿ ਹਰਿ ਨਾਮ ਜਪ ਕੇ, ਹਰਿ ਹਰਿ ਨਾਮ ਜਪ ਕੇ, (ਹਰੀ) ਮੇਰੇ ਮਨ ਵਿਚ ਪਿਆਰਾ ਲੱਗਣ ਲਗ ਪਿਆ ਹੈ।(ਜਦ ਮੈਂ) ਗੁਰੂ ਦੁਆਰਾ ਮੂੰਹ ਨਾਲ, ਗੁਰੂ ਦੁਆਰਾ ਮੂੰਹ ਨਾਲ ਨਾਮ ਜਪਿਆ ਹੈ, (ਤਾਂ ਨਾਮ ਨੇ ਮੇਰਾ) ਸਾਰਾ ਰੋਗ ਦੂਰ ਕਰ ਦਿਤਾ ਹੈ।ਗੁਰੂ ਦੁਆਰਾ ਨਾਮ ਜਪ ਕੇ ਸਾਰਾ ਰੋਗ ਦੂਰ ਕਰ ਲਿਆ, (ਹੁਣ) ਸਰੀਰ ਅਰੋਗ ਹੋ ਗਿਆ ਹੈ।ਹਰ ਰੋਜ (ਜਦ) ਗਹਿਰ ਗੰਭੀਰ ਪ੍ਰਭੂ ਨੂੰ ਜਪਿਆ ਤਾਂ ਆਪੇ ਕੁਦਰਤੀ ਤੌਰ ਤੇ ਪ੍ਰਭੂ ਵਿਚ ਸਮਾਧੀ ਲਗ ਗਈ।(ਚਾਹੇ ਕੋਈ) ਉਚੀ ਜਾਤ ਦਾ ਹੋਵੇ, ਚਾਹੇ ਨੀਵੀਂ ਜਾਤ ਦਾ ਹੋਵੇ, ਜਿਨ੍ਹਾਂ ਨੇ ਨਾਮ ਸਿਮਰਿਆ ਹੈ, ਉਨ੍ਹਾਂ ਨੇ ਸਭ ਤੋਂ ਉਚਾ ਪਦਾਰਥ (ਮੁਕਤ ਪਦ) ਪਾ ਲਿਆ ਹੈ।(ਹੇ ਭਾਈ!) ਹਰਿ ਹਰਿ ਨਾਮ ਜਪ ਕੇ, ਹਰਿ ਹਰਿ ਨਾਮ ਜਪ ਕੇ (ਹਰੀ) ਮੇਰੇ ਮਨ ਵਿਚ ਪਿਆਰਾ ਲੱਗਾ ਹੈ।੩।

ਅੰਗ ੫੭੫ = ਹਰਿ ਧਾਰਹੁ ਹਰਿ ਧਾਰਹੁ ਕਿਰਪਾ, ਕਰਿ ਕਿਰਪਾ ਲੇਹੁ ਉਬਾਰੇ ਰਾਮ ॥ ਹਮ ਪਾਪੀ ਹਮ ਪਾਪੀ ਨਿਰਗੁਣ, ਦੀਨ ਤੁਮ੍ਹਾਰੇ ਰਾਮ ॥ ਹਮ ਪਾਪੀ ਨਿਰਗੁਣ ਦੀਨ ਤੁਮ੍ਹਾਰੇ, ਹਰਿ ਦੈਆਲ ਸਰਣਾਇਆ ॥ ਤੂ ਦੁਖ ਭੰਜਨੁ ਸਰਬ ਸੁਖ ਦਾਤਾ, ਹਮ ਪਾਥਰ ਤਰੇ ਤਰਾਇਆ ॥ ਸਤਿਗੁਰ ਭੇਟਿ ਰਾਮ ਰਸੁ ਪਾਇਆ, ਜਨ ਨਾਨਕ ਨਾਮਿ ਉਧਾਰੇ ॥ ਹਰਿ ਧਾਰਹੁ ਹਰਿ ਧਾਰਹੁ ਕਿਰਪਾ, ਕਰਿ ਕਿਰਪਾ ਲੇਹੁ ਉਬਾਰੇ ਰਾਮ ॥੪॥੪॥ ਹੇ ਹਰੀ! ਕਿਰਪਾ ਕਰੋ, ਹੇ ਹਰੀ! ਕਿਰਪਾ ਕਰੋ, ਕਿਰਪਾ ਕਰਕੇ (ਸਾਨੂੰ ਸੰਸਾਰ ਸਮੁੰਦਰ ਵਿਚ ਡੁਬਣ ਤੋਂ) ਬਚਾ ਲਵੋ।ਅਸੀਂ ਪਾਪੀ ਹਾਂ, ਅਸੀਂ ਗੁਣਾਂ ਤੋਂ ਹੀਣੇ ਪਾਪੀ ਤੇ ਗਰੀਬ ਹਾਂ, (ਪਰ) ਤੇਰੇ ਸੇਵਕ ਹਾਂ।ਅਸੀਂ ਪਾਪੀ ਗੁਣ ਹੀਣ ਤੇ ਗਰੀਬ ਤੇਰੇ ਸੇਵਕ ਹਾਂ, ਹੇ ਦਇਆ ਕਰਨ ਵਾਲੇ ਹਰੀ! (ਅਸੀਂ ਤੇਰੀ) ਸ਼ਰਣ ਵਿਚ ਆਏ ਹਾਂ।ਤੂੰ ਦੁਖ ਨਾਸ਼ ਕਰਨ ਵਾਲਾ ਤੇ ਸਾਰੇ ਸੁਖਾਂ ਦਾ ਦਾਤਾ ਹੈਂ, ਅਸੀਂ ਪੱਥਰ ਵਾਂਗ ਭਾਰੇ ਹਾਂ, ਤੇਰੇ ਤਰਾਇਆਂ ਹੀ (ਸੰਸਾਰ ਸਾਗਰ ਤੋਂ) ਤਰ ਸਕਦੇ ਹਾਂ।ਸਤਿਗੁਰੂ ਨੂੰ ਮਿਲ ਕੇ ਪ੍ਰਮਾਤਮਾ ਦਾ ਨਾਮ ਰਸ ਪ੍ਰਾਪਤ ਹੋ ਗਿਆ, ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ) ਨਾਮ ਨੇ ਅਨੇਕਾਂ ਸੇਵਕ ਜਨ (ਸੰਸਾਰ ਸਾਗਰ ਤੋਂ) ਤਾਰ ਦਿਤੇ ਹਨ।ਹੇ ਹਰੀ! ਕ੍ਰਿਪਾ ਕਰੋ, ਹੇ ਹਰੀ! ਕ੍ਰਿਪਾ ਕਰੋ, ਕਿਰਪਾ ਕਰਕੇ (ਸਾਨੂੰ) ਬਚਾ ਲਵੋ।੪।੪।

ਪਦਾਰਥ = ਜਪਿ–ਜਪ ਕੇ; ਜਪਿਆ।ਮਨਿ–ਮਨ ਵਿਚ।ਭਾਇਆ–ਚੰਗਾ ਲੱਗਾ; ਪਿਆਰਾ ਲੱਗਾ।ਮੁਖਿ ਗੁਰਮੁਖਿ–ਗੁਰੂ ਦੁਆਰਾ ਮੂੰਹ ਨਾਲ; ਮੁਖੀ ਗੁਰੂ ਦੁਆਰਾ।ਅਰੋਗਤ–ਤੰਦਰੁਸਤ।ਭਏ–ਹੋ ਗਿਆ।ਅਨਦਿਨੁ–ਹਰ ਰੋਜ।ਸਹਜ ਸਮਾਧਿ–ਕੁਦਰਤੀ ਨਿਰਯਤਨ ਸਮਾਧੀ।ਗਹਿਰ–ਡੂੰਘਾ।ਗੰਭੀਰਾ–ਅਡੋਲ; ਅਹਿੱਲ; ਧੀਰਜ ਵਾਲਾ।ਜਾਤਿ ਅਜਾਤਿ–ਉਚੀ ਜਾਤ ਜਾਂ ਨੀਵੀਂ ਜਾਤ ਵਿਚੋਂ।ਜਿਨ–ਜਿਨ੍ਹਾਂ ਨੇ।ਤਿਨ–ਉਨ੍ਹਾਂ ਨੇ।ਪਰਮ ਪਦਾਰਥੁ–ਸਭ ਤੋਂ ਉਚਾ ਮੁਕਤ ਪਦਾਰਥ।੩।ਧਾਰਹੁ–ਕਰੋ; ਧਾਰੋ।ਲੇਹੁ ਉਬਾਰੇ–ਬਚਾ (ਤਾਰ) ਲਵੋ।ਹਮ–ਅਸੀਂ।ਨਿਰਗੁਣ–ਗੁਣ ਹੀਣ।ਦੀਨ–ਗਰੀਬ; ਅਨਾਥ।ਦੈਆਲ–ਹੇ ਦਇਆ ਕਰਨ ਵਾਲੇ!।ਭੰਜਨੁ–ਨਾਸ਼ ਕਰਨ ਵਾਲਾ। ਸਰਬ–ਸਾਰੇ।ਤਰੇ ਤਰਾਇਆ–ਤਰਾਇਆਂ ਤਰ ਸਕਦੇ ਹਾਂ।ਭੇਟਿ–ਮਿਲ ਕੇ।ਨਾਮਿ–ਨਾਮ ਨੇ।ਉਧਾਰੇ–ਤਾਰ ਦਿਤੇ।੪।੪।

ਘੋੜੀਆਂ = ਜਦ ਲਾੜਾ ਲਾੜੀ ਨੂੰ ਵਿਆਹੁਣ ਜਾਂਦਾ ਹੈ, ਤਾਂ ਉਹ ਘੋੜੀ ਤੇ ਚੜ੍ਹ ਕੇ ਜਾਂਦਾ ਹੈ।ਉਸ ਵੇਲੇ ਲਾੜੇ ਦੀਆਂ ਭੈਣਾਂ ਤੇ ਹੋਰ ਇਸਤ੍ਰੀਆਂ ਅਸ਼ੀਰਵਾਦ ਦੇ ਰੂਪ ਵਿਚ ਖੁਸ਼ੀ ਦੇ ਗੀਤ ਗਾਉਂਦੀਆਂ ਹਨ।ਘੋੜੀ ਚੜ੍ਹਨ ਵੇਲੇ ਗਾਏ ਜਾਣ ਕਾਰਨ ਇਨ੍ਹਾਂ ਗੀਤਾਂ ਦਾ ਨਾਂ ਘੋੜੀਆਂ ਪੈ ਗਿਆ ਜਾਪਦਾ ਹੈ, ਜੋ ਲੰਬੀ ਹੇਕ ਵਿਚ ਗਾਈਦੀਆਂ ਹਨ।ਪਹਿਲੇ ਸਮਿਆਂ ਵਿਚ ਵਿਆਹ ਤੋਂ ਕਈ ਦਿਨ ਪਹਿਲਾਂ ਹੀ ਗੀਤ ਗਾਉਣੇ ਸ਼ੁਰੂ ਹੋ ਜਾਂਦੇ ਸਨ।ਗੁਰੂ ਰਾਮਦਾਸ ਜੀ ਨੇ ਵਿਆਹ ਸਮੇਂ ਗਾਈਆਂ ਜਾਂਦੀਆਂ ਘੋੜੀਆਂ ਦੀ ਤਰਜ ਉਤੇ ਘੋੜੀਆਂ ਦੇ ਸਿਰਲੇਖ ਹੇਠ ਰੁਹਾਨੀ ਵਿਆਹ ਦੇ ਸ਼ਬਦਾਂ ਦੀ ਰਚਨਾ ਕੀਤੀ ਹੈ।ਇਨ੍ਹਾਂ ਸ਼ਬਦਾਂ ਵਿਚ ਆਤਮਾ ਤੇ ਪ੍ਰਮਾਤਮਾ ਦੇ ਮਿਲਾਪ ਦੀ ਜਾਚ

ਲਿਖੀ ਹੈ। ਘੋੜੀਆਂ ਗਾਉਣ ਦਾ ਸਬੰਧ ਲਾੜੇ ਨਾਲ ਹੁੰਦਾ ਹੈ, ਪਰ ਇਨ੍ਹਾਂ ਸ਼ਬਦਾਂ ਵਿਚ ਘੋੜੀਆਂ ਗਾਉਣ ਦਾ ਸਬੰਧ ਮਰਦ ਤੇ ਇਸਤ੍ਰੀ ਦੋਹਾਂ ਨਾਲ ਹੈ। ਆਤਮਾ ਨਾ ਮਰਦ ਹੈ ਤੇ ਨਾ ਇਸਤ੍ਰੀ ਹੈ, ਸਭ ਇਸਤ੍ਰੀ ਤੇ ਮਰਦ ਦਾ ਮਾਲਕ ਇਕ ਅਕਾਲ ਪੁਰਖ ਹੈ {ਠਾਕੁਰੁ ਏਕੁ ਸਬਾਈ ਨਾਰਿ ੯੩੩}। ਹਰੇਕ ਮਰਦ ਤੇ ਇਸਤ੍ਰੀ ਦੀ ਆਤਮਾ ਦਾ ਵਿਆਹ ਰੂਪ ਮੇਲ ਪ੍ਰਮਾਤਮਾ ਨਾਲ ਹੋਣਾ ਹੈ। ਘੋੜੀ ਦੇਹ ਨੂੰ ਕਿਹਾ ਹੈ, ਚਾਹੇ ਦੇਹ ਮਰਦ ਦੀ ਹੈ ਚਾਹੇ ਇਸਤ੍ਰੀ ਦੀ ਹੈ। ਸਾਧ ਸੰਗਤ ਰੂਪ ਜੰਞ ਹੈ, ਗੁਰ ਉਪਦੇਸ਼ (ਸ਼ਬਦ ਜਾਂ ਨਾਮ) ਦੇ ਵਸੀਲੇ ਨੂੰ ਜੀਨ (ਕਾਠੀ) ਬਣਾਇਆ ਹੈ। ਮਨ ਤੇ ਕਾਬੂ ਪਾਉਣ ਦੇ ਸਾਧਨਾਂ ਨੂੰ ਲਗਾਮ ਤੇ ਚਾਬਕ ਦਸ ਕੇ ਐਸੀ ਸਵਾਰੀ ਨੂੰ ਧੰਨ ਕਿਹਾ ਹੈ ,ਇਸ ਤਰ੍ਹਾਂ ਸੰਸਾਰ ਦਾ ਬਿਖੜਾ ਪੈਂਡਾ ਤਹਿ ਕਰਕੇ ਅੰਤ ਨੂੰ ਵਿਆਹੇ ਜਾਣਾ ਹੈ ਇਕ ਪ੍ਰਮਾਤਮਾ ਨਾਲ। ਇਨ੍ਹਾਂ ਸ਼ਬਦਾਂ ਦਾ ਭਾਵ ਸਮਝਣ ਵੇਲੇ ਅਲੰਕਾਰ ਦਾ ਇਸ਼ਾਰਾ ਮਾਤ੍ਰ ਲੈ ਕੇ ਦ੍ਰਿਸ਼ਟਾਂਤ ਨੂੰ ਧਾਰਨ ਕਰਨਾ ਹੈ ਅਤੇ ਪਰਮਾਰਥ ਦੀ ਸਿੱਧੀ ਦੇ ਭਾਵਅਰਥ ਨੂੰ ਮੁਖ ਰਖਣਾ ਹੈ। ਇਥੇ ਜਗਿਆਸੂ ਘੋੜੀ ਚੜ੍ਹਨ ਵਾਲਾ ਲਾੜਾ ਨਹੀਂ, ਜਿਸ ਨੇ ਹਰੀ ਨਾਲ ਮਿਲਣਾ ਹੈ, ਮਰਦ ਜਾਂ ਇਸਤ੍ਰੀ ਕੋਈ ਵੀ ਹੋਵੇ, ਅਪਣੀ ਦੇਹ ਨੂੰ ਵਸ ਕਰਕੇ ਉਸ ਤੇ ਸਵਾਰ ਹੋਣਾ ਹੈ, ਨਾ ਕਿ ਦੇਹ ਦੇ ਵਸ ਵਿਚ ਪੈਣਾ ਹੈ (ਸੰ.ਪੋ.)।

ਵਡਹੰਸੁ ਮਹਲਾ ੪ ਘੋੜੀਆ ੧ੴ ਸਤਿਗੁਰ ਪ੍ਰਸਾਦਿ ॥ ਦੇਹ ਤੇਜਣਿ ਜੀ, ਰਾਮਿ ਉਪਾਈਆ ਰਾਮ ॥ ਧੰਨੁ ਮਾਣਸ ਜਨਮੁ , ਪੁੰਨਿ ਪਾਈਆ ਰਾਮ ॥ ਮਾਣਸ ਜਨਮੁ ਵਡ ਪੁੰਨੇ ਪਾਇਆ, ਦੇਹ ਸੁ ਕੰਚਨ ਚੰਗੜੀਆ ॥ ਗੁਰਮੁਖਿ ਰੰਗੁ ਚਲੂਲਾ ਪਾਵੈ, ਹਰਿ ਹਰਿ ਹਰਿ ਨਵ ਰੰਗੜੀਆ ॥ ਏਹ ਦੇਹ ਸੁ ਬਾਂਕੀ ਜਿਤੁ ਹਰਿ ਜਾਪੀ, ਹਰਿ ਹਰਿ ਨਾਮਿ ਸੁਹਾਵੀਆ ॥ ਵਡਭਾਗੀ ਪਾਈ ਨਾਮੁ ਸਖਾਈ, ਜਨ ਨਾਨਕ ਰਾਮਿ ਉਪਾਈਆ ॥੧॥ ਦੇਹ ਪਾਵਉ ਜੀਨੁ ,ਬੁਝਿ ਚੰਗਾ ਰਾਮ ॥ ਚੜਿ ਲੰਘਾ ਜੀ, ਬਿਖਮੁ ਭੁਇਅੰਗਾ ਰਾਮ ॥ ਬਿਖਮੁ ਭੁਇਅੰਗਾ ਅਨਤ ਤਰੰਗਾ, ਗੁਰਮੁਖਿ ਪਾਰਿ ਲੰਘਾਏ ॥ ਹਰਿ ਬੋਹਿਥਿ ਚੜਿ ਵਡਭਾਗੀ ਲੰਘੈ, ਗੁਰੁ ਖੇਵਟੁ ਸਬਦਿ ਤਰਾਏ ॥ ਅਨਦਿਨੁ ਹਰਿ ਰੰਗਿ ਹਰਿ ਗੁਣ ਗਾਵੈ, ਹਰਿ ਰੰਗੀ ਹਰਿ ਰੰਗਾ ॥ ਜਨ ਨਾਨਕ ਨਿਰਬਾਣ ਪਦੁ ਪਾਇਆ, ਹਰਿ ਉਤਮੁ ਹਰਿ ਪਦੁ ਚੰਗਾ ॥੨॥

(ਹੇ ਭਾਈ! ਮਾਨੋ ਇਹ) ਦੇਹ ਇਕ ਘੋੜੀ ਹੈ, ਜੋ ਪ੍ਰਭੂ ਨੇ ਪੈਦਾ ਕੀਤੀ ਹੈ। ਇਹ ਮਨੁੱਖਾ ਜਨਮ ਧੰਨਤਾ ਦੇ ਯੋਗ ਹੈ, ਜੋ ਪੁੰਨਾਂ ਕਰ ਕੇ ਪ੍ਰਾਪਤ ਹੋਇਆ ਹੈ। ਮਨੁੱਖਾ ਜਨਮ ਵੱਡੇ ਪੁੰਨ ਕਰਮਾਂ ਕਰਕੇ ਪ੍ਰਾਪਤ ਹੋਇਆ ਹੈ, ਉਹ ਦੇਹ ਸੋਨੇ ਵਰਗੀ ਸੁੰਦਰ ਤੇ ਉਤਮ ਹੈ। ਜੋ ਗੁਰੂ ਦੁਆਰਾ ਪ੍ਰੇਮ ਦਾ ਗੂੜ੍ਹਾ ਰੰਗ ਪ੍ਰਾਪਤ ਕਰ ਲਵੇ, ਉਹ ਦੇਹ ਹਰੀ ਦੇ ਹਰਿ ਹਰਿ ਨਾਮ ਦੇ ਨਵੇਂ (ਸੋਹਣੇ) ਰੰਗ ਨਾਲ ਰੰਗੀ ਜਾਂਦੀ ਹੈ। ਇਹ ਦੇਹ ਬਹੁਤ ਸੋਹਣੀ ਹੈ, ਜਿਸ ਨਾਲ ਹਰੀ ਨੂੰ ਜਪੀਦਾ ਹੈ, ਹਰਿ ਹਰਿ ਨਾਮ ਨਾਲ ਹੀ (ਇਹ ਦੇਹ) ਸੋਹਣੀ ਹੈ। ਦਾਸ ਨਾਨਕ ਆਖਦਾ ਹੈ ਕਿ (ਇਹ ਦੇਹ) ਵੱਡੇ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ ਅਤੇ (ਇਸ ਦਾ) ਸਹਾਈ ਨਾਮ ਹੈ, (ਨਾਮ ਸਿਮਰਨ ਵਾਸਤੇ ਇਹ) ਪ੍ਰਭੂ ਨੇ ਪੈਦਾ ਕੀਤੀ ਹੈ।੧। ਦੇਹ ਰੂਪ ਘੋੜੀ ਤੇ ਕਾਠੀ ਇਹ ਪਾਵਾਂ ਕਿ ਉਤਮ ਹਰੀ ਨੂੰ ਸਮਝ ਲਵਾਂ (ਦੇਹ ਦੇ ਬੁਰੇ ਖਿਆਲਾਂ ਨੂੰ ਹਰੀ ਦੇ ਗਿਆਨ ਨਾਲ ਦਬਾਈ ਰੱਖਾਂ। ਇਸ ਘੋੜੀ ਤੇ) ਚੜ੍ਹ ਕੇ ਔਖੇ ਤਰੇ ਜਾਣ ਵਾਲੇ ਸੰਸਾਰ ਸਾਗਰ ਨੂੰ ਪਾਰ ਲੰਘ ਜਾਵਾਂ। ਸੰਸਾਰ ਸਾਗਰ ਨੂੰ ਤਰਨਾ ਔਖਾ ਹੈ, ਜਿਸ ਦੀਆਂ ਅਨੰਤ ਲਹਿਰਾਂ ਹਨ, ਗੁਰੂ (ਇਸ ਤੋਂ) ਪਾਰ ਲੰਘਾ ਦੇਂਦਾ ਹੈ। ਹਰੀ ਦੇ ਨਾਮ ਰੂਪ ਜਹਾਜ ਤੇ ਚੜ੍ਹ ਕੇ ਵੱਡੇ ਭਾਗਾਂ ਵਾਲੇ ਪਾਰ ਲੰਘਦੇ ਹਨ, ਗੁਰੂ ਰੂਪ ਮਲਾਹ ਸ਼ਬਦ ਦੁਆਰਾ ਤਾਰਦਾ ਹੈ। (ਇਸ ਜਹਾਜ ਤੇ ਚੜ੍ਹ ਕੇ ਜੋ ਮਨੁੱਖ) ਹਰਰੋਜ ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਹੋਇਆ ਹਰੀ ਦੇ ਗੁਣ ਗਾਉਂਦਾ ਹੈ, ਉਹ ਹਰੀ ਦੇ ਪ੍ਰੇਮ ਵਾਲਾ ਹਰੀ ਵਰਗਾ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰਮੁਖ ਜਨਾਂ ਨੇ ਹਰੀ ਦੀ ਸਭ ਤੋਂ ਉਤਮ ਤੇ ਚੰਗੀ ਪਦਵੀ ਨਿਰਬਾਣ ਪਦ ਪਾ ਲਿਆ ਹੈ।੨।

ਪਦਾਰਥ = ਦੇਹ–ਮਨੁੱਖਾ ਸਰੀਰ। ਤੇਜਣਿ–ਘੋੜੀ। ਰਾਮਿ–ਰਾਮ ਨੇ। ਉਪਾਈਆ–ਪੈਦਾ ਕੀਤੀ ਹੈ। ਮਾਣਸ ਜਨਮੁ–ਮਨੁੱਖਾ ਜਨਮ। ਪੁੰਨਿ–ਪੁੰਨ ਕਰਮਾਂ ਕਰਕੇ। ਕੰਚਨ–ਸੋਨਾ। ਚੰਗੜੀਆ–ਚੰਗੀ (ਉਤਮ)। ਗੁਰਮੁਖਿ–ਗੁਰੂ ਦੁਆਰਾ। ਰੰਗੁ ਚਲੂਲਾ–ਗੂੜ੍ਹਾ ਲਾਲ ਰੰਗ। ਨਵ ਰੰਗੜੀਆ–ਨਵੇਂ ਰੰਗ ਨਾਲ ਰੰਗੀ ਜਾਂਦੀ ਹੈ। ਸੁ–ਉਹ। ਬਾਂਕੀ–ਸੋਹਣੀ। ਜਿਤੁ–ਜਿਸ ਨਾਲ। ਜਾਪੀ–ਜਪੀਦਾ ਹੈ। ਨਾਮਿ–ਨਾਮ ਨਾਲ। ਸੁਹਾਵੀਆ–ਸੋਹਣੀ। ਸਖਾਈ–ਸਹਾਈ।੧। ਜੀਨ–ਕਾਠੀ। ਪਾਵਉ–ਪਾਵਾਂ। ਬੁਝਿ–ਸਮਝ ਲਵਾਂ। ਚੜਿ–ਚੜ੍ਹ ਕੇ। ਲੰਘਾ–ਲੰਘ ਜਾਵਾਂ। ਬਿਖਮੁ–ਔਖਾ। ਭੁਇਅੰਗਾ–(ਧਰਤੀ ਦਾ ਅੰਗ) ਸੰਸਾਰ ਸਾਗਰ। ਅਨਤ–ਅਨੰਤ। ਤਰੰਗਾ–ਲਹਿਰਾਂ। ਬੋਹਿਥੁ–ਜਹਾਜ। ਖੇਵਟੁ–ਮਲਾਹ। ਅਨਦਿਨੁ–ਹਰ ਰੋਜ। ਰੰਗਿ–ਪ੍ਰੇਮ ਰੰਗ ਵਿਚ। ਰੰਗੀ–ਪ੍ਰੇਮ ਰੰਗ ਵਾਲਾ। ਹਰਿ ਰੰਗਾ–ਹਰੀ ਦੇ ਰੰਗ ਵਰਗਾ (ਹਰੀ ਵਰਗਾ)। ਨਿਰਬਾਣ ਪਦੁ–ਦੁਖ ਰਹਿਤ ਅਵਸਥਾ ਵਾਲੀ ਪਦਵੀ (ਆਤਮਾ ਪ੍ਰਮਾਤਮਾ ਇਕ ਰੂਪ ਹੋ ਜਾਣ ਵਾਲੀ ਅਵਸਥਾ)।੨।

ਕੜੀਆਲੁ ਮੁਖੇ ਗੁਰਿ ਗਿਆਨੁ ਦ੍ਰਿੜਾਇਆ ਰਾਮ ॥ ਤਨਿ ਪ੍ਰੇਮੁ ਹਰਿ ਚਾਬਕੁ ਲਾਇਆ ਰਾਮ ॥ ਤਨਿ ਪ੍ਰੇਮੁ ਹਰਿ ਹਰਿ ਲਾਇ ਚਾਬਕੁ ,ਮਨੁ ਜਿਣੈ ਗੁਰਮੁਖਿ ਜੀਤਿਆ ॥ ਅਘੜੋ ਘੜਾਵੈ ਸਬਦੁ ਪਾਵੈ, ਅਪਿਉ ਹਰਿ ਰਸੁ ਪੀਤਿਆ ॥ ਸੁਣਿ ਸ੍ਰਵਣ ਬਾਣੀ ਗੁਰਿ ਵਖਾਣੀ,

ਹਰਿ ਰੰਗੁ ਤੁਰੀ ਚੜਾਇਆ ॥ ਮਹਾ ਮਾਰਗੁ ਪੰਥੁ ਬਿਖੜਾ, ਜਨ ਨਾਨਕ ਪਾਰਿ ਲੰਘਾਇਆ ॥੩॥ ਘੋੜੀ ਤੇਜਣਿ ਦੇਹ, ਰਾਮਿ ਉਪਾਈਆ ਰਾਮ ॥ ਜਿਤੁ ਹਰਿ ਪ੍ਰਭੁ ਜਾਪੈ, ਸਾ ਧਨੁ ਧੰਨੁ ਤੁਖਾਈਆ ਰਾਮ ॥ ਜਿਤੁ ਹਰਿ ਪ੍ਰਭੁ ਜਾਪੈ ਸਾ ਧੰਨੁ ਸਾਬਾਸੈ, ਧੁਰਿ ਪਾਇਆ ਕਿਰਤੁ ਜੁੜੰਦਾ ॥ ਚੜਿ ਦੇਹੜਿ ਘੋੜੀ ਬਿਖਮੁ ਲੰਘਾਏ, ਮਿਲੁ ਗੁਰਮੁਖਿ ਪਰਮਾਨੰਦਾ ॥ ਹਰਿ ਹਰਿ ਕਾਜੁ ਰਚਾਇਆ ਪੂਰੈ, ਮਿਲਿ ਸੰਤ ਜਨਾ ਜੰਞ ਆਈ ॥ ਜਨ ਨਾਨਕ ਹਰਿ ਵਰੁ ਪਾਇਆ ਮੰਗਲੁ ,ਮਿਲਿ ਸੰਤ ਜਨ ਵਾਧਾਈ ॥੪॥੧॥੫॥ (ਹੇ ਭਾਈ!) ਗੁਰੂ ਨੇ ਜੋ ਗਿਆਨ ਦ੍ਰਿੜ ਕਰਾਇਆ ਹੈ, ਇਹ ਦੇਹ ਰੂਪ ਘੋੜੀ ਦੇ ਮੂੰਹ ਵਿਚ ਲਗਾਮ ਦਿਤੀ ਹੈ।ਅਤੇ ਸਰੀਰ ਵਿਚ ਜੋ ਹਰੀ ਦਾ ਪ੍ਰੇਮ ਹੈ, ਇਹ ਚਾਬਕ ਲਾਇਆ (ਮਾਰਿਆ) ਹੈ।ਜੋ ਮਨੁੱਖ ਗੁਰੂ ਦੁਆਰਾ ਸਰੀਰ ਵਿਚ ਹਰਿ ਹਰਿ ਨਾਮ ਦਾ ਪ੍ਰੇਮ ਰੂਪ ਚਾਬਕ ਲਾ ਕੇ ਮਨ ਨੂੰ ਜਿਤ ਲੈਂਦਾ ਹੈ, (ਮਾਨੋ ਉਸ ਨੇ ਸੰਸਾਰ ਨੂੰ) ਜਿਤ ਲਿਆ ਹੈ।(ਅਜੇਹਾ ਮਨੁੱਖ ਗੁਰੂ) ਦਾ ਸ਼ਬਦ ਪ੍ਰਾਪਤ ਕਰਕੇ ਅਨਘੜਤ ਮਨ ਨੂੰ ਘੜ (ਸੁੰਦਰ ਬਣਾ) ਲੈਂਦਾ ਹੈ ਅਤੇ ਹਰੀ ਦਾ ਅੰਮ੍ਰਿਤ ਰੂਪ ਨਾਮ ਰਸ ਪੀਂਦਾ ਰਹਿੰਦਾ ਹੈ।ਜੋ ਬਾਣੀ ਗੁਰੂ ਨੇ ਉਚਾਰੀ ਹੈ, ਉਹ ਕੰਨਾਂ ਨਾਲ ਸੁਣ ਕੇ (ਉਸ ਮਨੁੱਖ ਨੇ ਦੇਹ ਰੂਪ) ਘੋੜੀ ਤੇ ਹਰੀ ਦਾ ਪ੍ਰੇਮ ਰੰਗ ਚੜ੍ਹਾਇਆ ਹੈ।ਦਾਸ ਨਾਨਕ ਆਖਦਾ ਹੈ ਕਿ (ਜੋ ਮਨੁੱਖਾ ਜੀਵਨ ਦਾ) ਬਹੁਤ ਕਠਨ ਰਸਤਾ ਤੇ ਲੰਬਾ ਰਸਤਾ ਸੀ, (ਗੁਰੂ ਨੇ ਕਿਰਪਾ ਕਰਕੇ ਉਸ ਤੋਂ) ਪਾਰ ਲੰਘਾ ਦਿਤਾ ਹੈ।੩। ਮਨੁੱਖਾ ਦੇਹ ਰੂਪ ਤੇਜ ਚਾਲ ਵਾਲੀ ਘੋੜੀ ਰਾਮ ਨੇ ਪੈਦਾ ਕੀਤੀ ਹੈ।ਉਹ ਦੇਹ ਰੂਪ ਘੋੜੀ ਧੰਨ ਧੰਨ ਹੈ, ਜਿਸ ਰਾਹੀਂ ਮਨੁੱਖ ਹਰੀ ਪ੍ਰਭੂ ਨੂੰ ਜਪਦਾ ਹੈ।ਜਿਸ ਦੇਹ ਰਾਹੀਂ ਮਨੁੱਖ ਹਰੀ ਪ੍ਰਭੂ ਨੂੰ ਜਪਦਾ ਹੈ, ਉਹ ਧੰਨ ਹੈ, ਉਸ ਨੂੰ ਸਾਬਾਸ਼ ਮਿਲਦੀ ਹੈ, (ਉਸ ਨੇ) ਧੁਰ ਦਰਗਾਹ ਤੋਂ ਪਿਛਲੇ ਜਨਮਾਂ ਦੇ ਇਕੱਠੇ ਹੋਏ ਕਰਮਾਂ ਦਾ ਲਿਖਿਆ ਫਲ ਪ੍ਰਾਪਤ ਕੀਤਾ ਹੈ।(ਹੇ ਭਾਈ! ਐਸੀ) ਦੇਹ ਰੂਪ ਘੋੜੀ ਤੇ ਚੜ੍ਹ, (ਜੋ ਜਮਾਂ ਦੇ) ਔਖੇ ਰਸਤੇ ਤੋਂ ਲੰਘਾ ਦਿੰਦੀ ਹੈ ਅਤੇ ਗੁਰੂ ਰਾਹੀਂ ਪਰਮ ਅਨੰਦ ਸਰੂਪ ਪ੍ਰਭੂ ਨੂੰ ਮਿਲ।ਪੂਰੇ ਗੁਰੂ ਨੇ (ਇਸ ਮਨੁੱਖਾ ਦੇਹ ਦਾ) ਹਰੀ ਨਾਲ ਵਿਆਹ ਦਾ ਕਾਰਜ ਰਚਾ ਦਿਤਾ ਹੈ, ਜੋ ਸੰਤ ਜਨਾਂ ਨਾਲ ਮਿਲ ਕੇ ਸੰਗਤ ਕੀਤੀ ਹੈ, ਇਹ ਜੰਞ ਆਈ ਹੈ।ਦਾਸ ਨਾਨਕ ਆਖਦਾ ਹੈ ਕਿ (ਅਜੇਹੀ ਮਨੁੱਖਾ ਦੇਹ ਨੇ) ਮੰਗਲ ਸਰੂਪ ਹਰੀ ਵਰ ਨੂੰ ਪਾ ਲਿਆ ਹੈ ਅਤੇ (ਹਰੀ ਵਰ ਦੀ ਪ੍ਰਾਪਤੀ ਤੇ) ਸੰਤ ਜਨਾਂ ਦੀਆਂ ਵਧਾਈਆਂ ਮਿਲ ਰਹੀਆਂ ਹਨ।੪।੧।

ਪਦਾਰਥ = ਕੜੀਆਲੁ–ਲਗਾਮ।ਮੁਖੇ–ਮੂੰਹ ਵਿਚ।ਗੁਰਿ–ਗੁਰੂ ਨੇ।ਦ੍ਰਿੜਾਇਆ–ਪੱਕਾ ਕਰ ਦਿਤਾ; ਨਿਸਚੇ ਕਰਾ ਦਿਤਾ।ਤਨਿ–ਸਰੀਰ ਵਿਚ।ਜਿਣੈ–ਜਿਤ ਲੈਂਦਾ ਹੈ।ਗੁਰਮੁਖਿ–ਗੁਰੂ ਦੁਆਰਾ।ਅਘੜੋ–ਅਨਘੜਤ (ਸਿੱਖਿਆ ਰਹਿਤ ਮਨ)।ਘੜਾਵੈ–ਸੋਧ ਕਰਦਾ (ਸੁੰਦਰ ਬਣਾ ਲੈਂਦਾ) ਹੈ।ਅਪਿਉ–ਅੰਮ੍ਰਿਤ।ਪੀਤਿਆ–ਪੀਂਦਾ ਹੈ।ਸੁਣਿ–ਸੁਣ ਕੇ।ਸ੍ਰਵਣ–ਕੰਨਾਂ ਨਾਲ।ਵਖਾਣੀ–ਉਚਾਰੀ ਹੈ।ਰੰਗੁ–ਪ੍ਰੇਮ ਰੂਪ ਰੰਗ।ਮਹਾ ਮਾਰਗੁ–ਵੱਡਾ (ਲੰਬਾ) ਰਸਤਾ।ਪੰਥੁ–ਰਸਤਾ।ਬਿਖੜਾ–ਕਠਨ।੩।ਤੇਜਣਿ–ਤੇਜ ਚਾਲ ਵਾਲੀ ਅਰਬੀ ਘੋੜੀ।ਦੇਹ–ਸਰੀਰ।ਰਾਮਿ–ਰਾਮ ਨੇ।ਉਪਾਈਆ–ਪੈਦਾ ਕੀਤੀ।ਜਿਤੁ–ਜਿਸ ਰਾਹੀਂ।ਜਾਪੈ–ਜਪਦਾ ਹੈ।ਸਾ–ਉਹ।ਸਾਬਾਸੈ–ਸਲਾਹੁਣ ਯੋਗ।ਤੁਖਾਈਆ–ਘੋੜੀ।ਧੁਰਿ–ਧੁਰ ਦਰਗਾਹ ਤੋਂ।ਕਿਰਤੁ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ।ਜੁੜੰਦਾ–ਇਕੱਠਾ ਹੋਇਆ। ਦੇਹੜਿ–ਸੋਹਣੀ ਦੇਹ।ਬਿਖਮੁ–ਔਖਾ।ਪਰਮਾਨੰਦਾ–ਪਰਮ ਅਨੰਦ ਸਰੂਪ ਪ੍ਰਭੂ।ਕਾਜੁ–ਵਿਆਹ ਦਾ ਕਾਰਜ।ਰਚਾਇਆ–ਬਣਾਇਆ। ਜੰਞ–ਬਰਾਤ।ਵਰੁ–ਪਤੀ।ਮੰਗਲੁ–ਅਨੰਦ ਸਰੂਪ।੪।੧।੫।

ਅੰਗ ੫੭੬ = ਵਡਹੰਸੁ ਮਹਲਾ ੪ ॥ ਦੇਹ ਤੇਜਨੜੀ, ਹਰਿ ਨਵ ਰੰਗੀਆ ਰਾਮ ॥ ਗੁਰ ਗਿਆਨੁ ਗੁਰੂ ਹਰਿ ਮੰਗੀਆ ਰਾਮ ॥ ਗਿਆਨ ਮੰਗੀ ਹਰਿ ਕਥਾ ਚੰਗੀ, ਹਰਿ ਨਾਮੁ ਗਤਿ ਮਿਤਿ ਜਾਣੀਆ ॥ ਸਭੁ ਜਨਮੁ ਸਫਲਿਓ ਕੀਆ ਕਰਤੈ, ਹਰਿ ਰਾਮ ਨਾਮਿ ਵਖਾਣੀਆ ॥ ਹਰਿ ਰਾਮ ਨਾਮੁ ਸਲਾਹਿ ਹਰਿ ਪ੍ਰਭ, ਹਰਿ ਭਗਤਿ ਹਰਿ ਜਨ ਮੰਗੀਆ ॥ ਜਨੁ ਕਹੈ ਨਾਨਕੁ ਸੁਣਹੁ ਸੰਤਹੁ ,ਹਰਿ ਭਗਤਿ ਗੋਵਿੰਦ ਚੰਗੀਆ ॥੧॥ ਦੇਹ ਕੰਚਨ ਜੀਨੁ ਸੁਵਿਨਾ ਰਾਮ ॥ ਜੜਿ ਹਰਿ ਹਰਿ ਨਾਮੁ ਰਤੰਨਾ ਰਾਮ ॥ ਜੜਿ ਨਾਮ ਰਤਨੁ ਗੋਵਿੰਦ ਪਾਇਆ, ਹਰਿ ਮਿਲੇ ਹਰਿ ਗੁਣ ਸੁਖ ਘਣੇ ॥ ਗੁਰ ਸਬਦੁ ਪਾਇਆ ਹਰਿ ਨਾਮੁ ਧਿਆਇਆ, ਵਡਭਾਗੀ ਹਰਿ ਰੰਗ ਹਰਿ ਬਣੇ ॥ ਹਰਿ ਮਿਲੇ ਸੁਆਮੀ ਅੰਤਰਜਾਮੀ, ਹਰਿ ਨਵਤਨ ਹਰਿ ਨਵ ਰੰਗੀਆ ॥ ਨਾਨਕੁ ਵਖਾਣੈ ਨਾਮੁ ਜਾਣੈ, ਹਰਿ ਨਾਮੁ ਹਰਿ ਪ੍ਰਭ ਮੰਗੀਆ ॥੨॥ (ਹੇ ਭਾਈ! ਉਹ) ਦੇਹ ਰੂਪ ਸੋਹਣੀ ਘੋੜੀ ਹੈ, ਜੋ ਹਰੀ ਦੇ ਪ੍ਰੇਮ ਦੇ ਨਵੇਂ ਰੰਗ ਵਿਚ ਰੰਗੀ ਹੋਈ ਹੈ।(ਇਹ ਦੇਹ) ਗੁਰੂ ਪਾਸੋਂ ਹਰੀ ਦਾ ਸ੍ਰੇਸਟ ਗਿਆਨ ਮੰਗਦੀ ਹੈ।ਅਤੇ ਗਿਆਨ ਦੇਣ ਵਾਲੀ ਹਰੀ ਦੀ ਸ੍ਰੇਸਟ ਕਥਾ ਮੰਗਦੀ ਹੈ, (ਇਉਂ ਇਸ ਨੇ) ਹਰੀ ਦਾ ਨਾਮ ਜਪ ਕੇ ਮੁਕਤੀ ਦੀ ਮਰਿਆਦਾ ਜਾਣ ਲਈ ਹੈ।(ਜਿਨ੍ਹਾਂ ਪੁਰਖਾਂ ਨੇ) ਰਾਮ ਨਾਮ ਦੁਆਰਾ ਹਰੀ ਦਾ ਜਸ ਉਚਾਰਿਆ ਹੈ, ਕਰਤਾਰ ਨੇ (ਉਨ੍ਹਾਂ ਦਾ) ਸਾਰਾ ਮਨੁੱਖਾ ਜਨਮ ਸਫਲ ਕਰ ਦਿਤਾ ਹੈ।ਹਰੀ ਦੇ ਸੇਵਕ ਹਰੀ ਦਾ ਰਾਮ ਨਾਮ ਸਿਮਰ ਕੇ ਅਤੇ ਹਰੀ ਪ੍ਰਭੂ ਦੀ ਸਿਫਤ

ਸਲਾਹ ਕਰਕੇ, ਹਰੀ ਦੀ ਭਗਤੀ ਮੰਗਦੇ ਰਹਿੰਦੇ ਹਨ।ਦਾਸ ਨਾਨਕ ਆਖਦਾ ਹੈ ਕਿ ਹੇ ਸੰਤ ਜਨੋਂ! ਸੁਣੋ, (ਸਾਰੇ ਕਿਸਮ ਦੇ ਕਰਮ ਕਾਂਡ ਨਾਲੋਂ) ਗੋਬਿੰਦ ਹਰੀ ਦੀ ਭਗਤੀ ਚੰਗੀ ਹੈ।੧।ਸੋਨੇ ਵਰਗੀ ਸੁੰਦਰ ਦੇਹ ਰੂਪ ਘੋੜੀ ਦੀ ਕਾਠੀ ਵੀ ਸੋਨੇ ਦੀ ਹੈ।(ਉਸ ਕਾਠੀ ਉਤੇ) ਹਰਿ ਹਰਿ ਨਾਮ ਰੂਪ ਰਤਨ ਜੜੇ ਹੋਏ ਹਨ।ਨਾਮ ਦਾ ਰਤਨ ਜੜ ਕੇ (ਸਿਮਰਨ ਕਰਕੇ) ਗੋਬਿੰਦ ਨੂੰ ਪਾ ਲਿਆ ਹੈ, (ਜਦ) ਹਰੀ ਮਿਲ ਪਿਆ ਤਾਂ ਹਰੀ ਦੇ ਗੁਣਾਂ ਕਰਕੇ ਬਹੁਤ ਸੁਖ ਪ੍ਰਾਪਤ ਹੋ ਗਏ ਹਨ।(ਜਿਨ੍ਹਾਂ ਮਨੁੱਖਾਂ ਨੇ) ਗੁਰੂ ਦਾ ਸ਼ਬਦ ਪ੍ਰਾਪਤ ਕਰ ਲਿਆ ਅਤੇ ਹਰੀ ਦਾ ਨਾਮ ਜਪਿਆ ਹੈ, (ਉਹ) ਵੱਡੇ ਭਾਗਾਂ ਨਾਲ ਹਰੀ ਦੇ ਪ੍ਰੇਮ ਕਰਕੇ ਹਰੀ ਦਾ ਹੀ ਰੂਪ ਬਣ ਗਏ ਹਨ।ਅੰਤਰਜਾਮੀ ਹਰੀ ਮਾਲਕ ਮਿਲ ਪਿਆ, ਜੋ ਸਦਾ ਜਵਾਨ ਤੇ ਸਦਾ ਨਵੇਂ ਰੰਗ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ (ਜੋ ਮਨੁੱਖ ਨਾਮ ਦੀ ਪ੍ਰਭਤਾ) ਨੂੰ ਜਾਣ ਲੈਂਦਾ ਹੈ, ਉਹ ਪ੍ਰਭੂ ਤੋਂ ਹਰਿ ਹਰਿ ਨਾਮ ਹੀ ਮੰਗਦਾ ਹੈ।੨।

ਪਦਾਰਥ = ਤੇਜਨੜੀ–ਤੇਜ ਚਾਲ ਵਾਲੀ ਅਰਬੀ ਘੋੜੀ।ਨਵ ਰੰਗੀਆ–ਨਵੇਂ ਰੰਗ ਵਿਚ।ਗੁਰ ਗਿਆਨੁ–ਸ੍ਰੇਸ਼ਟ ਗਿਆਨ।ਚੰਗੀ–ਸ੍ਰੇਸਟ।ਗਤਿ ਮਿਤਿ–ਉਚੀ ਆਤਮਕ ਅਵਸਥਾ ਦੀ ਮਰਿਆਦਾ।ਕਰਤੈ–ਕਰਤਾਰ ਨੇ।ਵਖਾਣੀਆ–ਉਚਾਰਿਆ ਹੈ।ਹਰਿ ਜਨ–ਹਰੀ ਦੇ ਸੇਵਕਾਂ ਨੇ।੧।ਦੇਹ–ਮਨੁੱਖਾ ਸਰੀਰ।ਕੰਚਨੁ–ਸੋਨੇ ਵਰਗੀ ਸੁੰਦਰ।ਜੀਨੁ–ਕਾਠੀ।ਸੁਵਿਨਾ–ਸੋਨੇ ਦੀ।ਜੜਿ–ਜੜ ਕੇ।ਘਣੇ–ਬਹੁਤ।ਵਡਭਾਗੀ–ਵੱਡੇ ਭਾਗਾਂ ਨਾਲ।ਹਰਿ ਰੰਗ–ਹਰੀ ਦੇ ਪ੍ਰੇਮ ਕਰਕੇ।ਹਰਿ ਬਣੇ–ਹਰੀ ਦਾ ਰੂਪ ਬਣ ਗਏ।ਅੰਤਰਜਾਮੀ–ਦਿਲਾਂ ਦੇ ਅੰਦਰ ਦੀਆਂ ਜਾਨਣ ਵਾਲਾ।ਨਵ ਤਨ–ਜਵਾਨ (ਜੋ ਕਦੇ ਬੁੱਢਾ ਨਹੀਂ ਹੁੰਦਾ)।ਨਵ ਰੰਗੀਆ–ਜਿਸ ਦਾ ਰੰਗ ਸਦਾ ਨਵਾਂ ਰਹਿੰਦਾ ਹੈ।੨।

ਕੜੀਆਲੁ ਮੁਖੇ, ਗੁਰਿ ਅੰਕਸੁ ਪਾਇਆ ਰਾਮ ॥ ਮਨੁ ਮੈਗਲੁ ,ਗੁਰ ਸਬਦਿ ਵਸਿ ਆਇਆ ਰਾਮ ॥ ਮਨੁ ਵਸਗਤਿ ਆਇਆ ਪਰਮਪਦੁ ਪਾਇਆ, ਸਾਧਨ ਕੰਤਿ ਪਿਆਰੀ ॥ ਅੰਤਰਿ ਪ੍ਰੇਮੁ ਲਗਾ ਹਰਿ ਸੇਤੀ, ਘਰਿ ਸੋਹੈ ਹਰਿ ਪ੍ਰਭ ਨਾਰੀ ॥ ਹਰਿ ਰੰਗਿ ਰਾਤੀ ਸਹਜੇ ਮਾਤੀ, ਹਰਿ ਪ੍ਰਭੁ ਹਰਿ ਹਰਿ ਪਾਇਆ ॥ ਨਾਨਕ ਜਨੁ ਹਰਿ ਦਾਸੁ ਕਹਤੁ ਹੈ, ਵਡਭਾਗੀ ਹਰਿ ਹਰਿ ਧਿਆਇਆ ॥੩॥ ਦੇਹ ਘੋੜੀ ਜੀ, ਜਿਤੁ ਹਰਿ ਪਾਇਆ ਰਾਮ ॥ ਮਿਲਿ ਸਤਿਗੁਰ ਜੀ, ਮੰਗਲੁ ਗਾਇਆ ਰਾਮ ॥ ਹਰਿ ਗਾਇ ਮੰਗਲੁ ਰਾਮ ਨਾਮਾ, ਹਰਿ ਸੇਵ ਸੇਵਕ ਸੇਵਕੀ ॥ ਪ੍ਰਭ ਜਾਇ ਪਾਵੈ ਰੰਗ ਮਹਲੀ, ਹਰਿ ਰੰਗੁ ਮਾਣੈ ਰੰਗਕੀ ॥ ਗੁਣ ਰਾਮ ਗਾਏ ਮਨਿ ਸੁਭਾਏ, ਹਰਿ ਗੁਰਮਤੀ ਮਨਿ ਧਿਆਇਆ ॥ ਜਨ ਨਾਨਕ ਹਰਿ ਕਿਰਪਾ ਧਾਰੀ, ਦੇਹ ਘੋੜੀ ਚੜਿ ਹਰਿ ਪਾਇਆ ॥੪॥੨॥੬॥ (ਹੁਣ ਮਨ ਨੂੰ ਵਸ ਵਿਚ ਕਰਨ ਦੇ ਸਾਧਨ ਦਸਦੇ ਹਨ, ਜਿਵੇਂ ਘੋੜੀ ਨੂੰ ਕਾਬੂ ਕਰਨ ਵਾਸਤੇ ਉਸ ਦੇ) ਮੂੰਹ ਵਿਚ ਕੜਿਆਲ ਹੁੰਦਾ ਹੈ, (ਤਿਵੇਂ ਮਨ ਰੂਪ ਹਾਥੀ ਨੂੰ ਕਾਬੂ ਕਰਨ ਲਈ ਉਸ ਦੇ ਸਿਰ ਤੇ) ਗੁਰੂ ਨੇ ਕੁੰਡਾ ਪਾਇਆ (ਰੱਖਿਆ) ਹੈ।ਮਨ ਹਾਥੀ ਵਾਂਗ ਹੈ, ਜੋ ਗੁਰੂ ਦੇ ਸ਼ਬਦ ਰਾਹੀਂ ਵਸ ਵਿਚ ਆਇਆ ਹੈ।(ਜਿਸ ਦਾ) ਮਨ ਵਸ ਵਿਚ ਆ ਗਿਆ, (ਉਸ ਨੇ) ਪਰਮਪਦ ਪਾ ਲਿਆ, (ਐਸੀ) ਜੀਵ ਇਸਤ੍ਰੀ ਪ੍ਰਭੂ ਪਤੀ ਦੀ ਪਿਆਰੀ ਹੈ।ਉਸ ਦੇ ਹਿਰਦੇ ਅੰਦਰ ਹਰੀ ਨਾਲ ਪ੍ਰੇਮ ਲੱਗਾ ਹੋਇਆ ਹੈ, (ਉਹ ਜੀਵ ਰੂਪ) ਇਸਤ੍ਰੀ ਹਰੀ ਪ੍ਰਭੂ ਦੇ ਘਰ ਵਿਚ ਸੋਭਾ ਪਾਉਂਦੀ ਹੈ।ਉਹ ਹਰੀ ਦੇ ਪ੍ਰੇਮ ਵਿਚ ਰੰਗੀ ਹੋਈ ਸਹਿਜ ਅਵਸਥਾ ਵਿਚ ਮਸਤ ਰਹਿੰਦੀ ਹੈ, ਉਸ ਨੇ ਹਰਿ ਹਰਿ ਨਾਮ ਜਪ ਕੇ ਹਰੀ ਪ੍ਰਭੂ ਨੂੰ ਪਾ ਲਿਆ ਹੈ।ਦਾਸ ਨਾਨਕ ਹਰੀ ਦਾ ਸੇਵਕ ਆਖਦਾ ਹੈ (ਕਿ ਜਿਸ ਮਨੁੱਖ ਨੇ) ਹਰਿ ਹਰਿ ਨਾਮ ਸਿਮਰਿਆ ਹੈ, (ਉਹ) ਵੱਡੇ ਭਾਗਾਂ ਵਾਲਾ ਹੈ।੩।ਹੇ ਭਾਈ! (ਮਨੁੱਖਾ) ਦੇਹ ਮਾਨੋ ਘੋੜੀ ਹੈ, ਜਿਸ ਰਾਹੀਂ ਹਰੀ ਪਾਇਆ ਜਾ ਸਕਦਾ ਹੈ।ਹੇ ਭਾਈ! (ਹਰੀ ਉਸ ਮਨੁੱਖ ਨੂੰ ਮਿਲਦਾ ਹੈ, ਜਿਸ ਨੇ) ਸਤਿਗੁਰੂ ਨੂੰ ਮਿਲ ਕੇ ਮੰਗਲ (ਹਰੀ ਦਾ ਜਸ) ਗਾਇਆ ਹੈ।(ਜੋ ਜੀਵ ਇਸਤ੍ਰੀ) ਹਰੀ ਦਾ ਮੰਗਲ ਗਾਉਂਦੀ ਹੈ, ਰਾਮ ਦਾ ਨਾਮ ਜਪਦੀ ਹੈ ਅਤੇ ਸੇਵਕਾਂ ਦੀ ਸੇਵਕ ਹੋ ਕੇ ਹਰੀ ਦੀ ਸੇਵਾ ਭਗਤੀ ਕਰਦੀ ਹੈ।(ਉਹ) ਰੰਗ ਮਹਿਲ ਵਿਚ ਜਾ ਕੇ ਪ੍ਰਭੂ ਨੂੰ ਪਾ ਲੈਂਦੀ ਹੈ, (ਜਿਥੇ ਉਹ) ਪ੍ਰੇਮਣ ਹਰੀ ਦੇ ਮਿਲਾਪ ਦਾ ਅਨੰਦ ਮਾਣਦੀ ਹੈ।(ਅਜੇਹੀ ਜੀਵ ਇਸਤ੍ਰੀ ਨੇ ਸਦਾ ਹੀ) ਪ੍ਰੇਮ ਨਾਲ ਮਨ ਵਿਚ ਪ੍ਰਮਾਤਮਾ ਦੇ ਗੁਣ ਗਾਏ ਹਨ ਅਤੇ ਗੁਰੂ ਦੀ ਮੱਤ ਲੈ ਕੇ ਮਨ ਵਿਚ ਹਰੀ ਨੂੰ ਸਿਮਰਿਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ) ਦਾਸ ਉਤੇ ਪ੍ਰਭੂ ਨੇ ਕਿਰਪਾ ਕੀਤੀ ਹੈ, (ਉਸ ਨੇ ਮਨੁੱਖਾ) ਦੇਹ ਰੂਪ ਘੋੜੀ ਤੇ ਚੜ੍ਹ ਕੇ ਪ੍ਰਮਾਤਮਾ ਨੂੰ ਪਾਇਆ ਹੈ।੪।੨।੬।

ਪਦਾਰਥ = ਕੜੀਆਲੁ–ਲਗਾਮ।ਮੁਖੇ–ਮੂੰਹ ਵਿਚ।ਗੁਰਿ–ਗੁਰੂ ਨੇ।ਅੰਕਸੁ–(ਹਾਥੀ ਨੂੰ ਤੋਰਨ ਵਾਲਾ) ਕੁੰਡਾ।ਮੈਗਲੁ–ਹਾਥੀ।ਸਬਦਿ–ਸ਼ਬਦ ਰਾਹੀਂ।ਵਸਿ–ਵਸ ਵਿਚ।ਵਸਗਤਿ–ਵਸ ਵਿਚ।ਪਰਮ ਪਦੁ–ਉਚੀ ਆਤਮਕ ਅਵਸਥਾ।ਸਾਧਨ–ਪਤੀਵ੍ਰਤਾ ਇਸਤ੍ਰੀ; ਸਾਧ੍ਵੀ (ਸੁਹਾਗਵੰਤੀ)।ਕੰਤਿ–ਪਤੀ ਨੇ (ਪਤੀ ਦੀ)।ਅੰਤਰਿ–ਹਿਰਦੇ ਵਿਚ।ਹਰਿ ਸੇਤੀ–ਹਰੀ ਨਾਲ।ਘਰਿ–ਘਰ ਵਿਚ।ਸੋਹੈ–ਸੋਭਾ ਪਾਉਂਦੀ ਹੈ।ਨਾਰੀ–ਇਸਤ੍ਰੀ।ਰੰਗਿ ਰਾਤੀ–ਪ੍ਰੇਮ ਰੰਗ ਵਿਚ ਰੰਗੀ ਹੋਈ।ਸਹਜੇ ਮਾਤੀ–ਸਹਿਜ ਅਵਸਥਾ ਵਿਚ ਮਸਤ।੩।ਦੇਹ–ਸਰੀਰ।ਜੀ–

ਹੇ ਭਾਈ!।ਜਿਤੁ-ਜਿਸ ਰਾਹੀਂ।ਮੰਗਲੁ-ਅਨੰਦ ਦਾ ਗੀਤ (ਹਰੀ ਜਸ)।ਸੇਵ-ਸੇਵਾ।ਸੇਵਕੀ-ਦਾਸੀ ਹੋ ਕੇ; ਸੇਵਕ ਭਾਵਨਾ ਨਾਲ। ਜਾਇ-ਜਾ ਕੇ।ਰੰਗ ਮਹਲੀ-ਪ੍ਰੇਮ ਦਾ ਅਨੰਦ ਮਾਨਣ ਲਈ ਬਣਿਆ ਮਹਿਲ (ਅਨੰਦ ਘਰ)।ਰੰਗਕੀ-ਰੰਗੀਲੀ (ਪ੍ਰੇਮ ਵਿਚ ਰੰਗੀ ਪ੍ਰੇਮਣ) ਮਨਿ-ਮਨ ਵਿਚ।ਸੁਭਾਏ-ਪ੍ਰੇਮ ਨਾਲ।ਗੁਰਮਤੀ-ਗੁਰੂ ਦੀ ਮੱਤ ਲੈ ਕੇ।ਕਿਰਪਾ ਧਾਰੀ-ਕ੍ਰਿਪਾ ਕੀਤੀ।੪।੨।੬।

ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪ ੴ ਸਤਿਗੁਰ ਪ੍ਰਸਾਦਿ ॥ ਗੁਰ ਮਿਲਿ ਲਧਾ ਜੀ, ਰਾਮੁ ਪਿਆਰਾ ਰਾਮ ॥ ਇਹੁ ਤਨੁ ਮਨੁ ਦਿਤੜਾ, ਵਾਰੋ ਵਾਰਾ ਰਾਮ ॥ ਤਨੁ ਮਨੁ ਦਿਤਾ ਭਵਜਲੁ ਜਿਤਾ, ਚੂਕੀ ਕਾਂਣਿ ਜਮਾਣੀ ॥ ਅਸਥਿਰੁ ਥੀਆ ਅੰਮ੍ਰਿਤੁ ਪੀਆ, ਰਹਿਆ ਆਵਣ ਜਾਣੀ ॥ ਸੋ ਘਰੁ ਲਧਾ ਸਹਜਿ ਸਮਧਾ, ਹਰਿ ਕਾ ਨਾਮੁ ਅਧਾਰਾ ॥ ਕਹੁ ਨਾਨਕ ਸੁਖ ਮਾਣੇ ਰਲੀਆਂ, ਗੁਰ ਪੂਰੇ ਕੰਉ ਨਮਸਕਾਰਾ ॥੧॥ ਸੁਣਿ ਸਜਣ ਜੀ, ਮੈਡੜੇ ਮੀਤਾ ਰਾਮ ॥ ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ ॥ ਸਚੁ ਸਬਦੁ ਧਿਆਇਆ ਮੰਗਲੁ ਗਾਇਆ, ਚੂਕੇ ਮਨਹੁ ਅਦੇਸਾ ॥ ਸੋ ਪ੍ਰਭੁ ਪਾਇਆ ਕਤਹਿ ਨ ਜਾਇਆ, ਸਦਾ ਸਦਾ ਸੰਗਿ ਬੈਸਾ ॥ ਹੇ ਭਾਈ! ਗੁਰੂ ਨੂੰ ਮਿਲ ਕੇ ਮੈਨੂੰ ਪਿਆਰਾ ਪ੍ਰਭੂ ਲੱਭਿਆ ਹੈ।ਇਹ ਤਨ ਤੇ ਮਨ (ਮੈਂ ਗੁਰੂ ਤੋਂ) ਵਾਰਨੇ ਕਰ ਦਿਤਾ ਹੈ।ਤਨ ਤੇ ਮਨ (ਮੈਂ ਗੁਰੂ ਨੂੰ ਭੇਟ ਕਰ) ਦਿਤਾ ਤਾਂ ਭਵਜਲ ਨੂੰ ਜਿਤ ਲਿਆ ਅਤੇ ਜਮਾਂ ਦੀ ਕਾਣ ਮੁੱਕ ਗਈ।ਗੁਰੂ ਪਾਸੋਂ ਨਾਮ ਅੰਮ੍ਰਿਤ ਪੀਤਾ ਤਾਂ ਮਨ ਦਾ ਟਿਕਾਉ ਹੋ ਗਿਆ, (ਜਿਸ ਕਰਕੇ ਮੇਰਾ) ਆਉਣਾ ਜਾਣਾ (ਜਨਮ ਮਰਨ) ਮੁਕ ਗਿਆ।ਸਹਿਜ ਅਵਸਥਾ ਵਿਚ ਲੀਨ ਰੱਖਣ ਵਾਲਾ ਉਹ ਘਰ ਲੱਭ ਲਿਆ ਹੈ, ਜਿੱਥੇ ਰਾਮ ਦੇ ਨਾਮ ਦਾ ਆਸਰਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਪੂਰੇ ਗੁਰੂ ਨੂੰ ਨਮਸ਼ਕਾਰ ਹੈ, (ਜਿਸ ਦੀ ਕ੍ਰਿਪਾ ਨਾਲ ਅਸੀਂ) ਸੁਖ ਨਾਲ ਖੁਸ਼ੀਆਂ ਮਾਣਦੇ ਹਾਂ।੧।ਹੇ ਮੇਰੇ ਸੱਜਣ ਮਿਤ੍ਰ ਜੀ! ਤੂੰ ਸੁਣ।ਗੁਰੂ ਨੇ (ਮੈਨੂੰ ਜਪਣ ਵਾਸਤੇ) ਸੱਚਾ ਨਾਮ ਮੰਤ੍ਰ ਦੇ ਤੌਰ ਤੇ ਦਿਤਾ ਹੈ।(ਮੈਂ ਉਸ) ਸੱਚੇ ਨਾਮ ਨੂੰ ਸਿਮਰਿਆ ਤੇ ਪ੍ਰਭੂ ਦਾ ਜਸ ਗਾਇਆ, ਤਾਂ ਮੇਰੇ ਮਨ ਤੋਂ ਸਾਰੇ ਅੰਦੇਸੇ ਦੂਰ ਹੋ ਗਏ ਹਨ।ਮੈਂ ਉਹ ਪ੍ਰਭੂ ਪ੍ਰਾਪਤ ਕਰ ਲਿਆ ਹੈ, ਜੋ ਕਿਤੇ ਨਹੀਂ ਜਾਂਦਾ (ਜੂਨਾਂ ਵਿਚ ਨਹੀ ਜਾਂਦਾ ਭਾਵ ਜੰਮਦਾ ਮਰਦਾ ਨਹੀਂ, ਅਮਰ ਹੈ), ਸਦਾ ਸਦਾ ਮੇਰੇ ਨਾਲ ਬੈਠਾ ਰਹਿੰਦਾ ਹੈ (ਅੰਗ ਸੰਗ ਵਸਦਾ) ਹੈ।

ਅੰਗ ੫੭੭ = ਪ੍ਰਭ ਜੀ ਭਾਣਾ ਸਚਾ ਮਾਣਾ, ਪ੍ਰਭਿ ਹਰਿ ਧਨੁ ਸਹਜੇ ਦੀਤਾ ॥ ਕਹੁ ਨਾਨਕ ਤਿਸੁ ਜਨ ਬਲਿਹਾਰੀ, ਤੇਰਾ ਦਾਨੁ ਸਭਨੀ ਹੈ ਲੀਤਾ ॥੨॥ (ਜੋ ਮਨੁੱਖ) ਪ੍ਰਭੂ ਚੰਗਾ ਲਗਦਾ ਹੈ, (ਉਸ ਨੂੰ ਪ੍ਰਭੂ ਨੇ) ਸੱਚਾ ਮਾਣ ਬਖਸ਼ਿਆ ਹੈ, (ਉਸ ਨੂੰ) ਪ੍ਰਭੂ ਨੇ ਹਰਿ ਨਾਮ ਧਨ ਸਹਜੇ (ਅਪਣੇ ਆਪ) ਦੇ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਪ੍ਰਭੂ!) ਮੈਂ ਉਸ ਪੁਰਖ (ਗੁਰੂ ਰਾਮਦਾਸ ਜੀ) ਤੋਂ ਸਦਾ ਬਲਿਹਾਰ ਜਾਂਦਾ ਹਾਂ, (ਜਿਸ ਪਾਸੋਂ) ਤੇਰਾ ਨਾਮ ਦਾਨ ਸਾਰੇ ਗੁਰਸਿੱਖਾਂ ਨੇ ਲਿਆ ਹੈ।੨।

ਪਦਾਰਥ = ਲਧਾ-ਲੱਭਿਆ ਹੈ।ਜੀ-ਹੇ ਭਾਈ!।ਦਿਤੜਾ ਵਾਰੋ ਵਾਰਾ-ਵਾਰਨੇ ਕਰ ਦਿਤਾ।ਭਵਜਲੁ-ਸੰਸਾਰ ਸਮੁੰਦਰ।ਜਿਤਾ-ਜਿਤ ਲਿਆ।ਚੂਕੀ-ਮੁੱਕ ਗਈ।ਕਾਂਣਿ-ਮੁਹਤਾਜੀ।ਜਮਾਣੀ-ਜਮਾਂ ਦੀ।ਅਸਥਿਰ ਥੀਆ-ਟਿਕਾਉ ਹੋ ਗਿਆ।ਰਹਿਆ-ਮੁੱਕ ਗਿਆ। ਆਵਣ ਜਾਣੀ-ਆਉਣਾ ਜਾਣਾ (ਜਨਮ ਮਰਨ)।ਸੋ-ਉਹ।ਸਹਜਿ-ਸਹਿਜ ਅਵਸਥਾ ਵਿਚ।ਸਮਧਾ-ਲੀਨ ਰੱਖਣ ਵਾਲਾ।ਅਧਾਰਾ-ਆਸਰਾ।ਸੁਖਿ-ਸੁਖ ਨਾਲ।ਰਲੀਆਂ-ਅਨੰਦ।ਮਾਣੇ-ਮਾਣਦੇ ਹਾਂ।੧।ਸਜਣ-ਹੇ ਸੱਜਨ!।ਮੈਡੜੇ-ਮੇਰੇ।ਮੀਤਾ-ਹੇ ਮਿਤ੍ਰ!।ਗੁਰਿ-ਗੁਰੂ ਨੇ।ਸਚੁ ਸਬਦੁ-ਸੱਚਾ ਸ਼ਬਦ (ਨਾਮ)।ਦੀਤਾ-ਦਿਤਾ (ਬਖਸ਼ਿਆ)।ਮੰਗਲੁ-ਹਰੀ ਦੀ ਸਿਫਤ ਸਲਾਹ ਵਾਲਾ ਗੀਤ।ਚੂਕੇ-ਦੂਰ ਹੋ ਗਏ।ਮਨਹੁ-ਮਨ ਵਿਚੋਂ।ਅਦੇਸਾ-ਫਿਕਰ; ਡਰ।ਸੋ-ਉਹ।ਕਤਹਿ-ਕਿਤੇ ਹੋਰ ਜੂਨ ਵਿਚ।ਬੈਸਾ-ਅੰਗ ਸੰਗ ਵਸਦਾ ਹੈ; ਬੈਠਾ ਹੈ।ਭਾਣਾ-ਚੰਗਾ (ਪਿਆਰਾ) ਲਗਦਾ ਹੈ।ਮਾਣਾ-ਮਾਨ ਸਨਮਾਨ।ਪ੍ਰਭਿ-ਪ੍ਰਭੂ ਨੇ।ਸਹਜੇ-ਸੁਭਾਵਕ ਹੀ।ਤਿਸੁ ਜਨ -ਉਸ ਪੁਰਖ ਤੋਂ।ਬਲਿਹਾਰੀ-ਕੁਰਬਾਨ ਜਾਂਦਾ ਹਾਂ।ਸਭਨੀ-ਸਾਰੇ ਗੁਰਸਿੱਖਾਂ ਨੇ।ਲੀਤਾ-ਲਿਆ ਹੈ।੨।

ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ ॥ ਮਨੁ ਥੀਆ ਠੰਢਾ, ਸਭ ਤ੍ਰਿਸਨ ਬੁਝਾਏ ਰਾਮ ॥ ਮਨੁ ਥੀਆ ਠੰਢਾ ਚੂਕੀ ਡੰਝਾ, ਪਾਇਆ ਬਹੁਤੁ ਖਜਾਨਾ ॥ ਸਿਖ ਸੇਵਕ ਸਭਿ ਭੁੰਚਣ ਲਗੇ, ਹੰਉ ਸਤਿਗੁਰ ਕੈ ਕੁਰਬਾਨਾ ॥ ਨਿਰਭਉ ਭਏ ਖਸਮ ਰੰਗਿ ਰਾਤੇ, ਜਮ ਕੀ ਤ੍ਰਾਸ ਬੁਝਾਏ ॥ ਨਾਨਕ ਦਾਸੁ ਸਦਾ ਸੰਗਿ ਸੇਵਕੁ ,ਤੇਰੀ ਭਗਤਿ ਕਰੰਉ ਲਿਵ ਲਾਏ ॥੩॥ ਪੂਰੀ ਆਸਾ ਜੀ ਮਨਸਾ ਮੇਰੇ ਰਾਮ ॥ ਮੋਹਿ ਨਿਰਗੁਣ ਜੀਉ ,ਸਭਿ ਗੁਣ ਤੇਰੇ ਰਾਮ ॥ ਸਭਿ ਗੁਣ ਤੇਰੇ ਠਾਕੁਰ ਮੇਰੇ, ਕਿਤੁ ਮੁਖਿ ਤੁਧੁ ਸਾਲਾਹੀ ॥ ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ, ਬਖਸਿ ਲੀਆ ਖਿਨ ਮਾਹੀ ॥ ਨਉਨਿਧਿ ਪਾਈ ਵਜੀ ਵਾਧਾਈ, ਵਾਜੇ ਅਨਹਦ ਤੂਰੇ ॥ ਕਹੁ ਨਾਨਕ ਮੈ ਵਰੁ ਘਰਿ ਪਾਇਆ, ਮੇਰੇ ਲਾਥੇ ਜੀ ਸਗਲ ਵਿਸੂਰੇ ॥੪॥੧॥ (ਹੇ ਪ੍ਰਭੂ! ਜਦ) ਤੈਨੂੰ ਚੰਗਾ ਲੱਗਾ ਤਾਂ ਮੈ (ਇਸ ਲੋਕ ਦੇ ਪਦਾਰਥਾਂ ਤੋਂ) ਰੱਜ ਗਿਆ ਹਾਂ ਤੇ (ਪ੍ਰਲੋਕ ਦੇ ਪਦਾਰਥਾਂ ਤੋਂ ਵੀ) ਰੱਜ ਗਿਆ ਹਾਂ।(ਪਦਾਰਥਾਂ ਦੀ) ਸਾਰੀ ਤ੍ਰਿਸ਼ਨਾ ਬੁਝ ਗਈ ਅਤੇ ਮੇਰਾ ਮਨ ਸ਼ਾਂਤ ਹੋ

ਗਿਆ ਹੈ।ਮਨ ਸ਼ਾਂਤ ਹੋ ਗਿਆ ਤੇ ਜਲਨ ਦੂਰ ਹੋ ਗਈ ਅਤੇ ਨਾਮ ਦਾ ਬਹੁਤ ਵੱਡਾ ਖਜਾਨਾ ਪ੍ਰਾਪਤ ਹੋ ਗਿਆ ਹੈ।(ਇਸ ਨਾਮ ਦਾ) ਅਨੰਦ ਸਾਰੇ ਸਿਖ ਸੇਵਕ ਮਾਨਣ ਲਗ ਪਏ, (ਇਹ ਖਜਾਨਾ ਬਖਸ਼ਣ ਵਾਲੇ) ਸਤਿਗੁਰੂ ਤੋਂ ਮੈਂ ਕੁਰਬਾਨ ਜਾਂਦਾ ਹਾਂ।ਮਾਲਕ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਅਸੀਂ ਨਿਰਭਉ ਹੋ ਗਏ ਹਾਂ, ਹੁਣ ਜਮਾਂ ਦਾ ਡਰ ਦੂਰ ਕਰ ਦਿਤਾ ਹੈ।(ਹੇ ਪ੍ਰਭੂ!) ਦਾਸ ਨਾਨਕ ਸਦਾ ਹੀ ਤੇਰਾ ਸੰਗੀ ਹੈ, ਤੇਰਾ ਸੇਵਕ ਹੈ, (ਮੇਰੇ ਤੇ ਮੇਹਰ ਕਰ) ਮੈਂ ਲਿਵ ਲਾ ਕੇ ਤੇਰੀ ਭਗਤੀ ਕਰਦਾ ਰਹਾਂ।੩।ਹੇ ਮੇਰੇ ਪ੍ਰਭੂ ਜੀ! (ਤੇਰੀ ਪ੍ਰਾਪਤੀ ਦੀ) ਮੇਰੀ ਆਸ ਤੇ (ਮੇਰੇ ਮਨ ਵਿਚ ਫੁਰੀ) ਇੱਛਾ ਪੂਰੀ ਹੋ ਗਈ ਹੈ।ਹੇ ਪ੍ਰਭੂ ਜੀ! ਮੈਂ ਗੁਣ ਹੀਣ ਹਾਂ, ਸਾਰੇ ਗੁਣ ਤੇਰੇ ਵਿਚ ਹਨ; ਸਾਰੇ ਗੁਣ (ਮੇਰੇ ਵਿਚ) ਤੇਰੇ ਬਖਸੇ ਹੋਏ ਹਨ।ਹੇ ਮੇਰੇ ਪ੍ਰਭੂ! ਸਾਰੇ ਗੁਣ ਤੇਰੇ ਵਿਚ ਹਨ, ਮੈਂ ਕਿਹੜੇ ਮੂੰਹ ਨਾਲ ਤੇਰੀ ਉਪਮਾ ਕਰਾਂ? (ਕਿਉਂਕਿ ਮੇਰੀ ਜੀਭ ਇਕ ਹੈ।ਆਪ ਜੀ ਨੇ) ਮੇਰਾ ਗੁਣ ਔਗਣ ਕੁਛ ਨਹੀਂ ਬਿਚਾਰਿਆ, ਇਕ ਖਿਨ ਵਿਚ ਮੇਰੇ ਤੇ ਬਖਸ਼ਿਸ਼ ਕਰ ਦਿਤੀ।ਜਦ ਮੈਂ ਨੌਂ ਨਿਧੀ ਰੂਪ ਨਾਮ ਪ੍ਰਾਪਤ ਕਰ ਲਿਆ, ਤਾਂ ਆਤਮ ਮੰਡਲ ਦਾ ਵਾਜਾ ਵੱਜਣ (ਅਜਪਾ ਜਾਪ ਹੋਣ) ਲਗ ਪਿਆ, (ਮੈਨੂੰ ਸਤਸੰਗੀਆਂ ਤੋਂ) ਵਧਾਈਆਂ ਮਿਲਣ ਲਗ ਪਈਆਂ।ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਹਿਰਦੇ ਘਰ ਵਿਚੋਂ ਹੀ ਪਤੀ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ, (ਜਿਸ ਕਰਕੇ) ਮੇਰੇ ਸਾਰੇ ਝੋਰੇ ਦੂਰ ਹੋ ਗਏ ਹਨ।੪।੧।

ਪਦਾਰਥ = ਤਉ–ਤੈਨੂੰ।ਭਾਣਾ–ਚੰਗਾ ਲੱਗਾ।ਤ੍ਰਿਪਤਿ–ਰੱਜ ਗਿਆ।ਅਘਾਏ–ਰੱਜ ਗਿਆ।ਥੀਆ–ਹੋ ਗਿਆ।ਠੰਢਾ–ਸ਼ਾਂਤ।ਚੂਕੀ–ਦੂਰ ਹੋ ਗਈ।ਡੰਝਾ–ਜਲਨ; ਅਮੁੱਕ ਪਿਆਸ।ਖਜਾਨਾ–ਨਾਮ ਦਾ ਜਾਂ ਬ੍ਰਹਮ ਗਿਆਨ ਦਾ ਜਾਂ ਸ਼ੁੱਭ ਗੁਣਾਂ ਦਾ।ਭੁੰਚਣ ਲਗੇ–ਮਾਨਣ (ਭੋਗਣ) ਲੱਗੇ।ਹੰਉ–ਮੈਂ।ਕੈ–ਦੇ।ਨਿਰਭਉ–ਡਰ ਰਹਿਤ।ਖਸਮ–ਮਾਲਕ ਪ੍ਰਭੂ ਦੇ।ਰੰਗਿ ਰਾਤੇ–ਪ੍ਰੇਮ ਰੰਗ ਵਿਚ ਰੰਗੇ ਹੋਏ।ਤ੍ਰਾਸ–ਡਰ।ਬੁਝਾਏ–ਮਿਟਾ ਦਿਤਾ।ਕਰੰਉ–ਮੈਂ ਕਰਾਂ।ਲਿਵ ਲਾਏ–ਲਿਵ ਲਾ ਕੇ।੩।ਜੀ–ਹੇ ਪ੍ਰਭੂ ਜੀ!।ਆਸਾ ਮਨਸਾ–ਇੱਛਾ ਤੇ ਸੰਕਲਪ ਬਿਰਤੀ।ਮੋਹਿ–ਮੈਂ।ਨਿਰਗੁਣ–ਗੁਣ ਹੀਣ।ਜੀਉ–ਹੇ ਪ੍ਰਭੂ ਜੀ!।ਠਾਕੁਰ–ਹੇ ਪ੍ਰਭੂ!।ਕਿਤੁ ਮੁਖਿ–ਕਿਹੜੇ ਮੂੰਹ ਨਾਲ।ਤੁਧੁ–ਤੇਰੀ।ਸਾਲਾਹੀ–ਮੈਂ ਉਪਮਾ ਕਰਾਂ।ਬਖਸਿ ਲੀਆ–ਬਖਸ਼ਿਸ਼ ਕਰ ਦਿਤੀ।ਖਿਨ ਮਹਿ–ਇਕ ਖਿਨ ਵਿਚ।ਨਉਨਿਧਿ–ਨਾਮ ਦਾ ਨੌਂ ਨਿਧੀ ਰੂਪ ਖਜਾਨਾ।ਵਜੀ ਵਧਾਈ–ਵਾਜੇ–ਵਜਣ ਲਗ ਪਏ।ਅਨਹਦ ਤੂਰੇ–ਆਤਮ ਮੰਡਲ ਦਾ ਵਾਜਾ (ਅਜਪਾ ਜਾਪ)।ਵਰੁ–ਪਤੀ।ਘਰਿ–ਹਿਰਦੇ ਵਿਚੋਂ।ਲਾਥੇ–ਲਹਿ ਗਏ।ਸਗਲ–ਸਾਰੇ।ਵਿਸੂਰੇ–ਝੋਰੇ; ਚਿੰਤਾ ਫਿਕਰ।੪।੧।

ਸਲੋਕੁ ॥ ਕਿਆ ਸੁਣੇਦੋ ਕੂੜੁ ,ਵੰਞਨਿ ਪਵਣ ਝੁਲਾਰਿਆ ॥ ਨਾਨਕ ਸੁਣੀਅਰ ਤੇ ਪਰਵਾਣੁ ,ਜੋ ਸੁਣੇਦੇ ਸਚੁ ਧਣੀ ॥੧॥ (ਹੇ ਮਨ! ਤੂੰ) ਝੂਠੇ ਪਦਾਰਥਾਂ ਦੀਆਂ ਕੀ ਗੱਲਾਂ ਸੁਣਦਾ ਹੈਂ? ਇਹ ਤਾਂ ਹਵਾ ਦੇ ਬੁੱਲਿਆਂ ਵਾਂਗ ਚਲੇ ਜਾਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਮਨੁੱਖ ਦੇ) ਉਹ ਕੰਨ ਰੱਬ ਦੇ ਦਰਬਾਰ ਵਿਚ ਪ੍ਰਵਾਨ ਹਨ, ਜੋ ਸੱਚੇ ਮਾਲਕ ਪ੍ਰਭੂ ਦਾ ਜਸ ਸੁਣਦੇ ਹਨ।੧।

ਛੰਤੁ ॥ ਤਿਨ ਘੋਲਿ ਘੁਮਾਈ, ਜਿਨ ਪ੍ਰਭੁ ਸ੍ਰਵਣੀ ਸੁਣਿਆ ਰਾਮ ॥ ਸੇ ਸਹਜਿ ਸੁਹੇਲੇ, ਜਿਨ ਹਰਿ ਹਰਿ ਰਸਨਾ ਭਣਿਆ ਰਾਮ ॥ ਸੇ ਸਹਜਿ ਸੁਹੇਲੇ ਗੁਣਹ ਅਮੋਲੇ, ਜਗਤ ਉਧਾਰਣ ਆਏ ॥ ਭੈ ਬੋਹਿਥ ਸਾਗਰ ਪ੍ਰਭ ਚਰਣਾ, ਕੇਤੇ ਪਾਰਿ ਲੰਘਾਏ ॥ ਜਿਨ ਕੰਉ ਕ੍ਰਿਪਾ ਕਰੀ ਮੇਰੈ ਠਾਕੁਰਿ, ਤਿਨ ਕਾ ਲੇਖਾ ਨ ਗਣਿਆ ॥ ਕਹੁ ਨਾਨਕ ਤਿਸੁ ਘੋਲਿ ਘੁਮਾਈ, ਜਿਨਿ ਪ੍ਰਭੁ ਸ੍ਰਵਣੀ ਸੁਣਿਆ ॥੧॥ ਮੈਂ ਉਨ੍ਹਾਂ ਪੁਰਖਾਂ ਤੋਂ ਕੁਰਬਾਨ ਜਾਂਦਾ ਹਾਂ, ਜਿਨ੍ਹਾਂ ਨੇ ਪ੍ਰਭੂ ਦਾ ਜਸ ਅਪਣੇ ਕੰਨਾਂ ਨਾਲ ਸੁਣਿਆ ਹੈ।ਉਹ ਸਹਜੇ ਹੀ ਸੁਖੀ ਹਨ, ਜਿਨ੍ਹਾਂ ਨੇ ਹਰਿ ਹਰਿ ਨਾਮ ਰਸਨਾਂ ਨਾਲ ਉਚਾਰਿਆ ਹੈ।ਉਹ ਸਹਜੇ ਹੀ ਸੁਖੀ ਹਨ ਅਤੇ ਅਮੋਲਕ ਗੁਣਾਂ ਵਾਲੇ ਹਨ, ਉਹ ਜਗਤ ਦਾ ਉਧਾਰ ਕਰਨ ਆਏ ਹਨ।(ਉਨ੍ਹਾਂ ਨੇ) ਭਵ ਸਾਗਰ ਤੋਂ ਪ੍ਰਭੂ ਦੇ ਚਰਣ ਰੂਪ ਜਹਾਜ ਤੇ ਚੜ੍ਹਾ ਕੇ ਕਿਤਨੇ (ਅਣਗਿਣਤ) ਹੀ ਲੋਕ ਪਾਰ ਲੰਘਾ ਦਿਤੇ ਹਨ।ਜਿਨ੍ਹਾਂ ਉਤੇ ਮੇਰੇ ਪ੍ਰਭੂ ਮਾਲਕ ਨੇ ਕ੍ਰਿਪਾ ਕੀਤੀ ਹੈ, ਉਨ੍ਹਾਂ ਦੇ ਕਰਮਾਂ ਦਾ ਲੇਖਾ (ਪ੍ਰਭੂ ਨੇ) ਨਹੀਂ ਗਿਣਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪੁਰਖ ਤੋਂ ਮੈਂ ਕੁਰਬਾਨ ਜਾਂਦਾ ਹਾਂ, ਜਿਸ ਨੇ ਪ੍ਰਭੂ ਦਾ ਜਸ ਕੰਨਾਂ ਨਾਲ ਸੁਣਿਆ ਹੈ।੧।

ਪਦਾਰਥ = ਸਲੋਕੁ।ਕੂੜੁ–ਝੂਠੇ (ਪਦਾਰਥਾਂ ਦੀ ਗੱਲ)।ਸੁਣੇਦੋ–ਸੁਣਦਾ ਹੈਂ।ਵੰਞਨਿ–ਚਲੇ ਜਾਂਦੇ ਹਨ।ਪਵਣ ਝੁਲਾਰਿਆ–ਹਵਾ ਦੇ ਬੁੱਲਿਆਂ ਵਾਂਗ।ਸੁਣੀਅਰ–ਕੰਨ।ਤੇ–ਉਹ (ਬਹੁ ਵਚਨ)।ਧਣੀ–ਮਾਲਕ ਪ੍ਰਭੂ।੧।ਛੰਤੁ।ਤਿਨ–ਉਨ੍ਹਾਂ ਦੇ।ਘੋਲਿ ਘੁਮਾਈ–ਕੁਰਬਾਨ ਜਾਂਦਾ ਹਾਂ।ਜਿਨ–ਜਿਨ੍ਹਾਂ ਨੇ।ਸ੍ਰਵਣੀ–ਕੰਨਾਂ ਨਾਲ।ਸੇ–ਉਹ।ਸਹਜਿ–ਸੁਭਾਵਕ ਹੀ; ਬਿਨਾ ਜਤਨ ਕੀਤਿਆਂ ਤੋਂ; ਸਹਿਜ ਅਵਸਥਾ ਵਿਚ ਪੁਜ ਹੋਏ।ਸੁਹੇਲੇ–ਸੁਖੀ।ਭਣਿਆ–ਉਚਾਰਿਆ।ਗੁਣਹ ਅਮੋਲੇ–ਅਮੋਲਕ ਗੁਣਾਂ ਵਾਲੇ।ਉਧਾਰਣ–ਪਾਰ ਉਤਾਰਨ ਲਈ।ਭੈ ਸਾਗਰ–ਸੰਸਾਰ ਸਮੁੰਦਰ ਤੋਂ; ਡਰਾਉਣੇ ਸੰਸਾਰ ਸਮੁੰਦਰ ਤੋਂ।ਬੋਹਿਥ–ਜਹਾਜ।ਕੇਤੇ–ਕਿਤਨੇ (ਅਣਗਿਣਤ) ਹੀ।ਜਿਨ ਕੰਉ–ਜਿਨ੍ਹਾਂ ਉਤੇ; ਜਿਨ੍ਹਾਂ ਨੂੰ।ਕਰੀ–ਕੀਤੀ ਹੈ।ਠਾਕੁਰਿ–ਪ੍ਰਭੂ ਮਾਲਕ ਨੇ।ਲੇਖਾ–ਕੀਤੇ ਕਰਮਾਂ ਦਾ ਹਿਸਾਬ।੧।

ਸਲੋਕੁ ॥ ਲੋਇਣ ਲੋਈ ਡਿਠ, ਪਿਆਸ ਨ ਬੁਝੈ ਮੂ ਘਣੀ ॥ ਨਾਨਕ ਸੇ ਅਖੜੀਆਂ ਬਿਅੰਨਿ, ਜਿਨੀ ਡਿਸੰਦੋ ਮਾ ਪਿਰੀ ॥੧॥ (ਹੇ ਭਾਈ!) ਮੈਂ ਅੱਖਾਂ ਨਾਲ ਪ੍ਰਕਾਸ਼ ਸਰੂਪ ਪ੍ਰਭੂ ਨੂੰ ਦੇਖਿਆ ਹੈ, ਮੈਨੂੰ (ਪ੍ਰਭੂ ਦੇ ਦੇਖਣ ਦੀ) ਬਹੁਤ ਪਿਆਸ ਹੈ, ਜੋ ਬੁਝਦੀ ਨਹੀਂ; ਮੈਂ ਅਪਣੀਆਂ ਅੱਖਾਂ ਨਾਲ ਸਾਰੇ ਜਗਤ ਨੂੰ ਦੇਖਿਆ ਹੈ, ਮੈਨੂੰ (ਅਜੇ ਵੀ ਜਗਤ ਨੂੰ ਦੇਖਣ ਦੀ) ਪਿਆਸ ਬਹੁਤ ਹੈ, ਜੋ ਬੁਝਦੀ ਨਹੀਂ। ਨਾਨਕ ਗੁਰੂ ਜੀ ਆਖਦੇ ਹਨ (ਕਿ ਇਨ੍ਹਾਂ ਅੱਖਾਂ ਨਾਲ ਪ੍ਰਭੂ ਨਹੀਂ ਦਿਸਦਾ) ਉਹ ਦੈਵੀ ਅੱਖਾਂ ਹੋਰ ਹਨ, ਜਿਨ੍ਹਾਂ ਨਾਲ ਮੇਰਾ ਪਿਆਰਾ ਪ੍ਰਭੂ ਦਿਸਦਾ ਹੈ।੧। (੧੦੯੯ ਅੰਗ ਉਤੇ ਮਾਰੂ ਦਖਣੇ ਵਿਚ ਵੀ ਇਹ ੧੬ ਵੀਂ ਪਉੜੀ ਨਾਲ ਤੀਜਾ ਸਲੋਕ ਹੈ)।

ਸਾਰੰਸ਼ = ਗੁਰੂ ਅਰਜਨ ਦੇਵ ਜੀ ਦਸ ਰਹੇ ਹਨ ਕਿ ਮੈਂ ਅੱਖਾਂ ਨਾਲ ਵਾਹਿਗੁਰੂ ਦਾ ਪ੍ਰਕਾਸ਼ ਦੇਖਿਆ ਹੈ, ਉਸ ਨੂੰ ਦੇਖ ਕੇ ਵੀ ਮੇਰੀ ਪਿਆਸ ਬੁਝਦੀ ਨਹੀਂ, ਦਿਲ ਕਰਦਾ ਹੈ ਦੇਖੀਂ ਜਾਂਵਾਂ। ਸਿੱਖ ਪੁਛਦਾ ਹੈ ਕਿ ਉਹ ਸਾਨੂੰ ਕਿਉਂ ਨਹੀਂ ਦਿਸਦਾ? ਤਾਂ ਗੁਰੂ ਜੀ ਕਹਿੰਦੇ ਹਨ ਕਿ ਉਹ ਵਿਚਾਰ ਤੇ ਬਿਬੇਕ ਰੂਪ ਅੱਖਾਂ ਹੀ ਹੋਰ ਹਨ, ਜਿਨ੍ਹਾਂ ਨਾਲ ਪ੍ਰਕਾਸ਼ ਸਰੂਪ ਵਾਹਿਗੁਰੂ ਦਿਸਦਾ ਹੈ।

ਛੰਤੁ ॥ ਜਿਨੀ ਹਰਿ ਪ੍ਰਭੁ ਡਿਠਾ, ਤਿਨ ਕੁਰਬਾਣੇ ਰਾਮ ॥ ਸੇ ਸਾਚੀ ਦਰਗਹ ਭਾਣੇ ਰਾਮ ॥ ਠਾਕੁਰਿ ਮਾਨੇ ਸੇ ਪਰਧਾਨੇ, ਹਰਿ ਸੇਤੀ ਰੰਗਿ ਰਾਤੇ ॥ ਹਰਿ ਰਸਹਿ ਅਘਾਏ ਸਹਜਿ ਸਮਾਏ, ਘਟਿ ਘਟਿ ਰਮਈਆ ਜਾਤੇ ॥ ਸੇਈ ਸਜਣ ਸੰਤ ਸੇ ਸੁਖੀਏ, ਠਾਕੁਰ ਅਪਣੇ ਭਾਣੇ ॥ ਕਹੁ ਨਾਨਕ ਜਿਨ ਹਰਿ ਪ੍ਰਭੁ ਡਿਠਾ, ਤਿਨ ਕੈ ਸਦ ਕੁਰਬਾਣੇ ॥੨॥ ਹੇ ਭਾਈ! ਜਿਨ੍ਹਾਂ ਪੁਰਖਾਂ ਨੇ ਹਰੀ ਪ੍ਰਭੂ ਨੂੰ ਦੇਖਿਆ ਹੈ, ਮੈਂ ਉਨ੍ਹਾਂ ਤੋਂ ਕੁਰਬਾਨ ਹਾਂ। ਉਹ ਪੁਰਖ ਪ੍ਰਭੂ ਦੀ ਸੱਚੀ ਦਰਗਾਹ ਵਿਚ ਚੰਗੇ ਲੱਗਦੇ ਹਨ (ਪਸੰਦ ਕੀਤੇ ਜਾਂਦੇ ਹਨ)। ਉਹ ਪੁਰਖ ਮੁਖੀ ਹਨ, ਜਿਹੜੇ ਠਾਕਰ ਨੇ ਮੰਨੇ ਹਨ, ਉਹ ਹਰੀ ਦੇ ਪ੍ਰੇਮ ਰੰਗ ਨਾਲ ਰੰਗੇ ਰਹਿੰਦੇ ਹਨ। ਉਹ ਹਰੀ ਦੇ ਨਾਮ ਰਸ ਨਾਲ (ਦੁਨੀਆਂ ਦੇ ਪਦਾਰਥਾਂ ਵੱਲੋਂ) ਰੱਜੇ ਹੋਏ ਸਹਿਜ ਅਵਸਥਾ ਵਿਚ ਲੀਨ ਹਨ ਅਤੇ (ਉਨ੍ਹਾਂ ਨੇ) ਘਟ ਘਟ ਵਿਚ ਪ੍ਰਭੂ ਨੂੰ ਜਾਣਿਆ ਹੈ। ਉਹ ਹੀ ਮਨੁੱਖ ਸੰਤ ਤੇ ਸ੍ਰੇਸਟ ਪੁਰਖ ਹਨ ਤੇ ਉਹ ਸੁਖੀ ਹਨ, ਜੋ ਪ੍ਰਭੂ ਨੂੰ ਚੰਗੇ ਲਗਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈਂ ਉਨ੍ਹਾਂ ਪੁਰਖਾਂ ਤੋਂ ਸਦਾ ਕੁਰਬਾਨ ਹਾਂ, ਜਿਨ੍ਹਾਂ ਨੇ ਹਰੀ ਨੂੰ ਨੂੰ ਦੇਖਿਆ ਹੈ।੨।

ਪਦਾਰਥ = ਲੋਇਣ–ਅੱਖਾਂ। ਲੋਈ–ਪ੍ਰਕਾਸ਼ ਸਰੂਪ ਪ੍ਰਭੂ; ਜਗਤ। ਡਿਠ–ਦੇਖਿਆ ਹੈ। ਨ ਬੁਝੈ–ਨਹੀਂ ਬੁਝਦੀ। ਮੂ–ਮੈਨੂੰ। ਘਣੀ–ਬਹੁਤ। ਸੇ–ਉਹ। ਅਖੜੀਆਂ–ਅੱਖਾਂ। ਬਿਅੰਨਿ–ਹੋਰ ਹਨ। ਜਿਨੀ–ਜਿਨ੍ਹਾਂ ਨਾਲ। ਡਿਸੰਦੋ–ਦਿਸਦਾ ਹੈ। ਮਾ–ਮੇਰਾ। ਪਿਰੀ–ਪਿਆਰਾ ਪ੍ਰਭੂ।੧। ਛੰਤੁ। ਕੁਰਬਾਣੇ–ਕੁਰਬਾਨ ਹਾਂ। ਭਾਣੇ–ਚੰਗੇ ਲਗਦੇ ਹਨ। ਠਾਕੁਰਿ–ਪ੍ਰਭੂ ਨੇ। ਮਾਨੇ–ਮੰਨੇ (ਪ੍ਰਵਾਨ ਕੀਤੇ) ਹਨ। ਪਰਧਾਨੇ–ਮੁਖੀ। ਸੇਤੀ–ਨਾਲ। ਰੰਗਿ ਰਾਤੇ–ਰੰਗ ਵਿਚ ਰੰਗੇ ਰਹਿੰਦੇ ਹਨ। ਰਸਹਿ–ਰਸ ਨਾਲ। ਸਹਜਿ ਸਮਾਏ–ਸਹਿਜ ਅਵਸਥਾਂ ਵਿਚ ਲੀਨ ਹਨ। ਅਘਾਏ–ਰੱਜੇ ਹੋਏ ਹਨ। ਘਟਿ ਘਟਿ–ਹਰੇਕ ਜੀਵ ਵਿਚ। ਰਮਈਆ–ਪ੍ਰਭੂ। ਜਾਤੇ–ਜਾਣਿਆ ਹੈ। ਸੇਈ–ਉਹ ਹੀ। ਸਦ–ਸਦਾ।੨।

ਸਲੋਕੁ ॥ ਦੇਹ ਅੰਧਾਰੀ ਅੰਧ, ਸੁੰਞੀ ਨਾਮ ਵਿਹੂਣੀਆ ॥ ਨਾਨਕ ਸਫਲ ਜਨੰਮੁ ,ਜੈ ਘਟਿ ਵੁਠਾ ਸਚੁ ਧਣੀ ॥੧॥ (ਹੇ ਭਾਈ! ਉਹ) ਦੇਹ ਹਨ੍ਹੇਰੇ ਕਰਕੇ ਅੰਨ੍ਹੀ (ਗਿਆਨ ਹੀਣ ਤੇ ਵਿਚਾਰ ਹੀਣ) ਹੈ, ਜੋ ਨਾਮ ਸਿਮਰਨ ਤੋਂ ਵਿਹੂਣੀ ਤੇ (ਸ਼ੁੱਭ ਗੁਣਾਂ ਤੋਂ) ਖਾਲੀ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਸ ਮਨੁੱਖ ਦਾ) ਜਨਮ ਸਫਲ ਹੈ, ਜਿਸ ਦੇ ਹਿਰਦੇ ਵਿਚ ਸੱਚਾ ਵਾਹਿਗੁਰੂ ਵਸਦਾ ਹੈ।੧।

ਛੰਤੁ ॥ ਤਿਨ ਖੰਨੀਐ ਵੰਞਾ, ਜਿਨ ਹਰਿ ਪ੍ਰਭੁ ਡੀਠਾ ਰਾਮ ॥ ਜਨ ਚਾਖਿ ਅਘਾਣੇ ਹਰਿ ਹਰਿ ਅੰਮ੍ਰਿਤੁ ਮੀਠਾ ਰਾਮ ॥ ਹਰਿ ਮਨਹਿ ਮੀਠਾ ਪ੍ਰਭੂ ਤੂਠਾ, ਅਮਿਉ ਵੂਠਾ ਸੁਖ ਭਏ ॥ ਦੁਖ ਨਾਸ ਭਰਮ ਬਿਨਾਸ ਤਨ ਤੇ, ਜਪਿ ਜਗਦੀਸ ਈਸਹ ਜੈ ਜਏ ॥ ਮੈਂ ਉਨ੍ਹਾਂ ਪੁਰਖਾਂ ਤੋਂ ਟੋਟੇ ਟੋਟੇ ਹੋ ਕੇ ਕੁਰਬਾਨ ਜਾਵਾਂ, ਜਿਨ੍ਹਾਂ ਨੇ ਮੇਰਾ ਹਰੀ ਪ੍ਰਭੂ ਦੇਖਿਆ ਹੈ। ਉਹ ਪੁਰਖ ਹਰਿ ਹਰਿ ਮਿੱਠਾ ਅੰਮ੍ਰਿਤ ਨਾਮ ਛਕ ਕੇ (ਦੁਨੀਆਂ ਦੇ ਪਦਾਰਥਾਂ ਵੱਲੋ) ਰੱਜ ਗਏ ਹਨ। (ਜਿਨ੍ਹਾਂ ਦੇ) ਮਨ ਵਿਚ ਹਰੀ ਦਾ ਮਿੱਠਾ ਅੰਮ੍ਰਿਤ ਨਾਮ ਵਸਦਾ ਹੈ, (ਉਨ੍ਹਾਂ ਤੇ) ਪ੍ਰਭੂ ਮਿਹਰਵਾਨ ਹੋਇਆ ਹੈ, (ਇਸ ਲਈ ਉਹ) ਸੁਖ ਵਾਲੇ ਹੋ ਗਏ ਹਨ। ਜਗਤ ਦੇ ਮਾਲਕ ਪ੍ਰਭੂ ਦਾ ਨਾਮ ਜਪ ਕੇ (ਉਨ੍ਹਾਂ ਦੇ) ਦੁਖ ਨਾਸ਼ ਹੋ ਗਏ ਤੇ ਸਰੀਰ ਵਿਚੋਂ ਭਰਮ ਵੀ ਨਾਸ਼ ਹੋ ਗਏ ਹਨ, (ਇਸ ਕਰਕੇ ਉਸ) ਪ੍ਰਭੂ ਦੀ ਜੈ ਜੈਕਾਰ ਹੋ ਰਹੀ ਹੈ।

ਅੰਗ ੫੭੮ = ਮੋਹ ਰਹਤ ਬਿਕਾਰ ਥਾਕੇ, ਪੰਚ ਤੇ ਸੰਗੁ ਤੂਟਾ ॥ ਕਹੁ ਨਾਨਕ ਤਿਨ ਖੰਨੀਐ ਵੰਞਾ, ਜਿਨ ਘਟਿ ਮੇਰਾ ਹਰਿ ਪ੍ਰਭੁ ਵੂਠਾ ॥੩॥ ਉਹ ਮੋਹ ਤੋਂ ਰਹਿਤ ਹੋ ਗਏ, (ਉਨ੍ਹਾਂ ਦੇ) ਵਿਕਾਰ ਮੁੱਕ ਗਏ ਤੇ ਪੰਜ ਕਾਮਾਦਿਕਾਂ ਤੋਂ ਵੀ ਸੰਗ ਟੁੱਟ ਗਿਆ। ਨਾਨਕ ਗੁਰੂ ਜੀ ਆਖਦੇ ਹਨ ਕਿ ਮੈ ਉਨ੍ਹਾਂ ਤੋਂ ਟੋਟੇ ਟੋਟੇ ਹੋ ਕੇ ਕੁਰਬਾਨ ਜਾਵਾਂ, ਜਿਨ੍ਹਾਂ ਦੇ ਹਿਰਦੇ ਵਿਚ ਮੇਰਾ ਹਰੀ ਪ੍ਰਭੂ ਵਸਦਾ ਹੈ।੩।

ਪਦਾਰਥ = ਸਲੋਕ। ਦੇਹ–ਸਰੀਰ। ਅੰਧਾਰੀ ਅੰਧ–ਹਨ੍ਹੇਰੇ ਵਿਚ ਅੰਨ੍ਹੀ (ਘੁੱਪ ਹਨ੍ਹੇਰੇ ਵਾਲੀ ਭਾਵ ਗਿਆਨ ਤੇ ਵਿਚਾਰ ਤੋਂ ਖਾਲੀ)। ਸੁੰਞੀ–ਖਾਲੀ। ਨਾਮ ਵਿਹੂਣੀਆ–ਨਾਮ ਤੋਂ ਬਿਨਾ। ਜੈ–ਜਿਸ ਦੇ। ਘਟਿ–ਹਿਰਦੇ ਵਿਚ। ਵੁਠਾ–ਵਸਦਾ ਹੈ। ਧਣੀ–ਵਾਹਿਗੁਰੂ।੧

।ਛੰਤ।ਖੰਨੀਐ ਵੰਞਾ–ਟੋਟੇ ਟੋਟੇ ਹੋ ਕੇ ਕੁਰਬਾਨ ਜਾਵਾਂ।ਡੀਠਾ–ਦੇਖਿਆ ਹੈ।ਜਨ–ਪੁਰਖ।ਚਾਖਿ–ਛਕ ਕੇ।ਅਘਾਣੇ–ਰੱਜ ਗਏ ਹਨ।ਮਨਹਿ–ਮਨ ਵਿਚ।ਤੂਠਾ–ਪ੍ਰਸੰਨ ਹੋਇਆ ਹੈ।ਅਮਿਉ–ਅੰਮ੍ਰਿਤ।ਭਏ–ਹੋਏ ਹਨ।ਤਨ ਤੇ–ਸਰੀਰ ਤੋਂ।ਜਗਦੀਸ–ਜਗਤ ਦਾ ਮਾਲਕ ਪ੍ਰਭੂ।ਈਸਹ–ਪ੍ਰਭੂ ਦੀ।ਜੈ ਜਏ–ਜੈ ਜੈਕਾਰ।ਥਾਕੇ–ਮੁੱਕ ਗਏ।ਪੰਚ ਤੇ–ਪੰਜ ਕਾਮ ਆਦਿਕਾਂ ਤੋਂ।ਸੰਗੁ–ਸਾਥ।੩।

ਸਲੋਕੁ ॥ ਜੋ ਲੋੜੀਦੇ ਰਾਮ, ਸੇਵਕ ਸੇਈ ਕਾਂਢਿਆ ॥ ਨਾਨਕ ਜਾਣੇ ਸਤਿ, ਸਾਂਈ ਸੰਤ ਨ ਬਾਹਰਾ ॥੧॥ (ਹੇ ਭਾਈ!) ਜੋ ਮਨੁੱਖ ਵਾਹਿਗੁਰੂ ਨੂੰ ਚਾਹੁੰਦੇ ਹਨ, ਉਹ ਹੀ ਵਾਹਿਗੁਰੂ ਦੇ ਅਸਲੀ ਸੇਵਕ ਕਹੇ ਜਾਂਦੇ ਹਨ।ਹੇ ਨਾਨਕ! ਇਹ ਗੱਲ ਸੱਚ ਕਰਕੇ ਜਾਣ ਲੈ ਕਿ ਵਾਹਿਗੁਰੂ ਸੰਤਾਂ ਤੋਂ ਵੱਖਰਾ ਨਹੀਂ।੧। {ਰਾਮ ਸੰਤ ਮਹਿ ਭੇਦੁ ਕਿਛੁ ਨਾਹੀ, ਏਕੁ ਜਨੁ ਕਈ ਮਹਿ ਲਾਖ ਕਰੋਰੀ ੨੦੮}

ਛੰਤ ॥ ਮਿਲਿ ਜਲੁ ਜਲਹਿ ਖਟਾਨਾ ਰਾਮ ॥ ਸੰਗਿ ਜੋਤੀ ਜੋਤਿ ਮਿਲਾਨਾ ਰਾਮ ॥ ਸੰਮਾਇ ਪੂਰਨ ਪੁਰਖ ਕਰਤੇ, ਆਪਿ ਆਪਹਿ ਜਾਣੀਐ ॥ ਤਹ ਸੁੰਨਿ ਸਹਜਿ ਸਮਾਧਿ ਲਾਗੀ, ਏਕੁ ਏਕੁ ਵਖਾਣੀਐ ॥ ਆਪਿ ਗੁਪਤਾ ਆਪਿ ਮੁਕਤਾ, ਆਪਿ ਆਪੁ ਵਖਾਨਾ ॥ ਨਾਨਕ ਭ੍ਰਮ ਭੈ ਗੁਣ ਬਿਨਾਸੇ, ਮਿਲਿ ਜਲੁ ਜਲਹਿ ਖਟਾਨਾ ॥੪॥੨॥ ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦਾ ਹੈ (ਤੇ ਇਕ ਰੂਪ ਹੋ ਜਾਂਦਾ ਹੈ)।ਤਿਵੇਂ ਸੰਤਾਂ ਦੀ ਆਤਮਕ ਜੋਤ, ਜੋਤ ਸਰੂਪ ਪ੍ਰਭੂ ਨਾਲ ਮਿਲ ਜਾਂਦੀ ਹੈ (ਦੋਵੇਂ ਇਕ ਰੂਪ ਹੋ ਜਾਂਦੇ ਹਨ।ਉਹ) ਪੂਰਨ ਪੁਰਖ ਕਰਤਾਰ ਵਿਚ ਸਮਾਏ ਹੋਏ ਅਪਣੇ ਆਪ ਨੂੰ (ਪ੍ਰਭੂ ਨਾਲ ਇਕ ਰੂਪ ਹੋਇਆ) ਜਾਣਦੇ ਹਨ।(ਕਿਉਂਕਿ ਉਨ੍ਹਾਂ ਦੀ) ਉਸ ਅਫੁਰ ਪ੍ਰਭੂ ਵਿਚ ਸੁਤੇ ਸਿਧ ਹੀ ਸਮਾਧੀ ਲੱਗੀ ਹੁੰਦੀ ਹੈ ਭਾਵ ਉਨ੍ਹਾਂ ਦਾ ਧਿਆਨ ਇਕ ਪ੍ਰਭੂ ਵਿਚ ਕੁਦਰਤੀ ਲੱਗਾ ਰਹਿੰਦਾ ਹੈ, (ਉਦੋਂ) ਪ੍ਰਮਾਤਮਾ ਤੇ ਆਤਮਾ ਇਕ ਰੂਪ ਕਹੇ ਜਾਂਦੇ ਹਨ (ਆਤਮਾ ਤੇ ਪ੍ਰਮਾਤਮਾ ਆਪਸ ਵਿਚ ਮਿਲੇ ਹੁੰਦੇ ਹਨ)।ਹਰੀ ਆਪ ਹੀ ਗੁਪਤ ਰੂਪ ਹੈ ਤੇ ਆਪੇ (ਮਾਇਆ ਦੇ ਬੰਧਨਾਂ ਤੋਂ) ਸੁਤੰਤਰ ਹੈ ਅਤੇ ਆਪ ਹੀ (ਵਕਤੇ ਦੇ ਰੂਪ ਵਿਚ) ਅਪਣੇ ਆਪ ਨੂੰ ਬਿਆਨ ਕਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਉਨ੍ਹਾਂ ਦੇ ਅੰਦਰੋਂ) ਭਰਮ ਭੈ ਤੇ ਤਿੰਨੇ (ਰਜੋ ਸਤੋ ਤੇ ਤਮੋ) ਗੁਣ ਨਾਸ਼ ਹੋ ਗਏ ਹਨ, (ਉਹ ਹਰੀ ਨਾਲ ਇਉਂ) ਮਿਲ ਗਏ ਹਨ, ਜਿਵੇਂ ਪਾਣੀ ਨਾਲ ਪਾਣੀ ਮਿਲ ਜਾਂਦਾ ਹੈ (ਤੇ ਇਕ ਰੂਪ ਹੋ ਜਾਂਦਾ ਹੈ)।੪।੨।

ਪਦਾਰਥ = ਲੋੜੀਦੇ–(ਮਿਲਣਾ) ਚਾਹੁੰਦੇ ਹਨ; ਢੂੰਡਦੇ ਹਨ।ਰਾਮ–ਸਰਬ ਵਿਆਪਕ ਵਾਹਿਗੁਰੂ।ਸੇਈ–ਉਹ ਹੀ।ਕਾਂਢਿਆ–ਕਹੇ ਜਾਂਦੇ ਹਨ।ਜਾਣੇ ਸਤਿ–ਸੱਚ ਕਰਕੇ ਜਾਣ ਲੈ।ਸਾਂਈ–ਵਾਹਿਗੁਰੂ।ਨ ਬਾਹਰਾ–ਵੱਖਰਾ ਨਹੀਂ।੧।ਛੰਤੁ।ਮਿਲਿ–ਮਿਲ ਕੇ।ਜਲਹਿ–ਪਾਣੀ ਵਿਚ।ਖਟਾਨਾ–ਮਿਲ ਜਾਂਦਾ ਹੈ।ਸੰਗਿ–ਨਾਲ।ਜੋਤੀ–ਜੋਤੀ ਸਰੂਪ ਪ੍ਰਭੂ।ਜੋਤਿ–ਆਤਮਕ ਜੋਤ।ਸੰਮਾਇ–ਲੀਨ (ਮਿਲੇ) ਹੋਏ। ਕਰਤੇ–ਕਰਤਾਰ ਵਿਚ।ਜਾਣੀਐ–ਜਾਣਦੇ ਹਨ।ਤਹ–ਉਸ (ਅਵਸਥਾ ਵਿਚ); ਉਥੇ।ਸੁੰਨਿ–ਅਫੁਰ ਅਵਸਥਾ ਵਿਚ।ਸਹਜਿ–ਸੁਤੇ ਸਿਧ।ਵਖਾਣੀਐ–ਜਪਿਆ ਜਾਂਦਾ ਹੈ।ਗੁਪਤਾ–ਅਦ੍ਰਿਸਟ ਰੂਪ।ਮੁਕਤਾ–(ਮਾਇਕ ਬੰਧਨਾਂ ਤੋਂ) ਸੁਤੰਤਰ।ਗੁਣ–ਮਾਇਆ ਦੇ ਤਿੰਨ ਰਜੋ ਸਤੋ ਤੇ ਤਮੋ ਗੁਣ।ਬਿਨਾਸੇ–ਨਾਸ਼ ਹੋ ਗਏ ਹਨ।੪।੨।

ਵਡਹੰਸੁ ਮਹਲਾ ੫ ॥ ਪ੍ਰਭ ਕਰਣ ਕਾਰਣ ਸਮਰਥਾ ਰਾਮ ॥ ਰਖੁ ਜਗਤੁ ਸਗਲ ਦੇ ਹਥਾ ਰਾਮ ॥ ਸਮਰਥ ਸਰਣਾ ਜੋਗੁ ਸੁਆਮੀ, ਕ੍ਰਿਪਾ ਨਿਧਿ ਸੁਖ ਦਾਤਾ ॥ ਹੰਉ ਕੁਰਬਾਣੀ ਦਾਸ ਤੇਰੇ, ਜਿਨੀ ਏਕੁ ਪਛਾਤਾ ॥ ਵਰਨੁ ਚਿਹਨੁ ਨ ਜਾਇ ਲਖਿਆ, ਕਥਨ ਤੇ ਅਕਥਾ ॥ ਬਿਨਵੰਤਿ ਨਾਨਕ ਸੁਣਹੁ ਬਿਨਤੀ, ਪ੍ਰਭ ਕਰਣ ਕਾਰਣ ਸਮਰਥਾ ॥੧॥ ਏਹਿ ਜੀਅ ਤੇਰੇ ਤੂ ਕਰਤਾ ਰਾਮ ॥ ਪ੍ਰਭ ਦੂਖ ਦਰਦ ਭ੍ਰਮ ਹਰਤਾ ਰਾਮ ॥ ਭ੍ਰਮ ਦੂਖ ਦਰਦ ਨਿਵਾਰਿ ਖਿਨ ਮਹਿ, ਰਖਿ ਲੇਹੁ ਦੀਨ ਦੈਆਲਾ ॥ ਮਾਤ ਪਿਤਾ ਸੁਆਮਿ ਸਜਣੁ ,ਸਭੁ ਜਗਤੁ ਬਾਲ ਗੋਪਾਲਾ ॥ ਜੋ ਸਰਣਿ ਆਵੈ ਗੁਣ ਨਿਧਾਨ ਪਾਵੈ, ਸੋ ਬਹੁੜਿ ਜਨਮਿ ਨ ਮਰਤਾ ॥ ਬਿਨਵੰਤਿ ਨਾਨਕ ਦਾਸੁ ਤੇਰਾ, ਸਭਿ ਜੀਅ ਤੇਰੇ ਤੂ ਕਰਤਾ ॥੨॥ ਹੇ ਕਾਰਨਾਂ ਦੇ ਕਰਨ ਵਾਲੇ ਸਰਬ ਸ਼ਕਤੀਮਾਨ ਪ੍ਰਭੂ!।ਸਾਰੇ ਜਗਤ ਨੂੰ ਅਪਣਾ ਹੱਥ ਦੇ ਕੇ ਰੱਖ (ਬਚਾ) ਲੈ।ਹੇ ਸ਼ਰਣ ਵਿਚ ਆਏ ਦੀ ਰੱਖਿਆ ਕਰਨ ਦੇ ਯੋਗ ਸਰਬ ਸ਼ਕਤੀਮਾਨ ਮਾਲਕ! ਹੇ ਕਿਰਪਾ ਦੇ ਭੰਡਾਰ! ਹੇ ਸੁੱਖਾਂ ਦੇ ਦਾਤੇ!।ਮੈਂ ਤੇਰੇ ਉਨ੍ਹਾਂ ਦਾਸਾਂ ਦੇ ਕੁਰਬਾਨ ਹਾਂ, ਜਿਨ੍ਹਾਂ ਨੇ ਤੈਨੂੰ ਇਕ ਨੂੰ ਪਛਾਣਿਆ ਹੈ।(ਹੇ ਪ੍ਰਭੂ! ਤੇਰਾ) ਰੰਗ ਤੇ ਚਿੰਨ ਨਹੀਂ ਜਾਣਿਆ ਜਾਂਦਾ ਅਤੇ ਤੂੰ ਕਥਨ ਕਰਨ ਤੋਂ ਵੀ ਅਕੱਥ ਹੈਂ।ਹੇ ਸਾਰੇ ਕਾਰਨਾਂ ਦੇ ਕਰਨ ਵਾਲੇ ਸਰਬ ਸ਼ਕਤੀਮਾਨ ਪ੍ਰਭੂ! ਨਾਨਕ ਬੇਨਤੀ ਕਰਦਾ ਹੈ, (ਕ੍ਰਿਪਾ ਕਰਕੇ ਮੇਰੀ ਬੇਨਤੀ) ਸੁਣ।੧।(ਹੇ ਪ੍ਰਭੂ!) ਇਹ ਸਾਰੇ ਜੀਵ ਤੇਰੇ ਹਨ, ਤੂੰ (ਇਨ੍ਹਾਂ ਦਾ) ਸਿਰਜਨਹਾਰ ਹੈਂ।ਹੇ ਪ੍ਰਭੂ! ਤੂੰ ਦੁਖ ਦਰਦ ਤੇ ਭਰਮ ਨਾਸ਼ ਕਰਨ ਵਾਲਾ ਹੈਂ।ਹੇ ਦੀਨਾਂ ਉਤੇ ਦਇਆ ਕਰਨ ਵਾਲੇ ਪ੍ਰਭੂ! ਭਰਮ ਤੇ ਦੁਖ ਦਰਦ ਖਿਨ ਵਿਚ ਦੂਰ ਕਰਕੇ (ਇਨ੍ਹਾਂ ਜੀਵਾਂ ਨੂੰ) ਬਚਾ ਲੈ।ਹੇ ਪ੍ਰਿਥਵੀ ਦੇ ਮਾਲਕ ਪ੍ਰਭੂ! (ਤੂੰ ਸਾਰੇ ਜੀਵਾਂ ਦਾ) ਮਾਤਾ ਪਿਤਾ, ਸੁਆਮੀ ਤੇ ਸੱਜਣ ਹੈਂ, ਸਾਰਾ ਜਗਤ ਤੇਰਾ ਬੱਚਾ ਹੈ।ਜੋ ਮਨੁੱਖ ਤੇਰੀ ਸ਼ਰਣ ਵਿਚ ਆਉਂਦਾ ਹੈ, ਉਹ ਗੁਣਾਂ ਦਾ ਖਜਾਨਾ ਪਾ ਲੈਂਦਾ ਹੈ, ਉਹ ਮੁੜ ਦੁਬਾਰਾ ਜੰਮਦਾ

ਮਰਦਾ ਨਹੀਂ। ਦਾਸ ਨਾਨਕ ਬੇਨਤੀ ਕਰਦਾ ਹੈ ਕਿ ਸਾਰੇ ਜੀਵ ਤੇਰੇ ਹਨ ਤੇ ਤੂੰ ਸਭ ਦਾ ਕਰਤਾ ਹੈਂ।੨।

ਪਦਾਰਥ = ਕਰਣ ਕਾਰਣ–ਸਾਰੇ ਕਰਨਾਂ ਦਾ ਮੂਲ ਕਾਰਨ; ਜਗਤ ਰਚਨਾ ਦਾ ਮੂਲ ਕਾਰਨ। ਸਮਰਥਾ–ਸਰਬ ਸ਼ਕਤੀਮਾਨ। ਸਗਲ–ਸਾਰਾ। ਦੇ–ਦੇ ਕੇ। ਸਰਣਾ ਜੋਗ–ਸ਼ਰਣ ਆਏ ਦੀ ਰੱਖਿਆ ਕਰਨ ਦੇ ਯੋਗ। ਕ੍ਰਿਪਾ ਨਿਧਿ–ਕ੍ਰਿਪਾ ਦਾ ਭੰਡਾਰ। ਹੰਉ–ਮੈਂ। ਜਿਨੀ–ਜਿਨ੍ਹਾਂ ਨੇ। ਵਰਨੁ–ਰੰਗ। ਚਿਹਨੁ–ਚਿੰਨ੍ਹ। ਜਾਈ ਲਖਿਆ–ਜਾਣਿਆ ਜਾਂਦਾ। ਕਥਨ ਤੇ–ਬਿਆਨ ਕਰਨ ਤੋਂ। ਅਕਥਾ (ਅਕੱਥਾ)–ਜੋ ਬਿਆਨ ਨਾ ਕੀਤਾ ਜਾ ਸਕੇ। ਬਿਨਵੰਤਿ–ਬੇਨਤੀ ਕਰਦਾ ਹੈ।੧। ਜੀਅ–ਜੀਵ। ਕਰਤਾ–ਪੈਦਾ ਕਰਨ ਵਾਲਾ। ਹਰਤਾ–ਨਾਸ਼ ਕਰਨ ਵਾਲਾ (ਕਈ ਬੀੜਾਂ ਵਿਚ ਪਾਠ 'ਰਹਤਾ' ਹੈ, ਜਿਸ ਦਾ ਅਰਥ ਹੈ ਦੁਖ ਦਰਦ ਤੋਂ ਰਹਿਤ ਕਰਨ ਵਾਲਾ)। ਨਿਵਾਰਿ–ਦੂਰ ਕਰਕੇ। ਰਖਿ ਲੇਹੁ–ਬਚਾ ਲੈ। ਦੀਨ ਦੈਆਲਾ–ਹੇ ਗਰੀਬਾਂ ਉਤੇ ਦਇਆ ਕਰਨ ਵਾਲੇ!। ਸੁਆਮਿ–ਮਾਲਕ। ਸਜਣੁ–ਮਿਤ੍ਰ। ਬਾਲ–ਬੱਚਾ। ਗੁਣ ਨਿਧਾਨ–ਗੁਣਾਂ ਦਾ ਖਜਾਨਾ। ਸੋ–ਉਹ। ਬਹੁੜਿ–ਮੁੜ ਦੁਬਾਰਾ। ਬਿਨਵੰਤਿ–ਬੇਨਤੀ ਕਰਦਾ ਹੈ।੨।

ਆਠ ਪਹਰ ਹਰਿ ਧਿਆਈਐ ਰਾਮ ॥ ਮਨ ਇਛਿਅੜਾ ਫਲੁ ਪਾਈਐ ਰਾਮ ॥ ਮਨ ਇਛ ਪਾਈਐ ਪ੍ਰਭੁ ਧਿਆਈਐ, ਮਿਟਹਿ ਜਮ ਕੇ ਤ੍ਰਾਸਾ ॥ ਗੋਬਿੰਦੁ ਗਾਇਆ ਸਾਧ ਸੰਗਾਇਆ, ਭਈ ਪੂਰਨ ਆਸਾ ॥ ਤਜਿ ਮਾਨੁ ਮੋਹੁ ਵਿਕਾਰ ਸਗਲੇ, ਪ੍ਰਭੂ ਕੈ ਮਨਿ ਭਾਈਐ ॥ ਬਿਨਵੰਤਿ ਨਾਨਕ ਦਿਨਸੁ ਰੈਣੀ, ਸਦਾ ਹਰਿ ਹਰਿ ਧਿਆਈਐ ॥੩॥ ਦਰਿ ਵਾਜਹਿ ਅਨਹਤ ਵਾਜੇ ਰਾਮ ॥ ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥ ਗੋਵਿਦ ਗਾਜੇ ਸਦਾ ਬਿਰਾਜੇ, ਅਗਮ ਅਗੋਚਰੁ ਊਚਾ ॥ ਗੁਣ ਬੇਅੰਤ ਕਿਛੁ ਕਹਣੁ ਨ ਜਾਈ, ਕੋਇ ਨ ਸਕੈ ਪਹੂਚਾ ॥ ਆਪਿ ਉਪਾਏ ਆਪਿ ਪ੍ਰਤਿਪਾਲੇ, ਜੀਅ ਜੰਤ ਸਭਿ ਸਾਜੇ ॥ ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ, ਦਰਿ ਵਜਹਿ ਅਨਹਤ ਵਾਜੇ ॥੪॥੩॥ ਹੇ ਭਾਈ! ਅੱਠੇ ਪਹਿਰ ਹਰੀ ਨੂੰ ਧਿਆਉਣਾ ਚਾਹੀਦਾ ਹੈ। (ਹਰੀ ਨੂੰ ਧਿਆਉਣ ਨਾਲ) ਮਨ ਇੱਛਤ ਫਲ ਪਾ ਲਈਦਾ ਹੈ। (ਹੇ ਭਾਈ!) ਪ੍ਰਭੂ ਨੂੰ ਧਿਆਈਏ ਤਾਂ ਮਨ ਦਾ ਚਾਹਿਆ ਫਲ ਪਾ ਲਈਦਾ ਹੈ ਅਤੇ ਜਮ ਦਾ ਡਰ ਵੀ ਮਿਟ ਜਾਂਦਾ ਹੈ। (ਜਿਸ ਪੁਰਖ ਨੇ) ਸਾਧ ਸੰਗਤ ਵਿਚ ਗੋਬਿੰਦ ਨੂੰ ਗਾਇਆ ਹੈ, (ਉਸ ਦੀ ਹਰੇਕ) ਆਸ ਪੂਰੀ ਹੋਈ ਹੈ। (ਜੇ) ਮਾਣ ਮੋਹ ਆਦਿਕ ਸਾਰੇ ਵਿਕਾਰ ਛਡ ਦੇਈਏ, ਤਾਂ ਪ੍ਰਭੂ ਦੇ ਮਨ ਵਿਚ ਚੰਗੇ ਲੱਗੀਦਾ ਹੈ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਦਿਨ ਰਾਤ ਸਦਾ ਹਰਿ ਹਰਿ ਨਾਮ ਧਿਆਉਣਾ ਚਾਹੀਦਾ ਹੈ।੩। ਪ੍ਰਮਾਤਮਾ ਦੇ ਦਰ ਤੇ ਅਨਹਦ ਸ਼ਬਦ ਦੇ ਵਾਜੇ ਵਜਦੇ ਹਨ। ਹਰੇਕ ਜੀਵ ਦਾ ਹਿਰਦਾ ਪ੍ਰਮਾਤਮਾ ਦਰ ਹੈ, ਜਿਥੇ ਪ੍ਰਮਾਤਮਾ ਬੋਲਦਾ ਹੈ {ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ੧੨੬੫; ਸਭੈ ਘਟ ਰਾਮੁ ਬੋਲੈ ਰਾਮਾ ਬੋਲੈ। ਰਾਮ ਬਿਨ ਕੋ ਬੋਲੈ ਰੇ ੯੮੮}। ਪ੍ਰਮਾਤਮਾ ਬੋਲ ਰਿਹਾ ਹੈ, (ਉਹ ਜਰੇਕ ਜਗ੍ਹਾ ਅਤੇ ਹਰੇਕ ਜੀਵ ਦੇ ਅੰਦਰ) ਸਦਾ ਵਸਦਾ ਹੈ, ਉਹ ਇੰਦ੍ਰੀਆਂ ਦੀ ਪਹੁੰਚ ਤੋਂ ਪਰੇ, ਮਨ ਬਾਣੀ ਤੋਂ ਵੀ ਪਰੇ ਅਤੇ (ਸਭ ਤੋਂ) ਉਚਾ ਹੈ। (ਉਸ ਦੇ) ਗੁਣ ਬੇਅੰਤ ਹਨ, ਉਸ ਬਾਰੇ ਕੁਛ ਬਿਆਨ ਨਹੀਂ ਕੀਤਾ ਜਾ ਸਕਦਾ, ਕੋਈ ਵੀ ਮਨੁੱਖ ਉਸ ਦੇ ਬਰਾਬਰ ਨਹੀਂ ਪਹੁੰਚ ਸਕਦਾ। ਉਹ ਆਪ ਸਭ ਜੀਵਾਂ ਨੂੰ ਪੈਦਾ ਕਰਦਾ ਹੈ ਤੇ ਆਪ ਹੀ ਪਾਲਣਾ ਕਰਦਾ ਹੈ, ਸਾਰੇ ਜੀਵ ਜੰਤ ਉਸੇ ਦੇ ਸਾਜੇ ਹੋਏ ਹਨ। ਨਾਨਕ ਗੁਰੂ ਜੀ ਬੇਨਤੀ ਕਰਦੇ ਹਨ ਕਿ ਨਾਮ ਸਿਮਰਨ ਦੁਆਰਾ ਕੀਤੀ ਭਗਤ ਵਿਚ ਸੁਖ ਹੈ, ਉਸ ਦੇ ਦਰ ਤੇ ਅਨਹਦ ਵਾਜੇ ਵਜਦੇ ਹਨ।੪।੩।

ਪਦਾਰਥ = ਮਨ ਇਛਿਅੜਾ–ਮਨ ਦਾ ਚਾਹਿਆ ਹੋਇਆ। ਮਨ ਇਛ–ਮਨ ਦਾ ਚਾਹਿਆ। ਤ੍ਰਾਸਾ–ਡਰ। ਸਾਧ ਸੰਗਾਇਆ–ਸਾਧ ਸੰਗਤ ਵਿਚ। ਭਈ–ਹੋਈ ਹੈ। ਤਜਿ–ਛਡ ਦੇਈਏ। ਮਾਨੁ–ਅਭਿਮਾਨ। ਸਗਲੇ–ਸਾਰੇ। ਭਾਈਐ–ਚੰਗੇ ਲੱਗੀਦਾ ਹੈ। ਬਿਨਵੰਤਿ–ਬੇਨਤੀ ਕਰਦਾ ਹੈ। ਦਿਨਸੁ ਰੈਣੀ–ਦਿਨ ਰਾਤ।੩। ਦਰਿ–ਦਰ ਉਤੇ। ਅਨਹਤ–ਨਾਮ ਦਾ ਲਗਾਤਾਰ ਇਕ ਰਸ ਸਿਮਰਨ। ਵਾਜਹਿ ਵਾਜੇ–ਨਾਮ ਸਿਮਰਨ ਦੇ ਵਾਜੇ ਵਜਦੇ ਹਨ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਗਾਜੇ–ਗਰਜਦਾ (ਬੋਲਦਾ) ਹੈ। ਬਿਰਾਜੇ–ਬਿਰਾਜਦਾ (ਵਸਦਾ) ਹੈ। ਅਗਮ–ਮਨ ਦੀ ਪਹੁੰਚ ਤੋਂ ਪਰੇ। ਅਗੋਚਰੁ–ਇੰਦ੍ਰੀਆਂ ਦੀ ਪਹੁੰਚ ਤੋਂ ਪਰੇ। ਉਪਾਏ–ਪੈਦਾ ਕਰਦਾ ਹੈ। ਪ੍ਰਤਿਪਾਲੇ–ਪ੍ਰਤੀ ਜੀਵ ਪਾਲਣਾ ਕਰਦਾ ਹੈ। ਸਾਜੇ–ਬਣਾਏ ਹਨ। ਨਾਮਿ ਭਗਤੀ–ਨਾਮ ਸਿਮਰਨ ਦੀ ਭਗਤੀ ਵਿਚ।੪।੩।

ਰਾਗੁ ਬਡਹੰਸੁ ਮਹਲਾ ੧ ਘਰੁ ੫ ਅਲਾਹਣੀਆ ੴ ਸਤਿਗੁਰ ਪ੍ਰਸਾਦਿ ॥

ਅਲਾਹਣੀਆਂ = (ਇਥੇ ਰਾਗੁ ਬਡਹੰਸੁ ਬੱਬੇ ਨਾਲ ਲਿਖਿਆ ਹੋਇਆ ਹੈ) ਅਲਾਹਣੀਆਂ ਸ਼ੋਕ ਮਈ ਗੀਤ ਹੈ, ਜੋ ਪ੍ਰਾਣੀ ਦੇ ਮਰਨ ਤੋਂ ਬਾਦ ਮਰਨ ਵਾਲੇ ਦੇ ਸਾਕ ਸਬੰਧੀਆਂ ਦੀਆਂ ਔਰਤਾਂ ਮਰਨ ਵਾਲੇ ਦੇ ਗੁਣ ਗਾ ਕੇ ਰੋਂਦੀਆਂ ਅਤੇ ਪਿਟਦੀਆਂ ਹਨ। ਇਨ੍ਹਾਂ ਗੀਤਾਂ ਨੂੰ ਵੈਣ, ਕੀਰਨੇ ਪਾਉਣਾ ਜਾਂ ਅਲਾਹਣੀਆਂ ਕਿਹਾ ਜਾਂਦਾ ਹੈ। ਸੰ.ਪੋ. ਅਨੁਸਾਰ ਅਲਾਹਣੀਆਂ ਦਾ ਮੂਲ ਸੰਸਕ੍ਰਿਤ ਪਦ ਆਲਾਪਨ ਹੈ। ਆਮ ਤੌਰ ਤੇ ਇਹ ਸ਼ੋਕ ਮਈ ਗੀਤ ਦੀ ਮੂਲ ਧਾਰਨਾ ਕੋਈ ਨੈਣ ਜਾਂ ਮਿਰਾਸਣ ਅੱਗੇ ਅੱਗੇ ਗਾਉਂਦੀ ਹੈ ਤੇ ਉਸ ਦੇ ਪਿਛੇ ਬਾਕੀ

ਔਰਤਾਂ ਗਾਉਂਦੀਆਂ ਹਨ। ਇਹ ਗਾਉਣਾ ਤੇ ਪਿਟਣਾ ਸੁਰ ਤਾਲ ਵਿਚ ਹੁੰਦਾ ਹੈ, ਜੋ ਸੁਣਨ ਵਾਲਿਆਂ ਦੇ ਮਨਾਂ ਉਪਰ ਸ਼ੋਕ ਤੇ ਦੁੱਖ ਦਾ ਅਸਰ ਕਰਦਾ ਹੈ। ਸਤਿਗੁਰੂ ਜੀ ਨੇ ਅਲਾਹਣੀਆਂ ਦੇ ਇਨ੍ਹਾਂ ਸ਼ਬਦਾਂ ਵਿਚ ਦੁਖ ਤੇ ਸ਼ੋਕ ਦੇ ਅਸਰ ਤੋਂ ਬਚਣ ਦੇ ਭਾਵ ਪ੍ਰਗਟ ਕੀਤੇ ਹਨ। ਇਨ੍ਹਾਂ ਸ਼ਬਦਾਂ ਵਿਚ ਵਾਹਿਗੁਰੂ ਦੇ ਗੁਣ ਗਾ ਕੇ ਭਾਣਾ ਮੰਨਣ ਦਾ ਉਪਦੇਸ਼ ਦਿਤਾ ਹੈ। ਰੱਬ ਦੀ ਰਜ਼ਾ ਵਿਚ ਰਾਜੀ ਰਹਿ ਕੇ, ਦੁੱਖ ਦਰਦ ਤੋਂ ਬਚ ਕੇ ਸ਼ਾਂਤ ਮਨ ਨਾਲ ਨਾਮ ਸਿਮਰਦਿਆਂ ਜੀਵਨ ਸਫਲ ਕਰਨ ਦਾ ਉਪਦੇਸ਼ ਹੈ। ਸ਼ੋਕਮਈ ਹਾਲਤ ਵਿਚ ਗਾਈਆਂ ਅਲਾਹਣੀਆਂ ਦੁੱਖ ਦਰਦ ਵਧਾਉਂਦੀਆਂ ਹਨ ਤੇ ਸਤਿਗੁਰੂ ਜੀ ਵਲੋਂ ਉਚਾਰੀਆਂ ਇਹ ਅਲਾਹਣੀਆਂ ਮਰ ਗਏ ਪ੍ਰਾਣੀ ਦੇ ਵਿਛੋੜੇ ਤੋਂ ਬਾਦ ਪੈਦਾ ਹੋਏ ਦੁਖ ਦਰਦ ਨੂੰ ਘਟਾਉਂਦੀਆਂ ਹਨ।

ਧੰਨੁ ਸਿਰੰਦਾ ਸਚਾ ਪਾਤਿਸਾਹੁ ,ਜਿਨਿ ਜਗੁ ਧੰਧੈ ਲਾਇਆ ॥ ਮੁਹਲਤਿ ਪੁਨੀ ਪਾਈ ਭਰੀ, ਜਾਨੀਅੜਾ ਘਤਿ ਚਲਾਇਆ ॥ (ਸੰਸਾਰ ਦਾ) ਸਿਰਜਨਹਾਰ ਸੱਚਾ ਪਾਤਸ਼ਾਹ ਧੰਨ ਹੈ, ਜਿਸ ਨੇ ਜਗਤ ਨੂੰ ਪੈਦਾ ਕਰਕੇ ਧੰਧਿਆਂ ਵਿਚ ਲਾਇਆ ਹੋਇਆ ਹੈ। (ਜਗਤ ਵਿਚ ਜਨਮੇ ਜੀਵ ਦੇ ਰਹਿਣ ਦਾ ਜਦ) ਸਮਾਂ ਪੂਰਾ ਹੋ ਗਿਆ ਤੇ (ਉਮਰ ਦੀ) ਪਾਈ ਭਰ ਗਈ (ਸੁਆਸ ਪੂਰੇ ਹੋ ਗਏ, ਤਾਂ) ਪਿਆਰੇ ਜੀਵਾਤਮਾ ਨੂੰ ਜਮਾਂ ਨੇ ਫੜ ਕੇ ਅੱਗੇ (ਪ੍ਰਲੋਕ ਦੇ ਰਸਤੇ ਉਤੇ) ਤੋਰ ਲਿਆ।

ਅੰਗ ੫੭੯ = ਜਾਨੀ ਘਤਿ ਚਲਾਇਆ ਲਿਖਿਆ ਆਇਆ, ਰੁੰਨੇ ਵੀਰ ਸਬਾਏ ॥ ਕਾਂਇਆ ਹੰਸ ਥੀਆ ਵੇਛੋੜਾ, ਜਾਂ ਦਿਨ ਪੁੰਨੇ ਮੇਰੀ ਮਾਏ ॥ ਜੇਹਾ ਲਿਖਿਆ ਤੇਹਾ ਪਾਇਆ, ਜੇਹਾ ਪੁਰਬਿ ਕਮਾਇਆ ॥ ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ ॥੧॥ ਸਾਹਿਬੁ ਸਿਮਰਹੁ ਮੇਰੇ ਭਾਈਹੁ ,ਸਭਨਾ ਏਹੁ ਪਇਆਣਾ ॥ ਏਥੈ ਧੰਧਾ ਕੂੜਾ ਚਾਰਿ ਦਿਹਾ, ਆਗੈ ਸਰਪਰ ਜਾਣਾ ॥ ਆਗੈ ਸਰਪਰ ਜਾਣਾ ਜਿਉ ਮਿਹਮਾਣਾ, ਕਾਹੇ ਗਾਰਬੁ ਕੀਜੈ ॥ ਜਿਤੁ ਸੇਵਿਐ ਦਰਗਹ ਸੁਖੁ ਪਾਈਐ, ਨਾਮੁ ਤਿਸੈ ਕਾ ਲੀਜੈ ॥ ਆਗੈ ਹੁਕਮੁ ਨ ਚਲੈ ਮੂਲੇ, ਸਿਰਿ ਸਿਰਿ ਕਿਆ ਵਿਹਾਣਾ ॥ ਸਾਹਿਬੁ ਸਿਮਰਹੁ ਮੇਰੇ ਭਾਈਹੁ ,ਸਭਨਾ ਏਹੁ ਪਇਆਣਾ ॥੨॥(ਜਦ ਰੱਬ ਦਾ) ਲਿਖਿਆ ਹੁਕਮ ਆਇਆ ਤਾਂ (ਜਮਾਂ ਨੇ) ਜੀਵਾਤਮਾ ਨੂੰ ਫੜ ਕੇ ਅੱਗੇ ਤੋਰ ਲਿਆ, (ਪਿਛੋਂ) ਸਾਰੇ ਵੀਰ ਭਾਈ ਰੋਣ ਲਗ ਪਏ। ਹੇ ਮੇਰੀ ਮਾਂ! ਜਦ (ਉਮਰ ਦੇ) ਦਿਨ ਪੂਰੇ ਹੋ ਗਏ ਤਾਂ ਸਰੀਰ ਤੇ ਜੀਵਾਤਮਾ ਦਾ ਵਿਛੋੜਾ ਹੋ ਗਿਆ। ਜਿਹੋ ਜਿਹਾ ਪਹਿਲੇ ਜਨਮਾਂ ਵਿਚ ਕਰਮ ਕਮਾਇਆ ਸੀ, (ਉਨ੍ਹਾਂ ਕੀਤੇ ਕਰਮਾਂ ਦਾ ਲੇਖ) ਜਿਹੋ ਜਿਹਾ ਲਿਖਿਆ ਹੋਇਆ ਸੀ, (ਉਸ ਦਾ ਫਲ ਹੁਣ ਇਸ ਜਨਮ ਵਿਚ) ਉਹੋ ਜਿਹਾ ਪਾ ਲਿਆ ਹੈ (ਇਸੇ ਤਰ੍ਹਾਂ ਇਸ ਜਨਮ ਦਾ ਕੀਤਾ ਫਲ ਅੱਗੇ ਪਾਵੇਗਾ। ਸੰਸਾਰ ਦੀ) ਸਿਰਜਨਾ ਕਰਨ ਵਾਲਾ ਸੱਚਾ ਪਾਤਸ਼ਾਹ ਧੰਨ ਹੈ, ਜਿਸ ਨੇ (ਸੰਸਾਰ ਨੂੰ ਸਿਰਜ ਕੇ) ਕੰਮਾਂ ਧੰਧਿਆਂ ਵਿਚ ਲਾਇਆ ਹੋਇਆ ਹੈ।੧। ਹੇ ਮੇਰੇ ਭਰਾਵੋ! (ਤੁਸੀਂ ਉਸ ਸਿਰਜਨਹਾਰ) ਸਾਹਿਬ ਨੂੰ ਸਿਮਰੋ, ਇਹ ਕੂਚ ਸਭ ਨੇ ਕਰਨਾ ਹੈ। ਏਥੇ (ਸੰਸਾਰ) ਦਾ ਝੂਠਾ ਕੰਮ ਕਾਜ ਚਾਰ (ਥੋੜੇ) ਦਿਨਾਂ ਦਾ ਹੈ, ਅੱਗੇ ਪ੍ਰਲੋਕ ਵਿਚ ਜਰੂਰ ਚਲੇ ਜਾਣਾ ਹੈ (ਇਨ੍ਹਾਂ ਧੰਧਿਆਂ ਨੇ ਨਾਲ ਨਹੀਂ ਜਾਣਾ। ਸੰਸਾਰ ਵਿਚ ਜੀਵ) ਮਹਿਮਾਨ ਵਾਂਗ ਆਇਆ ਹੋਇਆ ਹੈ, (ਇਸ ਨੇ) ਅੱਗੇ ਪ੍ਰਲੋਕ ਵਿਚ ਜਰੂਰ ਚਲੇ ਜਾਣਾ ਹੈ, (ਫਿਰ ਇਥੇ) ਹੰਕਾਰ ਕਿਉਂ ਕਰੀਏ? ਉਸੇ (ਸਿਰਜਨਹਾਰ) ਦਾ ਨਾਮ ਲੈਣਾ (ਜਪਣਾ) ਚਾਹੀਦਾ ਹੈ, ਜਿਸ ਦੀ ਸੇਵਾ ਭਗਤੀ ਕਰਨ ਨਾਲ ਦਰਗਾਹ ਵਿਚ ਸੁਖ ਪਾਈਦਾ ਹੈ। ਅੱਗੇ (ਦਰਗਾਹ ਵਿਚ) ਕਿਸੇ ਦਾ ਹੁਕਮ ਬਿਲਕੁਲ ਨਹੀਂ ਚਲਦਾ, (ਕੀ ਪਤਾ ਉਥੇ) ਹਰੇਕ ਜੀਵ ਦੇ ਸਿਰ ਤੇ ਕੀ ਬੀਤੇਗੀ? (ਕਿਉਂਕਿ ਕੀਤੇ ਕਰਮਾਂ ਅਨੁਸਾਰ ਉਥੇ ਫੈਸਲਾ ਹੁੰਦਾ ਹੈ। ਇਸ ਲਈ) ਹੇ ਮੇਰੇ ਭਰਾਵੋ! ਸਿਰਜਨਹਾਰ ਸਾਹਿਬ ਨੂੰ ਸਿਮਰੋ, ਇਹ ਕੂਚ ਸਭ ਨੇ ਕਰਨਾ ਹੈ।੨।

ਪਦਾਰਥ = ਸਿਰੰਦਾ–ਸਿਰਜਨਹਾਰ ਪ੍ਰਭੂ। ਜਿਨਿ–ਜਿਸ ਨੇ। ਧੰਧੈ–ਕੰਮ ਧੰਧੇ ਵਿਚ। ਮੁਹਲਤਿ–ਸਮਾਂ; (ਜੀਵਨ ਦੀ) ਹੱਦ। ਪੁਨੀ–ਪੂਰਾ ਹੋ ਗਿਆ। ਜਾਨੀਅੜਾ–ਜਾਨ ਧਾਰੀ ਪ੍ਰਾਣੀ (ਜੀਵਾਤਮਾ)। ਘਤਿ–ਫੜ ਕੇ। ਚਲਾਇਆ–ਅੱਗੇ ਤੋਰ ਲਿਆ। ਜਾਨੀ–ਪ੍ਰਾਣਧਾਰੀ ਜੀਵ (ਜੀਵਾਤਮਾ)। ਰੁੰਨੇ–ਰੋਣ ਲਗ ਪਏ। ਵੀਰ ਸਬਾਏ–ਸਾਰੇ ਵੀਰ ਭਾਈ (ਸਾਕ ਸਬੰਧੀ)। ਕਾਂਇਆ–ਸਰੀਰ। ਹੰਸੁ–ਜੀਵਾਤਮਾ। ਥੀਆ–ਹੋ ਗਿਆ। ਜਾਂ–ਜਦ। ਪੁੰਨੇ–ਪੂਰੇ ਗਏ। ਮਾਏ–ਹੇ ਮਾਂ!। ਜੇਹਾ–ਜਿਹੋ ਜਿਹਾ। ਤੇਹਾ–ਉਹੋ ਜਿਹਾ। ਪੁਰਬਿ–ਪਿਛਲੇ ਜਨਮਾਂ ਵਿਚ; ਮਰਨ ਤੋਂ ਪਹਿਲਾਂ। ਕਮਾਇਆ–ਕਰਮ ਕਮਾਇਆ ਸੀ।੧। ਸਿਮਰਹੁ–ਸਿਮਰਨ ਕਰੋ। ਭਾਈਹੋ–ਹੇ ਭਰਾਵੋ!। ਪਇਆਣਾ–ਕੂਚ; ਚਲੇ ਜਾਣਾ। ਏਥੈ–ਇਸ ਸੰਸਾਰ ਵਿਚ। ਚਾਰਿ ਦਿਹਾ–ਚਾਰ (ਥੋੜੇ) ਦਿਨਾਂ ਦਾ। ਆਗੈ–ਅੱਗੇ ਪ੍ਰਲੋਕ ਵਿਚ। ਸਰਪਰ–ਜਰੂਰ। ਜਿਉ ਮਿਹਮਾਣਾ–ਮਹਿਮਾਨ ਵਾਂਗ। ਕਾਹੇ–ਕਿਉਂ। ਗਾਰਬੁ–ਹੰਕਾਰ। ਜਿਤੁ–ਜਿਸ ਦੀ। ਸੇਵਿਐ–ਸੇਵਾ ਭਗਤੀ ਕਰਨ ਨਾਲ। ਤਿਸੈ ਕਾ–ਉਸ ਦਾ। ਲੀਜੈ–ਲੈਣਾ (ਜਪਣਾ) ਚਾਹੀਦਾ ਹੈ। ਮੂਲੇ–ਬਿਲਕੁਲ। ਸਿਰਿ ਸਿਰਿ–ਹਰੇਕ ਦੇ ਸਿਰ ਉਤੇ। ਕਿਆ ਵਿਹਾਣਾ–ਕੀ ਬੀਤੇਗੀ।੨।

ਪਾਈ = ਪਾਣੀ ਵਾਲੀ ਘੜੀ (ਇਕ ਪਿਆਲੀ ਦੇ ਹੇਠਾਂ ਛੇਕ ਹੁੰਦਾ ਹੈ, ਉਹ ਪਾਣੀ ਵਾਲੇ ਭਾਂਡੇ ਵਿਚ ਰੱਖੀ ਹੁੰਦੀ ਹੈ, ਛੇਕ ਰਾਹੀਂ

ਪਿਆਲੀ ਵਿਚ ਪਾਣੀ ਭਰਦਾ ਰਹਿੰਦਾ ਹੈ, ਜਦ ਪਿਆਲੀ ਪਾਣੀ ਨਾਲ ਭਰ ਜਾਂਦੀ ਹੈ ਤਾਂ ਉਹ ਡੁਬ ਜਾਂਦੀ ਹੈ, ਇਸ ਤਰ੍ਹਾਂ ਇਹ ਇਕ ਘੰਟੇ ਦਾ ਸਮਾਂ ਜਾਣਿਆ ਜਾਂਦਾ ਹੈ। ਖਾਲੀ ਕਰਕੇ ਪਿਆਲੀ ਫਿਰ ਪਾਣੀ ਵਿਚ ਦੁਬਾਰਾ ਰਖ ਦਿਤੀ ਜਾਂਦੀ ਹੈ। ਇਕ ਹੋਰ ਪਾਈ (ਪੜੋਪੀ) ਹੈ, ਜੋ ਅੰਨ ਮਿਣਨ ਦਾ ਪੈਮਾਨਾ ਹੁੰਦਾ ਹੈ, ਜੋ ਕਰੀਬ ੨੫ ਸੇਰ (ਪੁਰਾਣਾ ਤੋਲ) ਦਾ ਹੁੰਦਾ ਹੈ।

ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ, ਹੀਲੜਾ ਏਹੁ ਸੰਸਾਰੋ ॥ ਜਲਿ ਥਲਿ ਮਹੀਅਲਿ ਰਵਿ ਰਹਿਆ, ਸਾਚੜਾ ਸਿਰਜਣਹਾਰੋ ॥ ਸਾਚਾ ਸਿਰਜਣਹਾਰੋ ਅਲਖ ਅਪਾਰੋ, ਤਾ ਕਾ ਅੰਤੁ ਨ ਪਾਇਆ ॥ ਆਇਆ ਤਿਨ ਕਾ ਸਫਲੁ ਭਇਆ ਹੈ, ਇਕ ਮਨਿ ਜਿਨੀ ਧਿਆਇਆ ॥ ਢਾਹੇ ਢਾਹਿ ਉਸਾਰੇ ਆਪੇ, ਹੁਕਮਿ ਸਵਾਰਣਹਾਰੋ ॥ ਜੋ ਤਿਸੁ ਭਾਵੈ ਸੰਮ੍ਰਥ ਸੋ ਥੀਐ, ਹੀਲੜਾ ਏਹੁ ਸੰਸਾਰੋ ॥੩॥ ਨਾਨਕ ਰੁੰਨਾ ਬਾਬਾ ਜਾਣੀਐ, ਜੇ ਰੋਵੈ ਲਾਇ ਪਿਆਰੋ ॥ ਵਾਲੇਵੇ ਕਾਰਣਿ ਬਾਬਾ ਰੋਈਐ, ਰੋਵਣੁ ਸਗਲ ਬਿਕਾਰੋ ॥ ਰੋਵਣੁ ਸਗਲ ਬਿਕਾਰੋ ਗਾਫਲੁ ਸੰਸਾਰੋ, ਮਾਇਆ ਕਾਰਣਿ ਰੋਵੈ ॥ ਚੰਗਾ ਮੰਦਾ ਕਿਛੁ ਸੂਝੈ ਨਾਹੀ, ਇਹੁ ਤਨੁ ਏਵੈ ਖੋਵੈ ॥ ਐਥੈ ਆਇਆ ਸਭੁ ਕੋ ਜਾਸੀ, ਕੂੜਿ ਕਰਹੁ ਅਹੰਕਾਰੋ ॥ ਨਾਨਕ ਰੁੰਨਾ ਬਾਬਾ ਜਾਣੀਐ, ਜੇ ਰੋਵੈ ਲਾਇ ਪਿਆਰੋ ॥੪॥੧॥ ਜੋ ਕੁਛ ਉਸ ਸਰਬ ਸ਼ਕਤੀਮਾਨ ਪ੍ਰਭੂ ਨੂੰ ਭਾਉਂਦਾ ਹੈ, ਉਹ ਹੀ ਹੁੰਦਾ ਹੈ, ਇਹ ਸੰਸਾਰ ਤਾਂ (ਜੀਵਾਂ ਦੇ ਉਦਮ ਦਾ ਇਕ) ਬਹਾਨਾ ਹੈ। ਸੱਚਾ ਸਿਰਜਨਹਾਰ ਪ੍ਰਭੂ ਜਲ ਥਲ ਧਰਤੀ ਤੇ ਅਕਾਸ਼ ਵਿਚਾਲੇ ਸਾਰੇ ਵਿਆਪਕ ਹੋ ਰਿਹਾ ਹੈ। ਸੱਚਾ ਸਿਰਜਨਹਾਰ ਪ੍ਰਭੂ ਪਾਰ ਰਹਿਤ ਤੇ ਸਮਝ ਤੋਂ ਪਰੇ ਹੈ, ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ। (ਸੰਸਾਰ ਵਿਚ) ਉਨ੍ਹਾਂ ਜੀਵਾਂ ਦਾ ਅਇਆ ਸਫਲ ਹੋਇਆ ਹੈ, ਜਿਨ੍ਹਾਂ ਨੇ ਇਕ ਮਨ ਹੋ ਕੇ ਪ੍ਰਭੂ ਨੂੰ ਸਿਮਰਿਆ ਹੈ। ਪ੍ਰਭੂ ਅਪਣੇ ਹੁਕਮ ਨਾਲ ਆਪੇ ਅਪਣੀ ਸਿਰਜੀ ਸ੍ਰਿਸਟੀ ਨੂੰ ਢਾਹ ਦੇਂਦਾ ਹੈ, ਢਾਹ ਕੇ ਫਿਰ ਦੁਬਾਰਾ ਉਸਾਰ ਦੇਂਦਾ ਹੈ, (ਉਹ ਹੀ ਜੀਵਾਂ ਦੇ ਮਨਾਂ ਨੂੰ) ਸਵਾਰਨ ਵਾਲਾ ਹੈ। ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਉਹ ਹੀ ਹੁੰਦਾ ਹੈ, ਇਹ ਸੰਸਾਰ ਤਾਂ ਬਹਾਨਾ ਹੈ।੩। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਭਾਈ! (ਉਸ ਮਨੁੱਖ ਨੂੰ ਸਹੀ) ਰੋਂਦਾ ਜਾਣੀਏ, ਜੇ (ਰੱਬ ਨਾਲ) ਪਿਆਰ ਲਾ ਕੇ ਰੋਵੇ। ਹੇ ਭਾਈ! ਜੋ ਰੋਇਆ ਜਾਂਦਾ ਹੈ, ਉਹ ਦੁਨਿਆਵੀ ਪਦਾਰਥਾਂ ਲਈ ਹੈ, ਇਹ ਸਾਰਾ ਰੋਣਾ ਬੇਕਾਰ ਹੈ। ਸਾਰਾ ਰੋਣਾ ਫਜ਼ੂਲ ਹੈ, ਰੱਬ ਵੱਲੋਂ ਭੁੱਲਿਆ ਸੰਸਾਰ ਮਾਇਆ ਵਾਸਤੇ ਰੋਂਦਾ ਹੈ। (ਰੋਣ ਵਾਲੇ ਪ੍ਰਾਣੀ ਨੂੰ) ਕੁਛ ਸੁਝਦਾ ਹੀ ਨਹੀਂ ਕਿ ਚੰਗਾ ਕੀ ਹੈ ਤੇ ਕੀ ਮਾੜਾ ਹੈ, (ਰੋ ਪਿੱਟ ਕੇ) ਇਹ ਸਰੀਰ ਐਵੇਂ ਨਾਸ਼ ਕਰ ਲੈਂਦਾ ਹੈ। ਇਥੇ ਸੰਸਾਰ ਵਿਚ (ਜੋ ਜੀਵ ਜਨਮ ਲੈ ਕੇ) ਆਇਆ ਹੈ, ਸਭ ਕੋਈ (ਅਪਣੀ ਉਮਰ ਗੁਜਾਰ ਕੇ) ਚਲਾ ਜਾਵੇਗਾ, (ਤੁਸੀਂ ਲੋਕ ਐਵੇਂ) ਝੂਠਾ ਹੰਕਾਰ ਕਰਦੇ ਹੋ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਭਾਈ! (ਉਸ ਮਨੁੱਖ ਨੂੰ ਅਸਲ ਵਿਚ) ਰੋਂਦਾ ਜਾਣੀਏ, ਜੇ ਪਿਆਰ (ਰੱਬ ਨਾਲ) ਲਾ ਕੇ ਰੋਵੇ।੪।੧।

ਪਦਾਰਥ = ਤਿਸੁ–ਉਸ ਨੂੰ। ਭਾਵੈ–ਚੰਗਾ ਲਗਦਾ ਹੈ। ਸੰਮ੍ਰਥ–ਸਰਬ ਸ਼ਕਤੀਮਾਨ। ਸੋ–ਉਹ। ਥੀਐ–ਹੁੰਦਾ ਹੈ। ਹੀਲੜਾ–ਬਹਾਨਾ; ਦੁਖ ਰੂਪ। ਜਲਿ–ਜਲ ਵਿਚ। ਥਲਿ–ਮਾਰੂ ਥਲ ਵਿਚ। ਮਹੀਅਲਿ–ਧਰਤੀ ਤੇ ਅਕਾਸ਼ ਵਿਚਾਲੇ ਪੁਲਾੜ ਵਿਚ। ਰਵਿ ਰਹਿਆ–ਵਿਆਪਕ ਹੋ ਰਿਹਾ ਹੈ। ਸਿਰਜਣਹਾਰੋ–(ਜਗਤ ਦੀ) ਰਚਨਾ ਕਰਨ ਵਾਲਾ। ਅਲਖ–ਸਮਝ ਤੋਂ ਪਾਰ। ਅਪਾਰ–ਪਾਰ ਰਹਿਤ (ਬੇਅੰਤ)। ਤਾ ਕਾ–ਉਸ ਦਾ। ਆਇਆ–ਜਨਮ ਲਿਆ ਹੋਇਆ। ਤਿਨ ਕਾ–ਉਨ੍ਹਾਂ ਦਾ। ਇਕ ਮਨਿ–ਇਕ ਮਨ ਹੋ ਕੇ (ਇਕਾਗਰ ਮਨ ਨਾਲ)। ਜਿਨੀ–ਜਿਨ੍ਹਾਂ ਨੇ। ਉਸਾਰੇ–ਉਸਾਰਦਾ ਹੈ। ਹੁਕਮਿ–ਹੁਕਮ ਨਾਲ।੩। ਰੁੰਨਾ ਜਾਣੀਐ–ਰੋਂਦਾ ਜਾਣੀਏ। ਬਾਬਾ–ਹੇ ਭਾਈ!। ਵਾਲੇਵੇ–ਵਰਤ ਵਿਹਾਰ; ਧਨ ਪਦਾਰਥ। ਕਾਰਣਿ–ਵਾਸਤੇ। ਸਗਲ–ਸਾਰਾ। ਬਿਕਾਰੋ–ਬੇਕਾਰ (ਬਿਅਰਥ)। ਗਾਫਲੁ–ਬੇ ਖਬਰ। ਸੂਝੈ ਨਾਹੀ–ਸੁਝਦਾ ਨਹੀਂ। ਖੋਵੈ–ਨਾਸ਼ ਕਰ ਲੈਂਦਾ ਹੈ। ਐਥੈ–ਇਥੇ ਸੰਸਾਰ ਵਿਚ। ਸਭੁ ਕੋ–ਸਭ ਕੋਈ। ਜਾਸੀ–ਚਲਾ ਜਾਵੇਗਾ। ਕੂੜਿ–ਝੂਠਾ।੪।੧।

ਵਡਹੰਸੁ ਮਹਲਾ ੧ ॥ ਆਵਹੁ ਮਿਲਹੁ ਸਹੇਲੀਹੋ, ਸਚੜਾ ਨਾਮੁ ਲਏਹਾਂ ॥ ਰੋਵਹ ਬਿਰਹਾ ਤਨ ਕਾ, ਆਪਣਾ ਸਾਹਿਬੁ ਸਮ੍ਾਲੇਹਾਂ ॥ ਸਾਹਿਬੁ ਸਮ੍ਾਲਿਹ ਪੰਥੁ ਨਿਹਾਲਿਹ, ਅਸਾ ਭਿ ਓਥੈ ਜਾਣਾ ॥ ਜਿਸ ਕਾ ਕੀਆ ਤਿਨ ਹੀ ਲੀਆ, ਹੋਆ ਤਿਸੈ ਕਾ ਭਾਣਾ ॥ ਜੋ ਤਿਨਿ ਕਰਿ ਪਾਇਆ ਸੁ ਆਗੈ ਆਇਆ, ਅਸੀ ਕਿ ਹੁਕਮੁ ਕਰੇਹਾ ॥ ਆਵਹੁ ਮਿਲਹੁ ਸਹੇਲੀਹੋ, ਸਚੜਾ ਨਾਮੁ ਲਏਹਾ ॥੧॥ ਮਰਣੁ ਨ ਮੰਦਾ ਲੋਕਾ ਆਖੀਐ, ਜੇ ਮਰਿ ਜਾਣੈ ਐਸਾ ਕੋਇ ॥ ਸੇਵਿਹੁ ਸਾਹਿਬੁ ਸੰਮ੍ਰਥੁ ਆਪਣਾ, ਪੰਥੁ ਸੁਹੇਲਾ ਆਗੈ ਹੋਇ ॥ ਪੰਥਿ ਸੁਹੇਲੈ ਜਾਵਹੁ ਤਾਂ ਫਲੁ ਪਾਵਹੁ ,ਆਗੈ ਮਿਲੈ ਵਡਾਈ ॥ ਭੇਟੈ ਸਿਉ ਜਾਵਹੁ ਸਚਿ ਸਮਾਵਹੁ ,ਤਾਂ ਪਤਿ ਲੇਖੈ ਪਾਈ ॥ ਮਹਲੀ ਜਾਇ ਪਾਵਹੁ ਖਸਮੈ ਭਾਵਹੁ ,ਰੰਗ ਸਿਉ ਰਲੀਆ ਮਾਣੈ ॥ ਮਰਣੁ ਨ ਮੰਦਾ ਲੋਕਾ ਅਖੀਐ, ਜੇ ਕੋਈ ਮਰਿ ਜਾਣੈ ॥੨॥ ਹੇ ਸਹੇਲੀਓ (ਸਤ ਸੰਗੀਓ)! ਆਓ ਮਿਲੋ, (ਮਿਲ ਕੇ ਪ੍ਰਭੂ ਦਾ) ਸੱਚਾ ਨਾਮ ਲਈਏ (ਜਪੀਏ)। ਅਪਣੇ ਮਾਲਕ ਪ੍ਰਭੂ ਨੂੰ ਯਾਦ ਕਰੀਏ ਅਤੇ ਰੋਈਏ (ਇਸ ਕਰਕੇ ਕਿ) ਸਰੀਰ ਦਾ ਵਿਛੋੜਾ (ਪ੍ਰਭੂ ਤੋਂ ਕਿਉਂ ਹੋਇਆ ਹੈ?)। ਮਾਲਕ ਪ੍ਰਭੂ ਨੂੰ ਯਾਦ ਕਰੀਏ ਤੇ (ਪ੍ਰਲੋਕ ਦੇ) ਰਸਤੇ ਨੂੰ

ਦੇਖੀਏ (ਧਿਆਨ ਵਿਚ ਰੱਖੀਏ, ਕਿਉਂਕਿ) ਅਸੀਂ ਵੀ ਓਥੇ ਜਾਣਾ ਹੈ (ਜਿਥੇ ਹਰੇਕ ਜੀਵ ਮਰ ਕੇ ਜਾਂਦਾ ਹੈ। ਰੋਣ ਦੀ ਬਜਾਏ ਇਹ ਸਮਝੀਏ ਕਿ ਉਹ ਮਰਿਆ ਪ੍ਰਾਣੀ) ਜਿਸ ਪ੍ਰਭੂ ਦਾ ਪੈਦਾ ਕੀਤਾ ਹੋਇਆ ਸੀ, ਉਸ ਨੇ ਹੀ ਲੈ ਲਿਆ ਹੈ, ਇਹ ਉਸ ਪ੍ਰਭੂ ਦਾ ਹੁਕਮ ਹੋਇਆ ਹੈ। ਜੋ ਉਸ ਹਰੀ ਨੇ (ਮਰਨ ਵਾਲੇ ਦੇ ਮੱਥੇ ਤੇ ਮਰਨ ਦਾ ਹੁਕਮ) ਲਿਖ ਕਰਕੇ ਪਾਇਆ ਹੋਇਆ ਸੀ, ਉਹ (ਉਸ ਦੇ) ਅੱਗੇ ਆਇਆ ਹੈ, ਅਸੀਂ ਕੀ ਹੁਕਮ ਕਰ ਸਕਦੇ ਹਾਂ (ਬੇਵਸ ਹਾਂ, ਕੁਛ ਨਹੀਂ ਕੀਤਾ ਜਾ ਸਕਦਾ। ਇਸ ਲਈ) ਹੇ ਸਹੇਲੀਓ! ਆਓ ਮਿਲੋ, (ਮਿਲ ਕੇ ਪ੍ਰਭੂ ਦਾ) ਸੱਚਾ ਨਾਮ ਲਈਏ।੧। ਹੇ (ਦੁਨੀਆਂ ਦੇ) ਲੋਕੋ! ਜੇ ਕੋਈ ਮਨੁੱਖ ਅਜੇਹਾ ਮਰਨਾ ਜਾਣਦਾ ਹੋਵੇ (ਨਾਮ ਜਪਦਿਆਂ ਸਫਲ ਜੀਵਨ ਜੀ ਕੇ ਜਾਂ ਸ਼ਹੀਦ ਹੋ ਕੇ ਮਰੇ ਤਾਂ) ਮੌਤ ਨੂੰ ਬੁਰਾ ਨਾ ਕਹੋ। ਸਰਬ ਸ਼ਕਤੀਮਾਨ ਸਾਹਿਬ ਨੂੰ ਸਿਮਰੋ ਤਾਂ ਕਿ ਅਗੇ ਪ੍ਰਲੋਕ ਦਾ ਰਸਤਾ (ਪਾਰ ਕਰਨਾ) ਸੌਖਾ ਹੋ ਜਾਵੇ। (ਜੇ ਤੁਸੀਂ ਸਿਮਰਨ ਕਰੋਗੇ) ਤਾਂ ਇਹ ਫਲ ਪ੍ਰਾਪਤ ਕਰੋਗੇ ਕਿ ਸੌਖੇ ਰਸਤੇ ਤੇ ਜਾਵੋਗੇ ਅਤੇ ਅੱਗੇ ਪ੍ਰਲੋਕ ਵਿਚ ਵਡਿਆਈ ਵੀ ਮਿਲੇਗੀ। (ਨਾਮ ਸਿਮਰਨ ਦੀ) ਭੇਟਾ ਸਹਿਤ ਜਾਵੋਗੇ ਤਾਂ (ਤੁਹਾਡੀ) ਇੱਜਤ ਲੇਖੇ ਵਿਚ ਪੈ ਜਾਏਗੀ ਅਤੇ ਸੱਚ ਸਰੂਪ ਹਰੀ ਵਿਚ ਸਮਾ ਜਾਓਗੇ। (ਫਿਰ ਤੁਸੀਂ ਸਦਾ ਲਈ ਪ੍ਰਭੂ ਦੇ) ਮਹਿਲ ਵਿਚ ਜਗ੍ਹਾ ਪਾ ਲਵੋਗੇ ਤੇ ਮਾਲਕ ਨੂੰ ਚੰਗੇ ਲਗੋਗੇ (ਅਤੇ ਉਥੇ) ਅਨੰਦ ਨਾਲ ਖੁਸ਼ੀਆਂ ਮਾਣੋਗੇ। (ਇਸ ਲਈ) ਹੇ ਦੁਨੀਆਂ ਦੇ ਲੋਕੋ! ਮੌਤ ਨੂੰ ਮੰਦਾ ਨਾ ਕਹੋ, (ਮੌਤ ਚੰਗੀ ਹੈ, ਪਰ) ਜੇ ਕੋਈ ਮਨੁੱਖ (ਨਾਮ ਜਪਦਿਆਂ ਸਫਲ ਜੀਵਨ ਜਿਉਂ ਕੇ) ਅਜੇਹਾ ਮਰਨਾ ਜਾਣਦਾ ਹੋਵੇ।੨।

ਪਦਾਰਥ = ਸਚੜਾ–ਸੱਚਾ। ਲਏ ਹਾਂ–ਲਈਏ (ਜਪੀਏ)। ਰੋਵਹ–ਰੋਈਏ (ਵੈਰਾਗ ਕਰੀਏ)। ਬਿਰਹਾ–ਵਿਛੋੜਾ। ਤਨ ਕਾ–ਸਰੀਰ ਦਾ। ਸਾਹਿਬੁ–ਮਾਲਕ ਪ੍ਰਭੂ ਨੂੰ। ਸਮ੍ਹਾਲੇਹਾਂ–ਯਾਦ ਕਰੀਏ। ਪੰਥੁ–ਰਸਤਾ। ਨਿਹਾਲਿਹ–ਤੱਕੀਏ। ਕੀਆ–ਪੈਦਾ ਕੀਤਾ ਸੀ। ਲੀਆ–ਲੈ ਲਿਆ। ਸੁ–ਉਹ।੧। ਮਰਣੁ–ਮੌਤ। ਲੋਕਾ–ਹੇ ਲੋਕੋ!। ਸੇਵਿਹੁ–ਸਿਮਰੋ। ਸੰਮ੍ਰਥੁ–ਸਰਬ ਸ਼ਕਤੀਮਾਨ। ਪੰਥੁ–ਰਸਤਾ। ਸੁਹੇਲਾ–ਸੌਖਾ। ਆਗੈ–ਅੱਗੇ ਪ੍ਰਲੋਕ ਦਾ। ਪੰਥਿ ਸੁਹੇਲੈ–ਸੌਖੇ ਰਸਤੇ ਉਤੇ। ਭੇਟੈ ਸਿਉ–(ਨਾਮ ਦੀ) ਭੇਟਾ ਸਹਿਤ। ਸਚਿ–ਸੱਚ ਸਰੂਪ ਪ੍ਰਭੂ ਵਿਚ। ਤਾਂ–ਤਦ। ਪਤਿ–ਇੱਜਤ। ਲੇਖੈ ਪਾਈ–ਲੇਖੇ ਵਿਚ ਪਵੇਗੀ। ਮਹਲੀ–ਰੱਬ ਦੀ ਹਜੂਰੀ ਵਿਚ। ਜਾਇ–ਜਗ੍ਹਾ। ਖਸਮੈ–ਮਾਲਕ ਨੂੰ। ਭਾਵਹੁ–ਚੰਗੇ ਲੱਗੋਗੇ। ਰੰਗ ਸਿਉ–ਅਨੰਦ ਨਾਲ; ਪ੍ਰੇਮ ਨਾਲ। ਰਲੀਆ ਮਾਣੈ–ਖੁਸ਼ੀਆਂ ਮਾਣੋਗੇ।੨।

ਅੰਗ ੫੮੦ = ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਨਿ ਪਰਵਾਣੋ ॥ ਸੂਰੇ ਸੇਈ ਆਗੈ ਆਖੀਅਹਿ, ਦਰਗਹ ਪਾਵਹਿ ਸਾਚੀ ਮਾਣੋ ॥ ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ, ਆਗੈ ਦੂਖੁ ਨ ਲਾਗੈ ॥ ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ, ਜਿਤੁ ਸੇਵਿਐ ਭਉ ਭਾਗੈ ॥ ਊਚਾ ਨਹੀ ਕਹਣਾ ਮਨ ਮਹਿ ਰਹਣਾ, ਆਪੇ ਜਾਣੈ ਜਾਣੋ ॥ ਮਰਣੁ ਮੁਣਸਾ ਸੂਰਿਆ ਹਕੁ ਹੈ, ਜੋ ਹੋਇ ਮਰਹਿ ਪਰਵਾਣੋ ॥੩॥ ਨਾਨਕ ਕਿਸ ਨੋ ਬਾਬਾ ਰੋਈਐ, ਬਾਜੀ ਹੈ ਇਹੁ ਸੰਸਾਰੋ ॥ ਕੀਤਾ ਵੇਖੈ ਸਾਹਿਬੁ ਆਪਣਾ, ਕੁਦਰਤਿ ਕਰੇ ਬੀਚਾਰੋ ॥ ਕੁਦਰਤਿ ਬੀਚਾਰੇ ਧਾਰਣ ਧਾਰੇ, ਜਿਨਿ ਕੀਆ ਸੋ ਜਾਣੈ ॥ ਆਪੇ ਵੇਖੈ ਆਪੇ ਬੂਝੈ, ਆਪੇ ਹੁਕਮੁ ਪਛਾਣੈ ॥ ਜਿਨਿ ਕਿਛੁ ਕੀਆ ਵਿਚ ਸੋਈ ਜਾਣੈ, ਤਾ ਕਾ ਰੂਪੁ ਅਪਾਰੋ ॥ ਨਾਨਕ ਕਿਸ ਨੋ ਬਾਬਾ ਰੋਈਐ, ਬਾਜੀ ਹੈ ਇਹੁ ਸੰਸਾਰੋ ॥੪॥੨॥ ਬਹਾਦਰ ਪੁਰਖਾਂ ਦਾ ਮਰਨਾ ਸੱਚਾ ਹੈ, ਜੋ ਪ੍ਰਵਾਨ ਹੋ ਕੇ ਮਰਦੇ ਹਨ; ਮਰ ਕੇ ਪ੍ਰਵਾਨ ਹੋ ਜਾਂਦੇ ਹਨ (ਐਵੇਂ ਹਠ ਜਾਂ ਭਰਮ ਕਰਕੇ ਮਰਨਾ ਸਫਲ ਨਹੀਂ, ਧਰਮ, ਕੌਮ ਜਾਂ ਕਿਸੇ ਚੰਗੇ ਕੰਮ ਲਈ ਮਰਨਾ ਸਫਲ ਹੈ)। ਅੱਗੇ ਪ੍ਰਲੋਕ ਵਿਚ ਬਹਾਦਰ ਉਹ ਹੀ ਪੁਰਖ ਕਹੇ ਜਾਂਦੇ ਹਨ, ਜੋ ਸੱਚੀ ਦਰਗਾਹ ਵਿਚ ਮਾਣ ਪ੍ਰਾਪਤ ਕਰਦੇ ਹਨ। ਉਹ ਦਰਗਾਹ ਮਾਣ ਪਾਉਂਦੇ ਹਨ ਤੇ ਇੱਜਤ ਨਾਲ ਉਥੇ ਜਾਂਦੇ ਹਨ ਅਤੇ ਅੱਗੇ ਪ੍ਰਲੋਕ ਵਿਚ ਉਨ੍ਹਾਂ ਨੂੰ ਕੋਈ ਦੁਖ ਨਹੀਂ ਲਗਦਾ ਹੈ। ਉਹ ਇਹ ਫਲ ਤਾਂ ਪਾਉਂਦੇ ਹਨ, ਕਿਉਂਕਿ ਉਹ ਪ੍ਰਭੂ ਨੂੰ ਇਕ ਜਾਣ ਕਰਕੇ ਸਿਮਰਦੇ ਹਨ, ਜਿਸ ਦੀ ਸੇਵਾ ਭਗਤੀ ਕਰਨ ਨਾਲ ਡਰ ਦੌੜ ਜਾਂਦਾ ਹੈ। (ਹੇ ਭਾਈ! ਹੰਕਾਰ ਵਿਚ) ਉਚਾ ਬੋਲ ਨਹੀਂ ਬੋਲਣਾ ਚਾਹੀਦਾ, ਮਨ ਵਿਚ ਰਹਿਣਾ (ਅਪਣੇ ਆਪ ਨੂੰ ਵਸ ਵਿਚ ਰੱਖਣਾ) ਚਾਹੀਦਾ ਹੈ, ਉਹ ਜਾਣੀ ਜਾਣ ਪ੍ਰਭੂ ਆਪੇ (ਹਰੇਕ ਜੀਵ ਦੇ ਚੰਗੇ ਮੰਦੇ ਕਰਮ) ਜਾਣਦਾ ਹੈ। ਉਨ੍ਹਾਂ ਬਹਾਦਰ ਪੁਰਖਾਂ ਦਾ ਮਰਨਾ ਸੱਚਾ ਹੈ, ਜੋ ਪ੍ਰਵਾਨ ਹੋ ਕੇ ਮਰਦੇ ਹਨ।੩। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਹੇ ਭਾਈ! ਕਿਸ ਕਿਸ ਨੂੰ ਰੋਈਏ, ਇਹ ਸੰਸਾਰ ਤਾਂ (ਚਾਰ ਦਿਨਾਂ ਦੀ) ਖੇਡ ਹੈ। ਉਹ ਅਪਣੇ ਪੈਦਾ ਕੀਤੇ ਸੰਸਾਰ ਨੂੰ ਦੇਖਦਾ (ਸੰਭਾਲ ਕਰਦਾ) ਹੈ ਅਤੇ ਅਪਣੀ ਤਾਕਤ ਨਾਲ (ਖੇਲ ਨੂੰ ਚਲਾਉਣ ਦਾ) ਵਿਚਾਰ ਕਰਦਾ ਹੈ। ਉਹ ਤਾਕਤ ਨਾਲ (ਖੇਲ ਨੂੰ ਚਲਾਓਣ ਦਾ) ਵਿਚਾਰ ਕਰਦਾ ਹੈ, ਅਪਣੀ ਰਚਨਾ ਨੂੰ ਆਸਰਾ ਦਿੰਦਾ ਹੈ, ਜਿਸ ਨੇ ਇਹ ਜਗਤ ਪੈਦਾ ਕੀਤਾ ਹੈ, (ਉਹ ਹੀ ਇਸ ਦਾ ਭੇਦ) ਜਾਣਦਾ ਹੈ। ਉਹ ਆਪ ਇਸ ਨੂੰ ਦੇਖਦਾ (ਸੰਭਾਲਦਾ) ਹੈ ਅਪੇ ਇਸ ਨੂੰ ਸਮਝਦਾ ਹੈ ਅਤੇ ਆਪ ਹੀ ਅਪਣੇ ਹੁਕਮ ਨੂੰ ਪਛਾਣਦਾ ਹੈ। ਜਿਸ ਪ੍ਰਭੂ ਨੇ ਇਹ ਸਭ ਕੁਛ ਪੈਦਾ ਕੀਤਾ ਹੈ, ਉਹ ਹੀ (ਇਸ ਨੂੰ) ਜਾਣਦਾ ਹੈ, (ਉਸ ਪ੍ਰਭੂ ਦਾ) ਰੂਪ ਪਾਰ ਰਹਿਤ ਹੈ। ਗੁਰੂ ਨਾਨਕ ਦੇਵ

ਜੀ ਆਖਦੇ ਹਨ ਕਿ ਹੇ ਭਾਈ! ਕਿਸ ਕਿਸ ਨੂੰ ਰੋਈਏ? ਇਹ ਸੰਸਾਰ ਤਾਂ (ਚਾਰ ਦਿਨਾਂ ਦੀ) ਖੇਡ ਹੈ।੪।੨।

ਪਦਾਰਥ = ਮੁਣਸਾ ਸੂਰਿਆ-ਬਹਾਦਰ ਮਨੁੱਖਾਂ ਦਾ।ਹੱਕੁ-ਸੱਚਾ; ਸਫਲ।ਮਰਨਿ-ਮਰਦੇ ਹਨ।ਪਰਵਾਣੋ-ਪ੍ਰਵਾਨ ਹੋ ਕੇ।ਸੂਰੇ-ਬਹਾਦਰ।ਸੇਈ-ਉਹ ਹੀ।ਮਾਣੋ-ਸਨਮਾਨ।ਪਤਿ ਸਿਉ-ਇੱਜਤ ਨਾਲ।ਆਗੈ-ਅੱਗੇ ਪ੍ਰਲੋਕ ਵਿਚ।ਕਰਿ ਏਕੁ-ਪ੍ਰਭੂ ਨੂੰ ਇਕ ਜਾਣ ਕਰਕੇ।ਸੇਵਿਐ-ਸੇਵਾ ਭਗਤੀ ਕਰਨ ਨਾਲ।ਭਉ-ਡਰ।ਭਾਗੈ-ਦੌੜ ਜਾਂਦਾ ਹੈ।ਊਚਾ-ਹੰਕਾਰ ਵਾਲਾ ਬੋਲ।ਜਾਣੋ-ਜਾਨਣਹਾਰ।੩। ਬਾਜੀ-ਖੇਡ।ਕੀਤਾ-ਪੈਦਾ ਕੀਤਾ।ਵੇਖੈ-ਦੇਖਦਾ (ਸੰਭਾਲਦਾ) ਹੈ।ਕੁਦਰਤਿ-ਤਾਕਤ ਨਾਲ।ਧਾਰਣ ਧਾਰੇ-ਰਚਨਾ ਨੂੰ ਆਸਰਾ ਦੇਂਦਾ ਹੈ।ਸੋ-ਉਹ।ਜਿਨਿ-ਜਿਸ ਨੇ।ਸੋਈ-ਉਹ ਹੀ।ਤਾ ਕਾ-ਉਸ ਦਾ।ਅਪਾਰੋ-ਪਾਰ ਰਹਿਤ (ਬੇਅੰਤ)।੪।੨।

ਵਿਆਖਿਆ = ਮਰਨਾ ਤਾਂ ਸੱਚ ਹੈ, ਪਰ ਸੱਚਾ ਮਰਨਾ ਉਹ ਹੈ, ਜੋ ਸਿਮਰਨ ਕਰਕੇ ਮਰਦਾ ਹੈ।ਕਿਸੇ ਨੇ ਪੁੱਛਿਆ ਹੋਣਾ ਹੈ ਕਿ ਸੂਰਮਾ ਪੁਰਖ ਤਾਂ ਮਰ ਕੇ ਸੁਰਗਾਂ ਨੂੰ ਜਾਂਦਾ ਹੋਣਾ ਹੈ, ਸੁਰਗਾਂ ਵਿਚ ਅਨੰਦ ਨਾਲ ਅਨੇਕਾਂ ਭੋਗ ਭੋਗਦਾ ਹੋਵੇਗਾ।ਗੁਰੂ ਜੀ ਦਾ ਉਤਰ ਹੈ ਕਿ ਸੂਰਮਿਆਂ ਦਾ ਮਰਨਾ ਤਾਂ ਸੱਚਾ ਹੈ, ਜੇ ਉਹ ਪ੍ਰਵਾਨ ਹੋ ਕੇ ਮਰੇ।ਭਾਵ ਜੇ ਸਿਮਰਨ ਕਰਨ ਵਾਲਾ ਸ਼ਹੀਦ ਹੋਵੇ ਤਾਂ ਉਹ ਰੱਬ ਦੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ, ਤੇ ਸਾਰੇ ਭੈ ਦੂਰ ਕਰ ਲੈਂਦਾ ਹੈ।ਸੁਰਗ ਦੇ ਭੋਗਾਂ ਦਾ ਫਲ ਵੀ ਤਾਂ ਇਕ ਦਿਨ ਮੁੱਕਣਾ ਹੈ, ਫਿਰ ਉਹ ਉਥੋਂ ਡੇਗਿਆ ਜਾਵੇਗਾ।ਸਿਮਰਨ ਦੀ ਬਰਕਤ ਨਾਲ ਉਥੇ ਪੁੱਜੇ ਦਾ ਮੁੜ ਜਨਮ ਲੈਣ ਦਾ ਡਰ ਦੂਰ ਹੋ ਜਾਵੇਗਾ।ਅੰਕ ਚਾਰ ਵਿਚ ਦਸਿਆ ਹੈ ਕਿ ਸੰਸਾਰ ਬਾਜੀ ਹੈ, ਬਾਜੀ ਵਿਚ ਮਰਨ ਵਾਲੇ ਲਈ ਰੋਣ ਦਾ ਕੀ ਲਾਭ? ਜਿਵੇਂ ਨਾਟਕ ਵਿਚ ਕੋਈ ਮਰ ਜਾਵੇ, ਉਸ ਲਈ ਕੋਈ ਨਹੀਂ ਰੋਂਦਾ, ਕਿਉਂਕਿ ਸਭ ਜਾਣਦੇ ਹੁੰਦੇ ਹਨ ਕਿ ਨਾਟਕ ਵਿਚ ਸੱਚਮੁਚ ਕੋਈ ਨਹੀਂ ਮਰਦਾ।ਇਵੇਂ ਜਗਤ ਵੀ ਇਕ ਤਮਾਸ਼ਾ ਹੈ, ਇਥੇ ਵੀ ਮਰਨਾ ਇਕ ਤਮਾਸ਼ੇ ਵਿਚ ਮਰਨ ਵਾਂਗ ਹੀ ਹੈ।ਇਸ ਤਮਾਸ਼ੇ ਦਾ ਰਚਣਹਾਰ ਆਪ ਹੈ, ਰਚਨਹਾਰ ਬੇਅੰਤ ਹੈ, ਉਸ ਦਾ ਰੂਪ ਪਾਰਾਵਾਰ ਤੋਂ ਪਰੇ ਹੈ, ਅੰਤ ਵਾਲਾ ਜੀਵ ਉਸ ਬੇਅੰਤ ਨੂੰ ਨਹੀਂ ਜਾਣ ਸਕਦਾ (ਸੰ.ਪੋ. ਦਾ ਸਾਰੰਸ਼)।

ਵਡਹੰਸੁ ਮਹਲਾ ੧ ਦਖਣੀ ॥ ਸਚੁ ਸਿਰੰਦਾ ਸਚਾ ਜਾਣੀਐ, ਸਚੜਾ ਪਰਵਦਗਾਰੋ ॥ ਜਿਨਿ ਆਪੀਨੈ ਆਪੁ ਸਾਜਿਆ, ਸਚੜਾ ਅਲਖ ਅਪਾਰੋ ॥ ਦੁਇ ਪੁੜ ਜੋੜਿ ਵਿਛੋੜਿਅਨੁ ,ਗੁਰ ਬਿਨੁ ਘੋਰੁ ਅੰਧਾਰੋ ॥ ਸੂਰਜੁ ਚੰਦੁ ਸਿਰਜਿਅਨੁ ,ਅਹਿਨਿਸਿ ਚਲਤੁ ਵੀਚਾਰੋ ॥੧॥ ਸਚੜਾ ਸਾਹਿਬੁ ਸਚੁ ਤੂ ,ਸਚੜਾ ਦੇਹਿ ਪਿਆਰੋ ॥ਰਹਾਉ॥ ਤੁਧੁ ਸਿਰਜੀ ਮੇਦਨੀ, ਦੁਖੁ ਸੁਖੁ ਦੇਵਣਹਾਰੋ ॥ ਨਾਰੀ ਪੁਰਖੁ ਸਿਰਜਿਐ, ਬਿਖੁ ਮਾਇਆ ਮੋਹੁ ਪਿਆਰੋ ॥ ਖਾਣੀ ਬਾਣੀ ਤੇਰੀਆ, ਦੇਹਿ ਜੀਆ ਆਧਾਰੋ ॥ ਕੁਦਰਤਿ ਤਖਤੁ ਰਚਾਇਆ, ਸਚਿ ਨਿਬੇੜਣਹਾਰੋ ॥੨॥ (ਉਸ) ਸੱਚ ਸਰੂਪ ਸਿਰਜਨਹਾਰ ਨੂੰ ਸਚਾ ਜਾਣਨਾ ਚਾਹੀਦਾ ਹੈ, ਉਹ ਹੀ ਸੱਚਾ (ਸਭ ਜੀਵਾਂ ਦੀ) ਪਾਲਣਾ ਕਰਨ ਵਾਲਾ ਹੈ।ਜਿਸ ਪ੍ਰਭੂ ਨੇ ਅਪਣੇ ਆਪ ਨੂੰ ਆਪ ਹੀ (ਨਿਰਗੁਣ ਤੋਂ ਸਰਗੁਣ ਰੂਪ ਵਿਚ) ਸਾਜਿਆ ਹੈ, ਉਹ ਸੱਚਾ ਪ੍ਰਭੂ ਸਮਝ ਤੋਂ ਪਰੇ ਤੇ ਪਾਰ ਰਹਿਤ ਹੈ।ਉਸ ਪ੍ਰਭੂ ਨੇ ਦੋਵੇਂ ਪੁੜ (ਧਰਤੀ ਤੇ ਅਸਮਾਨ) ਜੋੜ ਕੇ (ਬ੍ਰਹਮੰਡ ਦੀ ਰਚਨਾ ਕਰਕੇ ਫਿਰ ਧਰਤੀ ਤੇ ਅਕਾਸ਼) ਜੁਦੇ ਕਰ ਦਿਤੇ, (ਇਸ ਰਚੇ ਸੰਸਾਰ ਵਿਚ) ਗੁਰੂ ਤੋਂ ਬਿਨਾ ਘੁੱਪ ਹਨ੍ਹੇਰਾ ਰਹਿੰਦਾ ਹੈ (ਪ੍ਰਭੂ ਦੀ ਸਮਝ ਨਹੀਂ ਆਉਂਦੀ)।ਉਸ ਨੇ ਸੂਰਜ ਤੇ ਚੰਦ ਪੈਦਾ ਕੀਤੇ ਅਤੇ ਦਿਨ ਰਾਤ ਉਨ੍ਹਾਂ ਦੀ ਚਾਲ ਨੂੰ ਵਿਚਾਰਦਾ (ਨਿਗਰਾਨੀ ਕਰਦਾ) ਹੈ।੧।ਹੇ ਸੱਚੇ ਸਾਹਿਬ! ਤੂੰ (ਸਦਾ ਲਈ) ਸਚਾ ਹੈਂ ਅਤੇ (ਜੀਵਾਂ ਨੂੰ ਅਪਣਾ) ਸੱਚਾ ਪਿਆਰ ਦੇਂਦਾ ਹੈਂ।ਰਹਾਉ।(ਹੇ ਪ੍ਰਭੂ!) ਤੂੰ ਸ੍ਰਿਸਟੀ ਪੈਦਾ ਕੀਤੀ ਹੈ, (ਤੂੰ ਹੀ ਸ੍ਰਿਸਟੀ ਦੇ ਜੀਵਾਂ ਨੂੰ) ਦੁਖ ਤੇ ਸੁਖ ਦੇਣ ਵਾਲਾ ਹੈਂ।(ਜਗਤ ਵਿਚ) ਇਸਤ੍ਰੀ ਪੁਰਖ ਤੂੰ ਹੀ ਪੈਦਾ ਕੀਤੇ ਹਨ, (ਇਨ੍ਹਾਂ ਦਾ ਆਪਸ ਵਿਚ) ਪਿਆਰ ਤੇ ਬਿਖ ਰੂਪ ਮਾਇਆ ਦਾ ਮੋਹ ਵੀ ਤੈਂ ਹੀ ਪੈਦਾ ਕੀਤੇ ਹਨ।(ਜੀਵਾਂ ਦੀ ਉਤਪਤੀ ਦੀਆਂ ਚਾਰੇ) ਖਾਣੀਆਂ ਤੇ (ਜੀਵਾਂ ਦੀਆਂ ਚਾਰੇ ਕਿਸਮ ਦੀਆਂ) ਬਾਣੀਆਂ ਤੇਰੀਆਂ ਹੀ ਰਚੀਆਂ ਹੋਈਆਂ ਹਨ ਅਤੇ ਜੀਵਾਂ ਨੂੰ ਆਸਰਾ ਵੀ ਤੂੰ ਹੀ ਦੇਂਦਾ ਹੈਂ।ਹਰੀ ਨੇ ਅਪਣੀ ਸ਼ਕਤੀ ਨਾਲ ਜਗਤ ਨੂੰ (ਅਪਣੇ ਬੈਠਣ ਦਾ) ਤਖਤ ਬਣਾਇਆ ਹੈ (ਜਗਤ ਵਿਚ ਨਿਵਾਸ ਕਰਦਾ ਹੈ ਅਤੇ ਉਸ ਉਤੇ ਬੈਠ ਕੇ) ਸੱਚੇ ਨਿਆਂ ਨਾਲ ਫੈਸਲੇ ਕਰਨ ਵਾਲਾ ਹੈ (ਰੱਬ ਅਸਮਾਨ ਵਿਚ ਬੈਠ ਕੇ ਫੈਸਲੇ ਨਹੀਂ ਕਰਦਾ, ਜਗਤ ਵਿਚ ਹੀ ਚੰਗੇ ਮੰਦੇ ਦਾ ਨਿਰਣਾ ਹੁੰਦਾ ਰਹਿੰਦਾ ਹੈ ਅਤੇ ਨਾਲੋ ਨਾਲ ਸਜਾ ਜਾਂ ਬਖਸ਼ਿਸ਼ ਹੁੰਦੀ ਰਹਿੰਦੀ ਹੈ।੨।

ਅਹਿਨਿਸਿ ਚਲਤੁ = ਵਿਚਾਰ ਕਰੋ ਜੋ ਦਿਨ ਰਾਤ ਚਲਦੇ ਰਹਿੰਦੇ ਹਨ (ਸੰ.ਸ.; ਫ.ਸ.)।ਕੋਹ ਕਰੋੜੀ ਚਲਤ ਨ ਅੰਤੁ (੪੬੪)।

ਪਦਾਰਥ = ਸਚੁ-ਸਦਾ ਥਿਰ ਪ੍ਰਭੂ।ਸਿਰੰਦਾ-ਸਿਰਜਨਹਾਰ।ਪਰਵਦਗਾਰੋ-ਪਾਲਣ ਵਾਲਾ।ਜਿਨਿ-ਜਿਸ ਨੇ।ਆਪੀਨੈ-ਆਪ ਹੀ। ਆਪੁ-ਅਪਣੇ ਆਪ ਨੂੰ।ਸਾਜਿਆ-ਪੈਦਾ ਕੀਤਾ।ਅਲਖ-ਮਨੁੱਖੀ ਸਮਝ ਤੋਂ ਪਰੇ।ਅਪਾਰੋ-ਪਾਰ ਰਹਿਤ।ਦੁਇ ਪੁੜ-ਦੋਵੇਂ ਪੁੜ (ਧਰਤੀ ਤੇ ਅਕਾਸ਼)।ਜੋੜਿ-ਜੋੜ (ਰਚ) ਕੇ।ਵਿਛੋੜਿਅਨੁ-ਉਸ ਨੇ ਜੁਦਾ ਕਰ ਦਿਤੇ।ਸਿਰਜਿਅਨੁ-ਉਸ ਨੇ ਪੈਦਾ ਕੀਤੇ।ਅਹਿਨਿਸਿ

-ਦਿਨ ਤੇ ਰਾਤ। ਚਲਤੁ-ਚਾਲ ਨੂੰ; ਚਲਦੇ ਰਹਿੰਦੇ ਹਨ। ਵਿਚਾਰੋ-ਵਿਚਾਰਦਾ (ਨਿਗਰਾਨੀ ਰਖਦਾ) ਹੈ।੧। ਦੇਹਿ-ਦੇਂਦਾ ਹੈਂ। ਰਹਾਉ। ਤੁਧੁ-ਤੂੰ। ਸਿਰਜੀ-ਪੈਦਾ ਕੀਤੀ। ਮੇਦਨੀ-ਧਰਤੀ। ਦੇਵਣਹਾਰੋ-ਦੇਣ ਵਾਲਾ। ਨਾਰੀ-ਇਸਤ੍ਰੀ। ਸਿਰਜਿਐ-ਪੈਦਾ ਕੀਤੇ ਹਨ। ਬਿਖੁ-ਜਹਿਰ। ਖਾਣੀ-ਚਾਰ ਖਾਣੀਆਂ (ਅੰਡਜ ਜੇਰਜ ਸੇਤਜ ਤੇ ਉਤਭੁਜ)। ਬਾਣੀ-ਜੀਵਾਂ ਦੀਆਂ ਬੋਲੀਆਂ। ਜੀਆ-ਜੀਵਾਂ ਨੂੰ। ਆਧਾਰੋ-ਆਸਰਾ। ਕੁਦਰਤਿ-ਸ਼ਕਤੀ ਨਾਲ। ਸਚਿ ਨਿਬੇੜਣਹਾਰੋ-ਸੱਚੇ ਨਿਆਂ ਨਾਲ ਫੈਸਲਾ ਕਰਨ ਵਾਲਾ।੨।

ਆਵਾਗਵਣੁ ਸਿਰਜਿਆ, ਤੂ ਥਿਰੁ ਕਰਣੈਹਾਰੋ ॥ ਜੰਮਣੁ ਮਰਣਾ ਆਇ ਗਇਆ, ਬਧਿਕੁ ਜੀਉ ਬਿਕਾਰੋ ॥ ਭੂਡੜੈ ਨਾਮੁ ਵਿਸਾਰਿਆ, ਬੂਡੜੈ ਕਿਆ ਤਿਸੁ ਚਾਰੋ ॥ ਗੁਣ ਛੋਡਿ ਬਿਖੁ ਲਦਿਆ, ਅਵਗੁਣ ਕਾ ਵਣਜਾਰੋ ॥੩॥ ਸਦੜੇ ਆਏ ਤਿਨਾ ਜਾਨੀਆ, ਹੁਕਮਿ ਸਚੇ ਕਰਤਾਰੋ ॥ ਨਾਰੀ ਪੁਰਖ ਵਿਛੁੰਨਿਆ, ਵਿਛੁੜਿਆ ਮੇਲਣਹਾਰੋ ॥ ਰੂਪੁ ਨ ਜਾਣੈ ਸੋਹਣੀਐ, ਹੁਕਮਿ ਬਧੀ ਸਿਰਿ ਕਾਰੋ ॥ ਬਾਲਕ ਬਿਰਧਿ ਨ ਜਾਣਨੀ, ਤੋੜਨਿ ਹੇਤੁ ਪਿਆਰੋ ॥੪॥ (ਸੰਸਾਰ ਵਿਚ) ਜੰਮਣ ਮਰਨ ਦਾ ਗੇੜ ਤੂੰ ਹੀ ਬਣਾਇਆ ਹੈ ਤੇ (ਜਨਮ ਮਰਨ ਤੋਂ ਮੁਕਤ ਕਰਕੇ ਜੀਵ ਨੂੰ) ਨਿਹਚਲ ਕਰਨ ਵਾਲਾ ਵੀ ਤੂੰ ਹੀ ਹੈਂ; (ਸੰਸਾਰ ਵਿਚ ਜੀਵ ਜੰਮਣ ਮਰਨ ਵਾਲੇ ਹਨ, ਪਰ) ਹੇ ਕਰਤਾਰ! ਤੂੰ ਨਿਹਚਲ ਹੈਂ। (ਜੀਵ) ਬਿਕਾਰਾਂ ਵਿਚ ਕੈਦੀ ਹੋ ਗਿਆ ਹੈ; ਵਿਸ਼ੇ ਵਿਕਾਰਾਂ ਕਰਕੇ ਹਿੰਸਕ ਬਣਿਆ ਹੋਇਆ ਹੈ, (ਜਿਸ ਕਰਕੇ ਇਸ ਦਾ) ਜੰਮਣ ਮਰਨ ਦਾ ਆਉਣਾ ਜਾਣਾ ਬਣਿਆ ਰਹਿੰਦਾ ਹੈ। ਭੈੜੇ (ਮੈਲੀ ਮੱਤ ਵਾਲੇ) ਮਨੁੱਖ ਨੇ ਹਰੀ ਦਾ ਨਾਮ ਭੁਲਾ ਦਿਤਾ ਹੈ, (ਵਿਕਾਰਾਂ ਵਿਚ) ਡੁੱਬੇ ਹੋਏ ਉਸ ਜੀਵ ਦਾ ਕੀ ਚਾਰਾ ਚਲ ਸਕਦਾ ਹੈ? (ਬੇਵਸ ਹੈ। ਇਹ ਹੁਣ) ਔਗੁਣਾਂ ਦਾ ਵਪਾਰੀ ਹੋ ਗਿਆ ਹੈ, (ਇਸ ਨੇ) ਸ਼ੁੱਭ ਗੁਣ ਛਡ ਕੇ (ਵਿਸ਼ਿਆਂ ਦੀ) ਜਹਿਰ ਲੱਦੀ ਹੈ।੩। ਸੱਚੇ ਕਰਤਾਰ ਦੇ ਹੁਕਮ ਨਾਲ ਉਨ੍ਹਾਂ ਪਿਆਰਿਆਂ ਨੂੰ (ਮੌਤ ਦੇ) ਸੱਦੜੇ ਆ ਗਏ ਹਨ। ਇਸਤ੍ਰੀ ਪੁਰਖਾਂ ਦਾ (ਆਪਸ ਵਿਚ) ਵਿਛੋੜਾ ਹੋ ਗਿਆ ਹੈ, ਵਿਛੜਿਆਂ ਨੂੰ (ਫਿਰ ਦੁਬਾਰਾ ਹਰੀ ਹੀ) ਮਿਲਾਉਣ ਵਾਲਾ ਹੈ। ਜਮਦੂਤਾਂ ਦੇ ਸਿਰ ਤੇ ਹੁਕਮ ਦੀ ਕਾਰ ਬੱਧੀ ਹੁੰਦੀ ਹੈ, ਉਹ (ਕਿਸੇ ਦਾ) ਰੂਪ ਨਹੀਂ ਪਛਾਣਦੇ ਕਿ ਸੋਹਣੀ ਹੈ ਜਾਂ ਨਹੀਂ (ਜਮਾਂ ਨੇ ਤਾਂ ਹੁਕਮ ਨਾਲ ਕੰਮ ਕਰਨਾ ਹੈ, ਉਹ ਨਹੀਂ ਦੇਖਦੇ ਕਿ ਫਲਾਣਾ ਬੜਾ ਸੋਹਣਾ ਹੈ, ਇਸ ਨੂੰ ਨਾ ਮਾਰੀਏ। ਜਮਦੂਤ ਇਹ ਵੀ) ਨਹੀਂ ਪਛਾਣਦੇ (ਕਿ ਮਰਨ ਵਾਲਾ ਪ੍ਰਾਣੀ) ਬਾਲਕ ਹੈ ਜਾਂ ਬਿਰਧ ਹੈ, (ਉਹ ਹੁਕਮ ਦੀ ਪਾਲਣਾ ਕਰਦੇ ਹੋਏ ਸਭ ਦਾ) ਮੋਹ ਪਿਆਰ ਤੋੜ ਦੇਂਦੇ ਹਨ (ਕਿਸੇ ਨਾਲ ਲਿਹਾਜ ਨਹੀਂ ਕਰਦੇ)।੪।

ਪਦਾਰਥ = ਆਵਾਗਵਣੁ-ਜਨਮ ਮਰਨ ਦਾ ਗੇੜ। ਥਿਰੁ-ਨਿਹਚਲ; ਟਿਕਾਉ। ਆਇ ਗਇਆ-(ਜਗਤ ਵਿਚ) ਆ ਗਿਆ ਤੇ ਮਰ ਗਿਆ। ਬਧਿਕੁ-ਕੈਦੀ। ਜੀਉ-ਜੀਵ। ਬਿਕਾਰੋ-ਵਿਕਾਰਾਂ ਵਿਚ। ਭੂਡੜੈ-ਭੈੜੇ (ਮਲੀਨ ਮੱਤ ਵਾਲੇ ਮਨੁੱਖ) ਨੇ। ਬੂਡੜੈ-(ਵਿਸ਼ਿਆਂ ਵਿਚ) ਡੁੱਬੇ ਹੋਏ ਦਾ। ਚਾਰੋ-ਵਸ; ਜੋਰ। ਵਣਜਾਰੋ-ਵਪਾਰੀ।੩। ਤਿਨਾ-ਉਨ੍ਹਾਂ। ਜਾਨੀਆ-ਪ੍ਰਾਣ ਧਾਰੀ ਨੂੰ; ਜੀਵਾਤਮਾ ਨੂੰ। ਵਿਛੁੰਨਿਆ-ਵਿਛੋੜਾ। ਸੋਹਣੀਐ-ਸੋਹਣੀ। ਸਿਰਿ-ਸਿਰ ਉਤੇ। ਕਾਰੋ-ਕੰਮ। ਬਾਲਕ-ਬੱਚਾ। ਬਿਰਧਿ-ਬੁੱਢਾ। ਨ ਜਾਣਨੀ-ਨਹੀਂ ਜਾਣਦੇ (ਪ੍ਰਵਾਹ ਨਹੀਂ ਕਰਦੇ)।੪।

ਨਉ ਦਰ ਠਾਕੇ ਹੁਕਮਿ ਸਚੈ, ਹੰਸੁ ਗਇਆ ਗੈਣਾਰੇ ॥ ਸਾਧਨ ਛੁਟੀ ਮੁਠੀ ਝੂਠਿ ਵਿਧਣੀਆ, ਮਿਰਤਕੜਾ ਅੰਙਨੜੇ ਬਾਰੇ ॥ ਸੁਰਤਿ ਮੁਈ ਮਰੁ ਮਾਈਏ, ਮਹਲ ਰੁੰਨੀ ਦਰਬਾਰੇ ॥ ਰੋਵਹੁ ਕੰਤ ਮਹੇਲੀਹੋ, ਸਚੇ ਕੇ ਗੁਣ ਸਾਰੇ ॥੫॥ ਜਲਿ ਮਲਿ ਜਾਨੀ ਨਾਵਾਲਿਆ, ਕਪੜਿ ਪਟਿ ਅੰਬਾਰੇ ॥ ਵਾਜੇ ਵਜੇ ਸਚੀ ਬਾਣੀਆ, ਪੰਚ ਮੁਏ ਮਨੁ ਮਾਰੇ ॥ ਜਾਨੀ ਵਿਛੁੰਨੜੇ ਮੇਰਾ ਮਰਣੁ ਭਇਆ, ਧ੍ਰਿਗੁ ਜੀਵਣੁ ਸੰਸਾਰੇ ॥ ਜੀਵਤੁ ਮਰੈ ਸੁ ਜਾਣੀਐ, ਪਿਰ ਸਚੜੈ ਹੇਤਿ ਪਿਆਰੇ ॥੬॥ (ਹੇ ਭਾਈ! ਜਦ ਬੰਦਾ ਮਰ ਗਿਆ ਤਾਂ) ਸੱਚੇ ਪ੍ਰਭੂ ਦੇ ਹੁਕਮ ਨਾਲ ਸਰੀਰ ਦੇ ਨੌਂ ਦਰਵਾਜੇ ਬੰਦ ਹੋ ਗਏ ਅਤੇ ਜੀਵਾਤਮਾ ਅਕਾਸ਼ (ਪ੍ਰਲੋਕ) ਨੂੰ ਉਡ ਗਿਆ। (ਜਿਸ ਦਾ ਪਤੀ ਮਰ ਗਿਆ) ਉਹ ਇਸਤ੍ਰੀ ਪਤੀ ਤੋਂ ਛੁਟ (ਵੱਖ ਹੋ) ਗਈ, ਝੂਠ ਨਾਲ ਠੱਗੀ ਵਿਧਵਾ ਹੋਈ ਕੀਰਨੇ ਪਾਉਂਦੀ ਹੈ (ਕਿ ਮੇਰੇ ਪਤੀ ਦੀ) ਮੁਰਦਾ ਦੇਹ ਵੇਹੜੇ ਦੇ ਦਰਵਾਜੇ ਵਿਚ ਪਈ ਹੋਈ ਹੈ। (ਅਤੇ ਕਹਿੰਦੀ ਹੈ ਕਿ) ਹੇ ਮਾਂ! ਇਸ ਮੌਤ ਨੂੰ ਦੇਖ ਕੇ ਮੇਰੀ ਸੁਰਤ ਮਰ ਗਈ ਹੈ (ਹੋਸ਼ ਟਿਕਾਣੇ ਨਹੀਂ ਰਹੀ, ਇਉਂ) ਦਰਵਾਜੇ ਅੰਦਰ ਬੈਠੀ ਇਸਤ੍ਰੀ ਰੋਂਦੀ ਹੈ। (ਗੁਰੂ ਜੀ ਆਖਦੇ ਹਨ ਕਿ) ਹੇ ਕੰਤ ਦੀਓ ਇਸਤ੍ਰੀਓ! (ਪ੍ਰਭੂ ਦੇ ਸਤ ਸੰਗੀਓ! ਸੰਸਾਰ ਵਿਚ ਸਦਾ ਕਿਸੇ ਨੇ ਨਹੀ ਟਿਕੇ ਰਹਿਣਾ, ਜੀਵਨ ਸਫਲ ਕਰਨ ਵਾਸਤੇ) ਤੁਸੀਂ ਸੱਚੇ ਪ੍ਰਭੂ ਦੇ ਗੁਣ ਯਾਦ ਕਰ ਕੇ (ਵੈਰਾਗ ਵਿਚ) ਰੋਵੋ।੫। ਪਿਆਰੇ (ਮੁਰਦਾ ਦੇਹ) ਨੂੰ ਜਲ ਨਾਲ ਮਲ ਮਲ ਕੇ (ਸਬੰਧੀਆਂ ਨੇ) ਨਵ੍ਹਾਇਆ, (ਫਿਰ ਉਸਨੂੰ) ਰੇਸ਼ਮ ਦੇ ਸੁੰਦਰ ਬਸਤ੍ਰਾਂ ਵਿਚ ਲਪੇਟਿਆ। (ਮੜ੍ਹੀਆਂ ਨੂੰ ਜਾਣ ਸਮੇਂ) ਵਾਜੇ ਵਜਾਏ ਗਏ, ਸੱਚੀ ਬਾਣੀ (ਰਾਮ ਨਾਮ ਸੱਤ ਹੈ) ਗਾਈ ਗਈ, ਨੇੜੇ ਦੇ ਸਬੰਧੀ ਮਨ ਮਾਰ ਕੇ (ਗਮ ਵਿਚ) ਮਰਿਆਂ ਵਰਗੇ ਹੋ ਗਏ। (ਉਸ ਵੇਲੇ ਇਸਤ੍ਰੀ ਕਹਿੰਦੀ ਹੈ ਕਿ) ਪਿਆਰੇ

ਦੇ ਵਿਛੜਨ ਨਾਲ ਮੇਰਾ ਜੀਵਨ ਮਰਨ ਬਰਾਬਰ ਹੋ ਗਿਆ ਹੈ, (ਉਸ ਤੋਂ ਬਿਨਾ) ਸੰਸਾਰ ਵਿਚ ਮੇਰਾ ਜੀਵਨ ਧ੍ਰਿਗ ਹੈ।(ਪਰ) ਸੱਚਾ ਮਰਨਾ ਉਹ ਜਾਣਿਆ ਜਾਂਦਾ ਹੈ, (ਜੇ ਕੋਈ ਮਨੁੱਖ) ਪਿਆਰੇ ਸੱਚੇ ਪਤੀ ਪ੍ਰਭੂ ਦੇ ਪ੍ਰੇਮ ਵਿਚ ਜੀਵਤ ਭਾਵ ਤੋਂ ਮਰਦਾ ਹੈ।੬।

ਪਦਾਰਥ = ਨੌ ਦਰ-ਸਰੀਰ ਦੇ ਨੌਂ ਦਰਵਾਜੇ (ਦੋ ਕੰਨ, ਦੋ ਅੱਖਾਂ, ਦੋ ਨਾਸਾਂ, ਮੂੰਹ, ਗੁਦਾ ਤੇ ਲਿੰਗ)।ਠਾਕੇ-ਬੰਦ ਹੋ ਗਏ।ਸਚੈ-ਸੱਚੇ ਪ੍ਰਭੂ ਦੇ।ਹੰਸੁ-ਜੀਵਾਤਮਾ।ਗੈਣਾਰੇ-ਅਕਾਸ਼ (ਪ੍ਰਲੋਕ) ਨੂੰ।ਸਾਧਨ-ਇਸਤ੍ਰੀ।ਛੁਟੀ-ਛੁਟ (ਵੱਖ ਹੋ) ਗਈ।ਮੁਠੀ-ਠੱਗੀ ਹੋਈ। ਝੂਠਿ-ਝੂਠ ਨਾਲ।ਵਿਧਣੀਆ-ਵਿਧਵਾ; ਨਿਖਸਮੀ।ਮਿਰਤਕੜਾ-ਮੁਰਦਾ ਦੇਹ।ਅੰਙਨੜੇ ਬਾਰੇ-ਵੇਹੜੇ ਦੇ ਦਰਵਾਜੇ ਵਿਚ।ਸੁਰਤਿ-ਹੋਸ਼।ਮੁਈ-ਮਰ ਗਈ।ਮਰੁ-ਮੌਤ।ਮਾਈਏ-ਹੇ ਮਾਂ।ਮਹਲ-ਇਸਤ੍ਰੀ।ਰੁੰਨੀ-ਰੋਂਦੀ ਹੈ।ਦਰਬਾਰੇ-ਦਰਵਾਜੇ ਅੰਦਰ।ਕੰਤ-ਪਤੀ ਦੀ।ਮਹੇਲੀਹੋ-ਹੇ ਇਸਤ੍ਰੀਓ!।ਸਾਰੇ-ਯਾਦ ਕਰਕੇ; ਸੰਭਾਲ ਕੇ।੫।ਜਲਿ ਮਲਿ-ਪਾਣੀ ਨਾਲ ਮਲ ਮਲ ਕੇ।ਨਾਵਾਲਿਆ-ਨਹਾਇਆ ਗਿਆ।ਕਾਪੜਿ ਪਟਿ-ਰੇਸ਼ਮੀ ਕਪੜਿਆਂ ਵਿਚ।ਸਚੀ ਬਾਣੀਆ-ਰਾਮ ਨਾਮ ਸੱਤ ਹੈ ਦੀ ਸੱਚੀ ਬਾਣੀ।ਪੰਚ-(ਮਾਂ ਪਿਉ ਭਰਾ ਇਸਤ੍ਰੀ ਤੇ ਪੁਤ੍ਰ ਆਦਿ) ਸਬੰਧੀ।ਮੁਏ-(ਦੁਖ ਵਿਚ) ਮਰਿਆਂ ਵਰਗੇ ਹੋ ਗਏ।ਮਨੁ ਮਾਰੇ-ਮਨ ਮਾਰ ਕੇ।ਜਾਨੀ-ਪਿਆਰੇ ਦੇ।ਵਿਛੁੰਨੜੇ-ਵਿਛੜਨ ਨਾਲ।ਭਇਆ-ਹੋ ਗਿਆ।ਸੁ-ਉਹ।ਪਿਰ ਸਚੜੈ-ਸੱਚੇ ਪਤੀ ਦੇ।ਹੇਤਿ-ਪ੍ਰੇਮ ਵਿਚ।੬।

ਤੁਸੀ ਰੋਵਹੁ ਰੋਵਣ ਆਈਹੋ, ਝੂਠਿ ਮੁਠੀ ਸੰਸਾਰੇ ॥ (ਮਨੁੱਖ ਦੇ ਮਰਨ ਤੋਂ ਬਾਦ ਮਕਾਣਾਂ ਆਉਂਦੀਆਂ ਹਨ, ਔਰਤਾਂ ਪਿਟ ਪਿਟ ਕੇ ਰੋਂਦੀਆਂ ਹਨ, ਇਕ ਗਿਆਨਵਾਨ ਇਸਤ੍ਰੀ ਉਨ੍ਹਾਂ ਨੂੰ ਸਿਖਿਆ ਦੇਂਦੀ ਹੋਈ ਆਖਦੀ ਹੈ ਕਿ) ਰੋਣ ਵਾਸਤੇ ਆਈਆਂ ਹੇ ਇਸਤ੍ਰੀਓ! ਤੁਸੀਂ ਬੇਸ਼ਕ ਰੋਵੋ, ਕਿਉਂਕਿ ਸੰਸਾਰ ਦੇ ਝੂਠ ਵਿਚ (ਤੁਸੀਂ) ਠੱਗੀਆਂ ਹੋਈਆਂ ਹੋ (ਇਸੇ ਕਰਕੇ ਤੁਸੀਂ ਰੋਂਦੀਆਂ ਹੋ)।

ਅੰਗ ੫੮੧ = ਹਉ ਮੁਠੜੀ ਧੰਧੈ ਧਾਵਣੀਆ, ਪਿਰਿ ਛੋਡਿਅੜੀ ਵਿਧਣਕਾਰੇ ॥ ਘਰਿ ਘਰਿ ਕੰਤੁ ਮਹੇਲੀਆ, ਰੂੜੈ ਹੇਤਿ ਪਿਆਰੇ ॥ ਮੈ ਪਿਰੁ ਸਚੁ ਸਾਲਾਹਣਾ, ਹਉ ਰਹਸਿਅੜੀ ਨਾਮਿ ਭਤਾਰੇ ॥੭॥ ਗੁਰਿ ਮਿਲਿਐ ਵੇਸੁ ਪਲਟਿਆ, ਸਾਧਨ ਸਚੁ ਸੀਗਾਰੋ ॥ ਆਵਹੁ ਮਿਲਹੁ ਸਹੇਲੀਹੋ, ਸਿਮਰਹੁ ਸਿਰਜਣਹਾਰੋ ॥ ਬਈਅਰਿ ਨਾਮਿ ਸੋੁਹਾਗਣੀ, ਸਚੁ ਸਵਾਰਣਹਾਰੋ ॥ ਗਾਵਹੁ ਗੀਤੁ ਨ ਬਿਰਹੜਾ, ਨਾਨਕ ਬ੍ਰਹਮ ਬੀਚਾਰੋ ॥੮॥੩॥ ਮੈਂ ਵੀ (ਝੂਠ ਦੀ) ਠੱਗੀ ਹੋਈ ਜਗਤ ਦੇ ਧੰਧਿਆਂ ਵਿਚ ਭਟਕ ਰਹੀ ਹਾਂ, ਨਿਖਸਮੀਆਂ ਵਾਲੇ ਕੰਮ ਕਰਨ ਕਰਕੇ ਪਤੀ ਨੇ ਮੈਨੂੰ ਛਡ ਦਿਤਾ ਹੈ।(ਹੇ ਭੁੱਲੀ ਹੋਈ ਸਹੇਲੀਓ! ਪ੍ਰਭੂ) ਪਤੀ ਤਾਂ ਘਰ ਘਰ (ਹਰੇਕ ਦੇ ਹਿਰਦੇ) ਅੰਦਰ ਹੈ, ਜੀਵ ਰੂਪ ਇਸਤ੍ਰੀਆਂ (ਸਭ ਉਸੇ ਦੀਆਂ) ਹਨ, ਜੋ ਉਸ ਪਿਆਰੇ ਨਾਲ ਹਿਤ ਕਰਦੀਆਂ ਹਨ, ਉਹ ਸੁੰਦਰ ਸਰੂਪ ਵਾਲੀਆਂ ਹਨ।ਮੈਂ ਵੀ ਸੱਚੇ ਪਤੀ ਦੀ ਸਿਫਤ ਸਲਾਹ ਕੀਤੀ (ਤਾਂ ਮੈਂ) ਸੱਚੇ ਪਤੀ ਦੇ ਨਾਮ ਸਿਮਰਨ ਦੁਆਰਾ ਅਨੰਦ ਵਿਚ ਪ੍ਰਸੰਨ ਹਾਂ।੭।(ਇਹ ਜੁਗਤ ਕਿਵੇਂ ਮਿਲੀ? ਉਤਰ) ਗੁਰੂ ਨੂੰ ਮਿਲਣ ਕਰਕੇ ਮੇਰਾ ਮਨ ਬਦਲ ਗਿਆ (ਮਨ ਦਾ ਸੁਭਾਉ ਚੰਗਾ ਬਣ ਗਿਆ।ਇਹੋ ਹੀ) ਇਸਤ੍ਰੀ ਦਾ ਸੱਚਾ ਸ਼ਿੰਗਾਰ ਹੈ।(ਇਸ ਕਰਕੇ) ਹੇ ਸਹੇਲੀਓ (ਸਤ ਸੰਗੀਓ)! ਆਓ, ਮਿਲੋ ਅਤੇ ਸਿਰਜਨਹਾਰ ਪ੍ਰਭੂ ਨੂੰ ਸਿਮਰੋ।(ਜੀਵ ਰੂਪ) ਇਸਤ੍ਰੀ ਨਾਮ ਵਿਚ ਜੁੜ ਕੇ ਸੁਹਾਗਣ ਹੁੰਦੀ ਹੈ, (ਉਸ ਦੇ ਮਨ ਨੂੰ) ਸੱਚਾ ਪ੍ਰਭੂ ਸਵਾਰਨ ਵਾਲਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਸਹੇਲੀਓ! ਹਰੀ ਨਾਲੋਂ) ਵਿਛੋੜਾ ਹੋਣ ਵਾਲਾ ਗੀਤ (ਵੈਣ) ਨ ਗਾਓ, ਹਰੀ ਦਾ ਵੀਚਾਰ ਕਰੋ (ਸ਼ਬਦਾਰਥ; ਸੰ.ਪੋ.; ਡਾ.ਤਾਰਨ ਸਿੰਘ) ਸਿਫਤ ਸਲਾਹ ਦਾ ਗੀਤ ਗਾਓ ਅਤੇ ਹਰੀ ਦਾ ਵਿਚਾਰ ਕਰੋ, (ਫਿਰ ਤੁਹਾਡਾ ਹਰੀ ਨਾਲੋਂ) ਵਿਛੋੜਾ ਨਹੀਂ ਹੋਵੇਗਾ (ਦੁਨੀਆਂ ਦਾ ਵਿਛੋੜਾ ਤਾਂ ਅਟੱਲ ਨਿਯਮ ਹੈ, ਇਸ ਨੂੰ ਕੋਈ ਮੇਟ ਨਹੀਂ ਸਕਦਾ)।੮।੩।

ਪਦਾਰਥ = ਝੂਠਿ ਮੁਠੀ-ਝੂਠ ਵਿਚ ਠੱਗੀਆਂ ਹੋਈਆਂ ਹੋ।ਹਉ-ਮੈਂ।ਧੰਧੈ-ਧੰਧਿਆਂ ਵਿਚ।ਧਾਵਣੀਆ-ਦੌੜੀ ਫਿਰਦੀ ਹਾਂ।ਪਿਰਿ-ਪਤੀ ਨੇ।ਛੋਡਿਅੜੀ-ਛੱਡ ਦਿਤੀ ਹੈ।ਵਿਧਣਕਾਰੇ-ਨਿਖਸਮੀਆਂ ਵਾਲੇ ਕੰਮ।ਘਰਿ ਘਰਿ-ਹਰੇਕ ਦੇ ਹਿਰਦੇ ਘਰ ਵਿਚ।ਕੰਤੁ-ਪਤੀ। ਮਹੇਲੀਆ-ਜੀਵ ਇਸਤ੍ਰੀਆਂ।ਰੂੜੈ-ਸੁੰਦਰ।ਰਹਸਿਅੜੀ-ਅਨੰਦ ਵਿਚ ਪ੍ਰਸੰਨ ਹਾਂ।ਨਾਮਿ-ਨਾਮ ਦੁਆਰਾ।ਭਤਾਰੇ-ਪਤੀ ਦੇ।੭। ਗੁਰ ਮਿਲਿਐ-ਗੁਰੂ ਦੇ ਮਿਲਣ ਕਰਕੇ।ਵੇਸੁ-ਮਨ ਦਾ ਸੁਭਾਵ।ਪਲਟਿਆ-ਬਦਲ ਗਿਆ।ਸਾਧਨ-ਇਸਤ੍ਰੀ।ਸਿਰਜਣਹਾਰੋ-ਸਿਰਜਨਾ ਕਰਨ ਵਾਲੇ ਨੂੰ।ਬਈਅਰਿ (ਬਾਂਗਰ ਦੀ ਬੋਲੀ)-ਇਸਤ੍ਰੀ।ਸਵਾਰਣਹਾਰੋ-ਸਵਾਰਨ ਵਾਲਾ।ਬਿਰਹੜਾ-ਵਿਛੋੜਾ।੮।੩।

ਵਡਹੰਸੁ ਮਹਲਾ ੧ ॥ ਜਿਨਿ ਜਗੁ ਸਿਰਜਿ ਸਮਾਇਆ, ਸੋ ਸਾਹਿਬੁ ਕੁਦਰਤਿ ਜਾਣੋਵਾ ॥ ਸਚੜਾ ਦੂਰਿ ਨ ਭਾਲੀਐ, ਘਟਿ ਘਟਿ ਸਬਦੁ ਪਛਾਣੋਵਾ ॥ ਸਚੁ ਸਬਦੁ ਪਛਾਣਹੁ ਦੂਰਿ ਨ ਜਾਣਹੋ ,ਜਿਨਿ ਏਹ ਰਚਨਾ ਰਾਚੀ ॥ ਨਾਮੁ ਧਿਆਏ ਤਾ ਸੁਖੁ ਪਾਏ, ਬਿਨੁ ਨਾਵੈ ਪਿੜ ਕਾਚੀ ॥ ਜਿਨਿ ਥਾਪੀ ਬਿਧਿ ਜਾਣੈ ਸੋਈ, ਕਿਆ ਕੋ ਕਹੈ ਵਖਾਣੋ ॥ ਜਿਨਿ ਜਗੁ ਥਾਪਿ ਵਤਾਇਆ ਜਾਲੋ ,ਸੋ ਸਾਹਿਬੁ ਪਰਵਾਣੋ ॥੧॥ ਬਾਬਾ ਆਇਆ ਹੈ ਉਠਿ ਚਲਣਾ, ਅਧ ਪੰਧੈ ਹੈ ਸੰਸਾਰੋਵਾ ॥ ਸਿਰਿ ਸਿਰਿ ਸਚੜੈ ਲਿਖਿਆ, ਦੁਖੁ ਸੁਖੁ ਪੁਰਬਿ ਵੀਚਾਰੋਵਾ

॥ ਦੁਖੁ ਸੁਖੁ ਦੀਆ ਜੇਹਾ ਕੀਆ, ਸੋ ਨਿਬਹੈ ਜੀਅ ਨਾਲੇ ॥ ਜੇਹੇ ਕਰਮ ਕਰਾਏ ਕਰਤਾ, ਦੂਜੀ ਕਾਰ ਨ ਭਾਲੇ ॥ ਆਪਿ ਨਿਰਾਲਮੁ ਧੰਧੈ ਬਾਧੀ, ਕਰਿ ਹੁਕਮੁ ਛਡਾਵਣਹਾਰੋ ॥ ਅਜੁ ਕਲਿ ਕਰਦਿਆ ਕਾਲੁ ਬਿਆਪੈ, ਦੂਜੈ ਭਾਇ ਵਿਕਾਰੋ ॥੨॥ (ਹੇ ਭਾਈ!) ਜਿਸ ਹਰੀ ਨੇ ਜਗਤ ਨੂੰ ਪੈਦਾ ਕਰਕੇ ਉਸ ਵਿਚ ਆਪ ਸਮਾ ਰਿਹਾ ਹੈ; ਪੈਦਾ ਕਰਕੇ ਆਪ ਹੀ ਇਸ ਨੂੰ ਖਤਮ ਕਰਦਾ ਹੈ, ਉਸ ਮਾਲਕ ਨੂੰ (ਉਸ ਦੀ ਰਚੀ) ਕੁਦਰਤ ਦੁਆਰਾ ਜਾਣੋ {ਕੁਦਰਤਿ ਕਰਕੈ ਵਸਿਆ ਸੋਇ ੮੩}। ਸੱਚੇ ਪ੍ਰਭੂ ਨੂੰ (ਕਿਤੇ) ਦੂਰ ਨਾ ਖੋਜੀਏ, ਹਰੀ ਨੂੰ ਹਰੇਕ ਜੀਵ ਦੇ ਹਿਰਦੇ ਵਿਚ ਪਛਾਣੋ। ਜਿਸ ਨੇ ਇਹ ਜਗਤ ਰਚਨਾ ਰਚੀ ਹੈ, ਉਸ ਸੱਚੇ ਹਰੀ ਨੂੰ ਪਛਾਣੋ ਅਤੇ (ਉਸ ਨੂੰ ਅਪਣੇ ਤੋਂ) ਦੂਰ ਨਾ ਜਾਣੋ। (ਜਦ ਮਨੁੱਖ ਹਰੀ ਦਾ) ਨਾਮ ਸਿਮਰਦਾ ਹੈ, ਤਾਂ ਸੁਖ ਪਾਉਂਦਾ ਹੈ, ਨਾਮ ਸਿਮਰਨ ਤੋਂ ਬਿਨਾ (ਮਨੁੱਖੀ ਜੀਵਨ ਦੀ) ਬਾਜੀ ਕੱਚੀ ਰਹਿੰਦੀ (ਹਾਰੀ ਜਾਂਦੀ) ਹੈ। ਜਿਸ ਨੇ ਇਹ ਦੁਨੀਆਂ ਅਸਥਾਪਨ ਕੀਤੀ (ਰਚੀ) ਹੈ, ਉਹ ਹੀ ਇਸ ਦੀ ਅਵਸਥਾ ਨੂੰ ਜਾਣਦਾ ਹੈ, (ਉਸ ਤੋਂ ਬਿਨਾ ਇਸ ਬਾਰੇ) ਹੋਰ ਕੋਈ ਮਨੁੱਖ ਕੀ ਕਹਿ ਸਕਦਾ ਹੈ ਜਾਂ ਕੀ ਵਖਿਆਨ ਕਰ ਸਕਦਾ ਹੈ। ਜਿਸ ਨੇ ਜਗਤ ਨੂੰ ਰਚ ਕੇ ਉਪਰ ਮੋਹ ਰੂਪ ਜਾਲ ਵਿਛਾਇਆ ਹੈ, ਉਸੇ ਨੂੰ (ਜਗਤ ਦਾ) ਮਾਲਕ ਕਰਕੇ ਪ੍ਰਵਾਨ ਕਰੋ। ੧। ਹੇ ਭਾਈ! (ਜੋ ਵੀ ਜੀਵ ਇਸ ਸੰਸਾਰ ਵਿਚ ਜਨਮ ਲੈ ਕੇ) ਆਇਆ ਹੈ, (ਉਸ ਨੇ ਇਥੋਂ ਅਵੱਸ਼) ਉਠ ਕੇ ਚਲੇ ਜਾਣਾ ਹੈ, ਇਹ ਸੰਸਾਰ ਅਧ ਵਿਚਾਲੇ (ਅਧ ਵਾਟੇ ਹੈ, ਪੂਰੀ ਮੰਜਲ ਨਹੀਂ, ਅੱਗੇ ਜਾਣਾ ਹੈ, ਚਾਹੇ ਖੋਟੇ ਕੰਮ ਕਰਕੇ ਜੰਮਦਾ ਮਰਦਾ ਰਹੇ, ਚਾਹੇ ਨਾਮ ਜਪ ਕੇ ਮੁਕਤ ਹੋ ਜਾਵੇ)। ਸੱਚੇ ਹਰੀ ਨੇ ਹਰੇਕ ਜੀਵ ਦੇ ਸਿਰ ਉਤੇ (ਉਸ ਦੇ) ਪਹਿਲੇ ਜਨਮਾਂ ਦੇ ਕੀਤੇ ਕਰਮਾਂ ਦੀ ਵਿਚਾਰ ਅਨੁਸਾਰ ਦੁਖ ਤੇ ਸੁਖ ਲਿਖਿਆ ਹੈ। ਜਿਹੋ ਜਿਹਾ ਕਰਮ ਕੀਤਾ ਸੀ, (ਉਸ ਅਨੁਸਾਰ ਹਰੀ ਨੇ ਜੀਵ ਨੂੰ) ਦੁਖ ਤੇ ਸੁਖ ਦਿਤਾ ਹੈ, ਉਹ (ਕੀਤੇ ਕਰਮ) ਜੀਵ ਦੇ ਨਾਲ ਨਿਭਦੇ ਹਨ (ਕਰਮਾਂ ਦਾ ਲੇਖਾ ਜਰੂਰ ਦੇਣਾ ਪੈਂਦਾ ਹੈ)। ਕਰਤਾਰ ਜਿਹੋ ਜਿਹੇ ਕਰਮ (ਜੀਵ ਤੋਂ) ਕਰਾਵੇ, (ਇਹ ਉਹੋ ਕੰਮ) ਕਰੇ, ਹੋਰ ਦੂਜਾ ਕੰਮ (ਇਹ ਜੀਵ) ਨਾ ਲੱਭੇ (ਕਰਤਾਰ ਦੇ ਹੁਕਮ ਵਿਚ ਰਹੇ। ਕੁਦਰਤ ਵਿਚ ਵਸਦਾ ਹੋਇਆ ਵੀ) ਹਰੀ ਆਪ ਨਿਰਲੇਪ ਰਹਿੰਦਾ ਹੈ, (ਉਸ ਨੇ ਦੁਨੀਆਂ ਨੂੰ) ਧੰਧਿਆਂ ਵਿਚ ਬੰਨ੍ਹ ਰੱਖਿਆ ਹੈ ਅਤੇ ਆਪ ਹੀ ਹੁਕਮ ਕਰਕੇ (ਜੀਵਾਂ ਨੂੰ ਧੰਧਿਆਂ ਤੋਂ) ਛਡਾਉਣ ਵਾਲਾ ਹੈ। (ਜੀਵ) ਦੂਜੇ ਭਾਵ ਵਿਚ ਲਗ ਕੇ ਵਿਕਾਰ ਕਰਦਾ ਹੈ, (ਅਤੇ ਕਹਿੰਦਾ ਹੈ ਕਿ ਕਲ੍ਹ ਨੂੰ ਨਾਮ ਜਪਾਂਗਾ, ਇਸ ਤਰ੍ਹਾਂ) ਅੱਜ ਕਲ੍ਹ ਕਰਦਿਆਂ ਕਾਲ ਆ ਵਿਆਪਦਾ ਹੈ (ਨਾਮ ਜਪਣ ਦਾ ਸਮਾਂ ਹੀ ਨਹੀਂ ਮਿਲਦਾ)। ੨।

ਪਦਾਰਥ = ਜਿਨਿ–ਜਿਸ ਨੇ। ਸਿਰਜਿ–ਪੈਦਾ ਕਰਕੇ। ਸਮਾਇਆ–ਸਮਾ ਰਿਹਾ ਹੈ; ਖਤਮ ਕਰਦਾ ਹੈ। ਸੋ–ਉਹ (ਉਸ)। ਕੁਦਰਤਿ–ਕੁਦਰਤ ਦੁਆਰਾ; ਕੁਦਰਤ ਵਿਚ ਵਸਦਾ। ਜਾਣੋਵਾ–ਜਾਣੋ। ਨ ਭਾਲੀਐ–ਨਾ ਲੱਭੀਏ; ਨਾ ਦੇਖੀਏ। ਘਟਿ ਘਟਿ–ਹਰੇਕ ਜੀਵ ਦੇ ਹਿਰਦੇ ਵਿਚ। ਸਬਦੁ–ਹਰੀ ਨੂੰ। ਰਾਚੀ–ਰਚੀ ਹੈ। ਪਿੜ–ਬਾਜੀ; ਖੇਡ। ਕਾਚੀ–ਕੱਚੀ (ਹਾਰੀ ਜਾਂਦੀ ਹੈ)। ਥਾਪੀ–ਰਚੀ ਹੈ। ਬਿਧਿ–ਅਵਸਥਾ; (ਜਗਤ ਨੂੰ ਚਲਾਉਣ ਦਾ) ਤਰੀਕਾ। ਸੋਈ–ਉਹ ਹੀ। ਕੋ–ਕੋਈ। ਵਤਾਇਆ–ਵਿਛਾਇਆ। ਜਾਲੋ–(ਮੋਹ ਦਾ) ਜਾਲ। ੧। ਬਾਬਾ–ਹੇ ਭਾਈ!। ਅਧ ਪੰਧੈ–ਅਧ ਵਾਟੇ (ਅਧ ਵਿਚਾਲੇ; ਜਨਮ ਮਰਨ ਵਿਚ)। ਸੰਸਾਰੋਵਾ–ਸੰਸਾਰ। ਸਿਰਿ ਸਿਰਿ–ਹਰੇਕ ਜੀਵ ਦੇ ਸਿਰ ਉਤੇ। ਸਚੜੈ–ਸੱਚੇ ਹਰੀ ਨੇ। ਪੁਰਬਿ ਵੀਚਾਰੋਵਾ–ਪਿਹਲੇ ਜਨਮਾਂ ਦੇ ਕੀਤੇ ਕਰਮਾਂ ਦੀ ਵਿਚਾਰ ਅਨੁਸਾਰ। ਜੇਹਾ ਕੀਆ–ਜਿਹੋ ਜਿਹਾ ਕਰਮ ਕੀਤਾ। ਸੋ–ਉਹ। ਜੀਅ ਨਾਲੇ–ਜੀਵ ਦੇ ਨਾਲ। ਕਰਤਾ–ਕਰਤਾਰ। ਕਾਰ–ਕੰਮ। ਨ ਭਾਲੇ–ਨਾ ਲੱਭੇ। ਨਿਰਾਲਮੁ–ਨਿਰਲੇਪ। ਧੰਧੈ–ਧੰਧਿਆਂ ਵਿਚ। ਬਾਧੀ–ਬੰਨ੍ਹ ਰਖੀ ਹੈ। ਕਾਲੁ–ਮੌਤ। ਬਿਆਪੈ–ਆ ਦਬਾਉਂਦੀ ਹੈ। ਦੂਜੈ ਭਾਇ–ਦ੍ਵੈਤ ਭਾਵ ਵਿਚ। ੨।

ਜਮ ਮਾਰਗ ਪੰਥੁ ਨ ਸੁਝਈ, ਉਝੜੁ ਅੰਧ ਗੁਬਾਰੋਵਾ ॥ ਨਾ ਜਲੁ ਲੇਫ ਤੁਲਾਈਆ, ਨਾ ਭੋਜਨ ਪਰਕਾਰੋਵਾ ॥ ਭੋਜਨ ਭਾਉ ਨ ਠੰਢਾ ਪਾਣੀ, ਨਾ ਕਾਪੜੁ ਸੀਗਾਰੋ ॥ ਗਲਿ ਸੰਗਲੁ ਸਿਰਿ ਮਾਰੇ ਊਭੌ ,ਨਾ ਦੀਸੈ ਘਰ ਬਾਰੋ ॥ ਇਬ ਕੇ ਰਾਹੇ ਜੰਮਨਿ ਨਾਹੀ, ਪਛੁਤਾਣੇ ਸਿਰਿ ਭਾਰੋ ॥ ਬਿਨੁ ਸਾਚੇ ਕੋ ਬੇਲੀ ਨਾਹੀ, ਸਾਚਾ ਏਹੁ ਬੀਚਾਰੋ ॥੩॥ ਬਾਬਾ ਰੋਵਹਿ ਰਵਹਿ ਸੁ ਜਾਣੀਅਹਿ, ਮਿਲਿ ਰੋਵੈ ਗੁਣ ਸਾਰੇਵਾ ॥ ਰੋਵੈ ਮਾਇਆ ਮੁਠੜੀ, ਧੰਧੜਾ ਰੋਵਣਹਾਰੇਵਾ ॥ ਧੰਧਾ ਰੋਵੈ ਮੈਲੁ ਨ ਧੋਵੈ, ਸੁਪਨੰਤਰੁ ਸੰਸਾਰੋ ॥ ਜਿਉ ਬਾਜੀਗਰੁ ਭਰਮੈ ਭੂਲੈ, ਝੂਠਿ ਮੁਠੀ ਅਹੰਕਾਰੋ ॥ ਆਪੇ ਮਾਰਗਿ ਪਾਵਣਹਾਰਾ, ਆਪੇ ਕਰਮ ਕਮਾਏ ॥ ਨਾਮਿ ਰਤੇ ਗੁਰਿ ਪੂਰੈ ਰਾਖੇ, ਨਾਨਕ ਸਹਜਿ ਸੁਭਾਏ ॥੪॥੪॥ (ਹੇ ਭਾਈ!) ਜਮ ਦਾ ਜੋ ਰਸਤਾ ਹੈ (ਮਰੇ ਪ੍ਰਾਣੀ ਨੂੰ ਉਹ) ਰਸਤਾ ਨਹੀਂ ਦਿਸਦਾ, ਉਥੇ ਔਝੜ ਹੈ ਤੇ ਘੁੱਪ ਹਨ੍ਹੇਰਾ ਹੈ। ਨਾ (ਉਥੇ ਪੀਣ ਲਈ) ਪਾਣੀ ਮਿਲਦਾ ਹੈ ਤੇ (ਸਰਦੀ ਤੋਂ ਬਚਣ ਲਈ) ਲੇਫ ਤੇ (ਵਿਛਾਉਣ ਲਈ) ਤੁਲਾਈਆਂ ਵੀ ਨਹੀਂ ਮਿਲਦੀਆਂ ਹਨ ਅਤੇ ਨਾ ਹੀ ਅਨੇਕਾਂ ਪ੍ਰਕਾਰ ਦਾ ਭੋਜਨ ਮਿਲਦਾ ਹੈ। (ਉਸ ਰਸਤੇ ਉਤੇ ਕੋਈ) ਪ੍ਰੇਮ ਨਹੀਂ ਕਰਦਾ, ਨਾ ਭੋਜਨ, ਨਾ ਠੰਢਾ ਪਾਣੀ ਤੇ ਨਾ ਕਪੜਾ ਤੇ ਨਾ ਹੀ ਸ਼ਿੰਗਾਰ ਕਰਨਾ ਮਿਲਦਾ ਹੈ। (ਉਥੇ) ਗਲਿ ਵਿਚ ਸੰਗਲ ਪਿਆ ਹੁੰਦਾ ਹੈ ਅਤੇ

ਸਿਰ ਤੇ ਖੜਾ ਜਮ ਮਾਰਦਾ ਹੈ, (ਉਥੇ ਲੁਕਣ ਲਈ ਕੋਈ) ਘਰ ਬਾਰ ਵੀ ਨਹੀਂ ਦਿਸਦਾ। (ਜਮ ਦੇ ਡਰ ਦਾ) ਭਾਰ ਸਿਰ ਉਤੇ ਦੇਖ ਕੇ ਜੀਵ ਪਛਤਾਉਂਦਾ ਹੈ, (ਤੇ ਬਚਣ ਦਾ ਕੋਈ ਜਤਨ ਕਰਨ ਨੂੰ ਸੋਚਦਾ ਹੈ, ਪਰ ਜਮ ਕਹਿੰਦਾ ਹੈ ਕਿ ਹੁਣ ਪਛਤਾਏ ਦਾ ਕੋਈ ਲਾਭ ਨਹੀਂ, ਹੁਣ ਕਿਸੇ ਕਰਮਾਂ ਦੇ) ਬੀਜ ਬੀਜੇ ਹੋਏ ਜੰਮ ਨਹੀਂ ਸਕਦੇ। (ਗੁਰੂ ਜੀ ਸਿੱਖਿਆ ਦੇਂਦੇ ਹਨ ਕਿ) ਸੱਚਾ ਵਿਚਾਰ ਇਹ ਹੈ ਕਿ ਉਥੇ ਸੱਚੇ ਨਾਮ ਤੋਂ ਬਿਨਾ ਕੋਈ ਸਹਾਈ ਨਹੀਂ ਹੁੰਦਾ।੩। ਹੇ ਭਾਈ! ਉਹ ਪੁਰਖ ਸੱਚੇ ਰੋਂਦੇ ਜਾਣੇ ਜਾਂਦੇ ਹਨ, ਜੋ ਨਾਮ ਜਪਦੇ ਹਨ ਤੇ (ਸੰਤਾਂ ਨਾਲ) ਮਿਲ ਕੇ ਪ੍ਰਭੂ ਦੇ ਗੁਣ ਚੇਤੇ ਕਰ ਕਰ (ਬੈਰਾਗ ਵਿਚ) ਰੋਂਦੇ ਹਨ। ਜਿਹੜੀ ਇਸਤ੍ਰੀ ਮਾਇਆ ਦੀ ਮੋਹੀ ਹੋਈ ਰੋਂਦੀ ਹੈ, ਉਹ ਰੋਵਣਹਾਰੀ ਦਾ ਰੋਣਾ ਕੇਵਲ ਧੰਧਾ ਹੈ; ਰੋਣ ਵਾਲੀ ਇਸਤ੍ਰੀ ਜਗਤ ਦੇ ਧੰਧਿਆਂ ਨੂੰ ਰੋਂਦੀ ਹੈ। ਜੋ ਇਸਤ੍ਰੀ ਧੰਧਿਆਂ ਨੂੰ ਰੋਂਦੀ ਹੈ, ਉਹ ਮਨ ਦੀ ਮੈਲ ਨਹੀਂ ਧੋਂਦੀ, ਉਹ ਸੰਸਾਰ ਰੂਪ ਸੁਪਨੇ ਅੰਦਰ ਫਸੀ ਰਹਿੰਦੀ ਹੈ। ਜਿਵੇਂ ਬਾਜੀਗਰ (ਤਮਾਸ਼ਾ ਦਿਖਾਉਂਦਾ ਹੈ, ਦੇਖਣ ਵਾਲਾ ਜੀਵ ਉਸ ਦੇ) ਭਰਮ ਜਾਲ ਵਿਚ ਪੈ ਕੇ ਭੁੱਲ ਜਾਂਦਾ ਹੈ, ਤਿਵੇਂ ਦੁਨੀਆਂ ਝੂਠ ਤੇ ਹੰਕਾਰ ਵਿਚ ਠੱਗੀ ਗਈ ਹੈ। (ਪਰ ਵਿਚਾਰੇ ਜੀਵ ਦੇ ਵਸ ਵਿਚ ਕੀ ਹੈ? ਪ੍ਰਭੂ) ਆਪੇ ਜੀਵਾਂ ਨੂੰ ਸਿੱਧੇ ਰਸਤੇ ਪਾਉਣ ਵਾਲਾ ਹੈ ਤੇ ਆਪੇ ਜੀਵ ਵਿਚ ਵਸਦਾ ਹੋਇਆ ਕਰਮ ਕਮਾਉਂਦਾ ਹੈ। ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਜੋ ਮਨੁੱਖ ਨਾਮ ਵਿਚ ਰੰਗੇ ਹੋਏ ਹਨ, ਉਹ ਸਹਿਜ ਸੁਭਾਵਕ ਹੀ ਪੂਰੇ ਗੁਰੂ ਨੇ (ਰੋਣ ਤੇ ਜਮ ਦੀ ਮਾਰ ਤੋਂ) ਬਚਾ ਲਏ ਹਨ।੪।੪।

ਪਦਾਰਥ = ਜਮ ਮਾਰਗ–ਜਮ ਦਾ ਰਸਤਾ। ਪੰਥੁ–ਰਸਤਾ। ਉਝੜੁ–ਸੰਘਣਾ ਜੰਗਲ, ਜਿਸ ਵਿਚ ਰਸਤਾ ਨਾ ਲੱਭੇ। ਅੰਧ ਗੁਬਾਰੋਵਾ–ਘੁੱਪ ਹਨ੍ਹੇਰਾ। ਲੇਫੁ–ਰਜਾਈ। ਤੁਲਾਈਆ–ਗਦੈਲੇ। ਪਰਕਾਰੋਵਾ–ਤਰ੍ਹਾਂ ਤਰ੍ਹਾਂ ਦਾ। ਭਾਉ–ਪ੍ਰੇਮ; ਆਦਰ। ਗਲਿ–ਗਲ ਵਿਚ। ਸਿਰਿ–ਸਿਰ ਉਤੇ। ਊਭੌ–ਖੜਾ ਹੋਇਆ। ਘਰ ਬਾਰੋ–ਘਰ ਤੇ ਹੋਰ ਸਾਜੋ ਸਮਾਨ। ਇਬ ਕੇ–ਹੁਣ ਦੇ। ਰਾਹੇ–ਬੀਜੇ ਹੋਏ। ਜੰਮਨਿ ਨਾਹੀ–ਉਗ ਨਹੀਂ ਸਕਦੇ। ਭਾਰੋ–(ਜਮ ਦੇ ਡਰ ਦਾ) ਭਾਰ; ਪਾਪਾਂ ਦੀ ਪੰਡ। ਬੇਲੀ–ਸਹਾਈ; ਮਿਤ੍ਰ।੩। ਬਾਬਾ–ਹੇ ਭਾਈ!। ਰੋਵਹਿ–ਰੋਂਦੇ ਹਨ। ਰਵਹਿ–(ਨਾਮ) ਜਪਦੇ ਹਨ। ਸੁ–ਉਹ। ਸਾਰੇਵਾ–ਸੰਭਾਲਦੇ ਹਨ; ਚੇਤੇ ਕਰ ਕੇ। ਮੁਠੜੀ–ਠੱਗੀ ਹੋਈ। ਰੋਵਣਹਾਰੇਵਾ–ਰੋਣ ਵਾਲੀ (ਇਸਤ੍ਰੀ)। ਸੁਪਨੰਤਰੁ–ਸੁਪਨੇ ਅੰਦਰ। ਭਰਮੈ ਭੂਲੈ–ਭਰਮ ਵਿਚ ਪੈ ਕੇ ਭੁੱਲ ਜਾਂਦਾ ਹੈ। ਮਾਰਗਿ–(ਸਿੱਧੇ) ਰਸਤੇ ਤੇ। ਨਾਮਿ ਰਤੇ–ਨਾਮ ਵਿਚ ਰੰਗੇ ਹੋਏ। ਗੁਰਿ ਪੂਰੈ–ਪੂਰੇ ਗੁਰੂ ਨੇ। ਸਹਜਿ ਸੁਭਾਏ–ਸਹਿਜ ਸੁਭਾਵਕ (ਸੁਤੇ ਸਿੱਧ)।੪।੪।

ਵਡਹੰਸੁ ਮਹਲਾ ੧ ॥ ਬਾਬਾ ਆਇਆ ਹੈ ਉਠਿ ਚਲਣਾ, ਇਹੁ ਜਗੁ ਝੂਠੁ ਪਸਾਰੋਵਾ ॥ ਸਚਾ ਘਰੁ ਸਚੜੈ ਸੇਵੀਐ, ਸਚੁ ਖਰਾ ਸਚਿਆਰੋਵਾ ॥ ਕੂੜਿ ਲਬਿ ਜਾਂ ਥਾਇ ਨ ਪਾਸੀ, ਅਗੈ ਲਹੈ ਨ ਠਾਓ ॥ ਅੰਤਰਿ ਆਉ ਨ ਬੈਸਹੁ ਕਹੀਐ, ਜਿਉ ਸੁੰਞੈ ਘਰਿ ਕਾਓ ॥ ਜੰਮਣੁ ਮਰਣੁ ਵਡਾ ਵੇਛੋੜਾ, ਬਿਨਸੈ ਜਗੁ ਸਬਾਏ ॥ ਲਬਿ ਧੰਧੈ ਮਾਇਆ ਜਗਤੁ ਭੁਲਾਇਆ, ਕਾਲੁ ਖੜਾ ਰੂਆਏ ॥੧॥ ਹੇ ਭਾਈ! (ਜਗਤ ਵਿਚ ਜੋ ਵੀ ਜੀਵ ਜਨਮ ਲੈ ਕੇ) ਆਇਆ ਹੈ, (ਉਸ ਨੇ ਇਥੋਂ) ਉਠ ਚਲਣਾ ਹੈ, ਇਹ ਜਗਤ ਝੂਠਾ ਪਸਾਰਾ ਹੈ। (ਝੂਠੇ ਜਗਤ ਪਸਾਰੇ ਦੇ ਮੁਕਾਬਲੇ ਤੇ ਜੇ) ਸੱਚੇ ਪ੍ਰਭੂ ਨੂੰ ਸੇਵੀਏ ਤਾਂ ਸੱਚਾ ਘਰ (ਟਿਕਾਣਾ) ਮਿਲ ਜਾਂਦਾ ਹੈ, ਖਰਾ ਸੱਚ, ਸਚਿਆਰ ਹੋਣ ਤੋਂ ਮਿਲਦਾ ਹੈ। ਝੂਠ ਜਾਂ ਲੋਭ ਨਾਲ (ਮਨੁੱਖ ਉਥੇ) ਪ੍ਰਵਾਨ ਨਹੀਂ ਹੋਵੇਗਾ ਅਤੇ ਅੱਗੇ ਪ੍ਰਲੋਕ ਵਿਚ ਥਾਂ ਨਹੀਂ ਮਿਲੇਗੀ। (ਉਸ ਨੂੰ) ਅੰਦਰ ਆਓ ਜੀ, ਬੈਠੋ ਜੀ ਨਹੀਂ ਕਿਹਾ ਜਾਵੇਗਾ (ਪ੍ਰਲੋਕ ਵਿਚ ਆਦਰ ਨਹੀਂ ਮਿਲੇਗਾ, ਉਥੇ ਇਸ ਦਾ ਇਹ ਹਾਲ ਹੁੰਦਾ ਹੈ) ਜਿਵੇਂ ਉਜੜੇ ਘਰ ਵਿਚ ਕਾਂ ਆਉਂਦਾ ਹੈ (ਤੇ ਬੈਠ ਕੇ ਖਾਲੀ ਚਲਾ ਜਾਂਦਾ ਹੈ)। ਜੰਮਣਾ ਤੇ ਮਰਨਾ ਇਹ ਵੱਡਾ ਵਿਛੋੜਾ ਹੈ (ਰੱਬ ਤੋਂ ਵਿਛੜਿਆ ਹੋਣ ਕਰਕੇ ਜੀਵ ਜੰਮਦਾ ਤੇ ਮਰਦਾ ਰਹਿੰਦਾ ਹੈ, ਜਿਸ ਦਾ ਜੀਵ ਨੂੰ ਵੱਡਾ ਦੁਖ ਹੈ, ਇਸੇ ਵਿਛੋੜੇ ਕਰਕੇ) ਸਾਰਾ ਜਗਤ ਨਾਸ਼ ਹੋ ਰਿਹਾ ਹੈ। ਮਾਇਆ ਦੇ ਲੋਭ ਨੇ ਜਗਤ ਨੂੰ ਧੰਧਿਆਂ ਵਿਚ ਭੁਲਾਇਆ ਹੋਇਆ ਹੈ, (ਜਿਸ ਕਰਕੇ ਇਸ ਦੇ ਸਿਰ ਤੇ) ਖੜਾ ਕਾਲ (ਇਸ ਨੂੰ) ਰੁਆ ਰਿਹਾ (ਦੁਖੀ ਕਰਦਾ) ਹੈ; ਸਿਰ ਤੇ ਖੜਾ ਕਾਲ ਅਵਾਜਾਂ ਮਾਰ ਰਿਹਾ ਹੈ।੧।

ਅੰਗ ੫੮੨ = ਬਾਬਾ ਆਵਹੁ ਭਾਈਹੋ ਗਲਿ ਮਿਲਹ, ਮਿਲਿ ਮਿਲਿ ਦੇਹ ਆਸੀਸਾ ਹੇ ॥ ਬਾਬਾ ਸਚੜਾ ਮੇਲੁ ਨ ਚੁਕਈ, ਪ੍ਰੀਤਮ ਕੀਆ ਦੇਹ ਆਸੀਸਾ ਹੇ ॥ ਆਸੀਸਾ ਦੇਵਹੋ ਭਗਤਿ ਕਰੇਵਹੋ, ਮਿਲਿਆ ਕਾ ਕਿਆ ਮੇਲੋ ॥ ਇਕਿ ਭੂਲੇ ਨਾਵਹੁ ਥੇਹਹੁ ਥਾਵਹੁ ,ਗੁਰ ਸਬਦੀ ਸਚੁ ਖੇਲੋ ॥ ਜਮ ਮਾਰਗਿ ਨਹੀ ਜਾਣਾ ਸਬਦਿ ਸਮਾਣਾ, ਜੁਗਿ ਜੁਗਿ ਸਾਚੈ ਵੇਸੇ ॥ ਸਾਜਨ ਸੈਣ ਮੇਲਹੁ ਸੰਜੋਗੀ, ਗੁਰ ਮਿਲਿ ਖੋਲੇ ਫਾਸੇ ॥੨॥ ਹੇ ਭਾਈ! ਹੇ ਭਰਾਵੋ! ਆਓ ਗਲ ਨਾਲ ਲਗ ਕੇ ਮਿਲੀਏ ਅਤੇ ਮਿਲ ਮਿਲ ਕੇ (ਇਕ ਦੂਜੇ ਨੂੰ ਹਰੀ ਦੇ ਮਿਲਾਪ ਦੀਆਂ) ਅਸੀਸਾਂ ਦੇਈਏ। ਹੇ ਭਾਈ! ਸੱਚੇ ਪ੍ਰਭੂ ਨਾਲ ਹੋਇਆ ਮੇਲ ਕਦੇ ਮੁੱਕਦਾ ਨਹੀਂ, (ਇਸ ਲਈ) ਪ੍ਰੀਤਮ ਦੀਆਂ ਅਸੀਸਾਂ ਦੇਵੋ। ਅਸੀਸਾਂ ਦੇਵੋ ਤੇ ਭਗਤੀ ਕਰਦੇ ਰਹੋ (ਤਾਂ ਜੋ ਮੇਲ ਹੋ ਜਾਵੇ, ਤੁਹਾਡੇ ਵਰਗੇ) ਮਿਲਿਆਂ ਦਾ ਹੋਰ ਕੀ ਮੇਲੋਗੇ (ਤੁਸੀਂ

ਤਾਂ ਅੱਗੇ ਹੀ ਮਿਲੇ ਹੋਏ ਹੋ। ਸਾਡੇ ਵਰਗੇ) ਕਈ ਅਜੇਹੇ ਹਨ, ਜੋ ਨਾਮ ਤੋਂ ਤੇ ਸਤਸੰਗਤ ਰੂਪ ਥਾਂ ਟਿਕਾਣੇ ਤੋਂ ਭੁੱਲੇ ਹੋਏ ਹਨ (ਉਨ੍ਹਾਂ ਨੂੰ ਅਸੀਸ ਦਿਓ ਤੇ ਕਹੋ ਕਿ) ਗੁਰੂ ਦੇ ਉਪਦੇਸ਼ ਦੁਆਰਾ ਸੱਚੀ ਖੇਡ ਖੇਡੋ। (ਉਨ੍ਹਾਂ ਨੂੰ ਕਹੋ ਕਿ ਤੁਸੀਂ) ਜਮ ਦੇ ਰਸਤੇ ਨਹੀਂ ਤੁਰਨਾ ,(ਪ੍ਰਭੂ ਦੇ) ਸਬਦਿ ਵਿਚ ਲੀਨ ਰਹਿਣਾ ਹੈ, ਹਰੇਕ ਜੁਗ ਵਿਚ (ਹਰ ਸਮੇਂ ਜਿਸ ਪ੍ਰਭੂ ਦਾ) ਸੱਚਾ ਵੇਸ ਹੈ (ਜੋ ਸਦਾ ਸੱਚ ਸਰੂਪ ਹੈ। ਤੁਸੀਂ ਉਨ੍ਹਾਂ) ਸੱਜਣ ਸਾਥੀਆਂ ਨੂੰ ਭਾਗਾਂ ਨਾਲ ਮਿਲੋਗੇ, (ਜਿਨ੍ਹਾਂ ਨੇ) ਗੁਰੂ ਨੂੰ ਮਿਲ ਕੇ ਮਾਇਆ ਦੇ ਫਾਹੇ ਖੋਲ੍ਹੇ ਹਨ।੨।

ਪਦਾਰਥ = ਬਾਬਾ–ਹੇ ਭਾਈ!। ਝੂਠੁ–ਨਾਸ਼ਵੰਤ। ਪਸਾਰੋਵਾ–ਪਸਾਰਾ। ਸਚੜੈ–ਸੱਚੇ ਪ੍ਰਭੂ ਨੂੰ। ਸੇਵੀਏ–ਜੇ ਸਿਮਰੀਏ। ਖਰਾ–ਨਿਰੋਲ; ਸ਼ੁੱਧ। ਸਚਿਆਰੋਵਾ–ਸਚਿਆਰ। ਲਬੁ–ਲੋਭ। ਥਾਇ ਨ ਪਾਸੀ–ਪ੍ਰਵਾਨ ਨਹੀਂ ਹੋਵੇਗਾ; ਥਾਂ ਨਹੀਂ ਪਾਏਗਾ। ਅਗੈ–ਪ੍ਰਲੋਕ ਵਿਚ। ਲਹੈ ਨ–ਨਹੀਂ ਮਿਲੇਗੀ। ਠਾਓ–ਥਾਂ। ਬੈਸਹੁ–ਬੈਠਣ ਨੂੰ। ਸੁੰਞੈ–ਖਾਲੀ; ਬੇ ਅਬਾਦ। ਕਾਓ–ਕਾਂ। ਬਿਨਸੈ–ਨਾਸ਼ ਹੋ ਜਾਂਦਾ ਹੈ। ਸਬਾਏ–ਸਾਰਾ। ਲਬਿ–ਲੋਭ ਨੇ। ਰੂਆਏ–ਰੁਆਉਂਦਾ ਹੇ; ਅਵਾਜਾਂ ਮਾਰਦਾ ਹੈ।੧। ਭਾਈਹੋ–ਹੇ ਭਰਾਵੋ!। ਗਲਿ ਮਿਲਹ–ਗਲ ਨਾਲ ਲਗ ਕੇ (ਇਕ ਦੂਜੇ ਨੂੰ) ਮਿਲੀਏ। ਦੇਹ–ਦੇਈਏ। ਅਸੀਸਾ–ਅਸ਼ੀਰਵਾਦ। ਕਰੇਵਹੁ–ਕਰਦੇ ਰਹੋ। ਇਕਿ–ਅਨੇਕਾਂ ਜੀਵ। ਨਾਵਹੁ–ਨਾਮ ਤੋਂ। ਥੇਹਹੁ–ਥਾਂ। ਥਾਵਹੁ–ਤੋਂ; ਥਾਂ। ਸਮਾਣਾ–ਲੀਨ ਰਹਿਣਾ ਹੈ। ਜੁਗਿ ਜੁਗਿ–ਹਰੇਕ ਜੁਗ ਵਿਚ (ਹਰ ਸਮੇਂ)। ਸਾਚੈ ਵੇਸੋ–ਸੱਚਾ ਵੇਸ (ਸਰੂਪ)। ਸਾਜਨ–ਮਿਤ੍ਰ। ਸੈਣ–ਸਾਥੀ। ਸੰਜੋਗੀ–ਭਾਗਾਂ ਨਾਲ; (ਹਰੀ ਨਾਲ) ਜੁੜੇ ਹੋਏ। ਫਾਸੇ–(ਮਾਇਆ ਦੇ) ਫਾਹੇ।੨।

ਬਾਬਾ ਨਾਂਗੜਾ ਆਇਆ ਜਗ ਮਹਿ, ਦੁਖੁ ਸੁਖੁ ਲੇਖੁ ਲਿਖਾਇਆ ॥ ਲਿਖਿਅੜਾ ਸਾਹਾ ਨ ਟਲੈ, ਜੇਹੜਾ ਪੁਰਬਿ ਕਮਾਇਆ ॥ ਬਹਿ ਸਾਚੈ ਲਿਖਿਆ ਅੰਮ੍ਰਿਤੁ ਬਿਖਿਆ, ਜਿਤੁ ਲਾਇਆ ਤਿਤੁ ਲਾਗਾ ॥ ਕਾਮਣਿਆਰੀ ਕਾਮਣ ਪਾਏ, ਬਹੁ ਰੰਗੀ ਗਲਿ ਤਾਗਾ ॥ ਹੋਛੀ ਮਤਿ ਭਇਆ ਮਨੁ ਹੋਛਾ, ਗੁੜੁ ਸਾ ਮਖੀ ਖਾਇਆ ॥ ਨਾਮਰਜਾਦੁ ਆਇਆ ਕਲਿ ਭੀਤਰਿ, ਨਾਂਗੋ ਬੰਧਿ ਚਲਾਇਆ ॥੩॥ ਬਾਬਾ ਰੋਵਹੁ ਜੇ ਕਿਸੈ ਰੋਵਣਾ, ਜਾਨੀਅੜਾ ਬੰਧਿ ਪਠਾਇਆ ਹੈ ॥ ਲਿਖਿਅੜਾ ਲੇਖੁ ਨ ਮੇਟੀਐ, ਦਰਿ ਹਾਕਾਰੜਾ ਆਇਆ ਹੈ ॥ ਹਾਕਾਰਾ ਆਇਆ ਜਾ ਤਿਸੁ ਭਾਇਆ, ਰੁੰਨੇ ਰੋਵਣਹਾਰੇ ॥ ਪੁਤ ਭਾਈ ਭਾਤੀਜੇ ਰੋਵਹਿ, ਪ੍ਰੀਤਮ ਅਤਿ ਪਿਆਰੇ ॥ ਭੈ ਰੋਵੈ ਗੁਣ ਸਾਰਿ ਸਮਾਲੇ, ਕੋ ਮਰੈ ਨ ਮੁਇਆ ਨਾਲੇ ॥ ਨਾਨਕ ਜੁਗਿ ਜੁਗਿ ਜਾਣ ਸਿਜਾਣਾ, ਰੋਵਹਿ ਸਚੁ ਸਮਾਲੇ ॥੪॥੫॥ ਹੇ ਭਾਈ! ਜੀਵ ਜਗਤ ਵਿਚ ਨੰਗਾ ਆਇਆ ਹੈ ਅਤੇ (ਅਪਣੇ ਮੱਥੇ ਤੇ) ਦੁਖ ਤੇ ਸੁਖ ਰੂਪ ਲਿਖਾਇਆ ਲੇਖ (ਨਾਲ ਲੈ ਕੇ ਆਉਂਦਾ) ਹੈ। ਪਹਿਲੇ ਜਨਮਾਂ ਵਿਚ (ਜੀਵ ਨੇ) ਜਿਹੜਾ ਕਰਮ ਕਮਾਇਆ ਸੀ, (ਉਹ) ਲਿਖਿਆ ਹੋਇਆ ਮੌਤ ਦਾ ਸਮਾਂ ਟਲ ਨਹੀਂ ਸਕਦਾ। ਸੱਚੇ ਹਰੀ ਨੇ (ਅਪਣੇ ਦਰਬਾਰ ਵਿਚ) ਬੈਠ ਕੇ (ਜੀਵ ਦੇ ਭਾਗਾਂ ਵਿਚ) ਅੰਮ੍ਰਿਤ ਤੇ ਜਹਿਰ (ਦੁਖ ਤੇ ਸੁਖ ਜਾਂ ਨਾਮ ਤੇ ਮਾਇਆ, ਜੋ) ਲਿਖਿਆ ਸੀ, ਉਸ ਅਨੁਸਾਰ (ਜੀਵ) ਜਿਧਰ ਲਾਇਆ ਗਿਆ, ਉਧਰ ਹੀ ਲਗਦਾ ਹੈ। ਜਾਦੂਗਰਨੀ (ਮਾਇਆ) ਨੇ ਜੀਵ ਉਤੇ ਜਾਦੂ ਟੂਣੇ ਕਰਕੇ ਪਾਏ ਹੋਏ ਹਨ ਅਤੇ ਇਸ ਦੇ ਗਲ ਵਿਚ ਬਹੁਤ ਰੰਗਾਂ ਦਾ (ਟੂਣੇ ਵਾਲਾ) ਧਾਗਾ ਪਾਇਆ ਹੋਇਆ ਹੈ (ਜੀਵ ਨੂੰ ਮਾਇਆ ਨੇ ਕਈ ਤਰ੍ਹਾਂ ਦੇ ਮੋਹ ਵਿਚ ਬੰਨ੍ਹਿਆ ਹੋਇਆ ਹੈ। ਜਾਦੂਗਰ ਲੋਕ ਟੂਣਾ ਕਰਕੇ ਰੰਗ ਬਰੰਗਾ ਧਾਗਾ ਬੰਨ੍ਹਿਆ ਕਰਦੇ ਹਨ)। ਹੌਲੀ ਅਕਲ ਹੋਣ ਕਰਕੇ (ਜੀਵ ਦਾ) ਮਨ ਵੀ ਹੌਲਾ ਹੋ ਗਿਆ ਹੈ, ਜਿਵੇਂ ਮੱਖੀ ਗੁੜ ਖਾਂਦੀ ਹੈ (ਤੇ ਗੁੜ ਵਿਚ ਫਸ ਕੇ ਮਰ ਜਾਂਦੀ ਹੈ, ਉਸੇ ਤਰ੍ਹਾਂ ਮਾਇਆ ਦੇ ਮੋਹ ਵਿਚ ਫਸ ਕੇ ਜੀਵ ਮਰ ਜਾਂਦਾ ਹੈ)। ਕਲਜੁਗ (ਸੰਸਾਰ) ਅੰਦਰ ਜੀਵ ਬੇ ਮਰਿਆਦਾ (ਨੰਗਾ) ਆਇਆ ਹੈ (ਨੰਗੇ ਰਹਿਣਾ ਲੋਕਾਂ ਦੀ ਰੀਤ ਨਹੀਂ, ਇਸ ਲਈ ਨੰਗੇ ਹੋਣਾ ਮਰਿਆਦਾ ਤੋਂ ਉਲਟ ਹੈ) ਅਤੇ ਅੰਤ ਨੂੰ ਨੰਗਾਂ ਹੀ ਬੰਨ੍ਹ ਕੇ ਤੋਰ ਦਿਤਾ ਗਿਆ।੩। ਹੇ ਭਾਈ! (ਇਹ ਸਭ ਕੁਛ ਬਿਚਾਰ ਕੇ ਅਜੇ ਵੀ ਮਰੇ ਪ੍ਰਾਣੀ ਲਈ) ਜੇ ਕਿਸੇ ਨੇ ਰੋਣਾ ਹੈ, ਤਾਂ ਬੇਸ਼ੱਕ ਰੋ ਲਵੋ, (ਪਰ ਤੁਹਾਡਾ) ਪਿਆਰਾ ਸਬੰਧੀ ਬੰਨ੍ਹ ਕੇ (ਜਮ ਨੇ ਪ੍ਰਲੋਕ ਨੂੰ) ਭੇਜ ਦਿਤਾ ਹੈ। ਇਹ ਸੱਦਾ ਰੱਬ ਦੇ ਦਰ ਤੋਂ ਆਇਆ ਹੈ, (ਮੌਤ ਦਾ) ਲਿਖਿਆ ਲੇਖ ਮੇਟਿਆ ਨਹੀਂ ਜਾ ਸਕਦਾ। (ਤਦੋਂ ਹੀ ਇਹ) ਸੱਦਾ ਆਇਆ ਹੈ, ਜਦ ਉਸ ਪ੍ਰਭੂ ਦਾ ਹੁਕਮ ਹੋਇਆ, (ਫਿਰ ਮਰੇ ਹੋਏ ਪ੍ਰਾਣੀ ਦੇ ਵਿਛੋੜੇ ਵਿਚ) ਰੋਣ ਵਾਲੇ ਸਬੰਧੀ ਰੋਣ ਲਗ ਪਏ। ਪੁਤ੍ਰ ,ਭਾਈ, ਭਤੀਜੇ ਅਤੇ ਬਹੁਤ ਪਿਆਰੇ ਮਿਤ੍ਰ ਵੀ ਰੋਂਦੇ ਹਨ। ਕੋਈ ਵੀ ਜੀਵ ਮਰੇ ਪ੍ਰਾਣੀ ਨਾਲ ਨਹੀਂ ਮਰਦਾ (ਰੋ ਕੇ ਸਭ ਚੁਪ ਕਰ ਜਾਂਦੇ ਹਨ, ਪਰ ਰੋਣਾ ਉਸ ਪ੍ਰਾਣੀ ਦਾ ਠੀਕ ਹੈ, ਜਿਹੜਾ ਪ੍ਰਭੂ ਦੇ) ਭੈ ਵਿਚ ਉਸ ਨੂੰ ਯਾਦ ਕਰਕੇ ਤੇ ਉਸ ਦੇ ਗੁਣਾਂ ਨੂੰ ਸੰਭਾਲ ਕੇ ਰੋਂਦਾ ਹੈ। (ਜਿਹੜੇ ਲੋਕ) ਸੱਚੇ ਨਾਮ ਨੂੰ ਸੰਭਾਲਕੇ (ਯਾਦ ਕਰਕੇ) ਰੋਂਦੇ ਹਨ, ਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਉਹ ਪੁਰਖ ਜੁਗਾਂ ਜੁਗਾਂ ਵਿਚ ਸਿਆਣੇ ਜਾਣੇ ਜਾਂਦੇ ਹਨ।੪।੫।

ਪਦਾਰਥ = ਨਾਂਗੜਾ–ਨੰਗਾ। ਸਾਹਾ–ਉਹ ਸਮਾਂ ਜੋ ਮੌਤ ਲਈ ਨਿਯਤ ਕੀਤਾ ਹੋਇਆ ਹੈ (ਜਿਵੇਂ ਹਿੰਦੂ ਮੱਤ ਅਨੁਸਾਰ ਵਿਆਹ ਦਾ ਨੀਯਤ ਕੀਤਾ ਸਮਾਂ ਬਦਲਿਆ ਨਹੀਂ ਜਾ ਸਕਦਾ)। ਪੁਰਬਿ–ਪਹਿਲੇ ਜਨਮਾਂ ਵਿਚ। ਬਹਿ–ਬੈਠ (ਸੋਚ ਵਿਚਾਰ) ਕੇ। ਸਾਚੈ–ਸੱਚੇ ਪ੍ਰਭੂ

ਨੇ। ਅੰਮਿਤੁ–ਸੁਖ ਜਾਂ ਨਾਮ ਰੂਪ ਅੰਮ੍ਰਿਤ। ਬਿਖਿਆ–ਜਹਿਰ ਰੂਪ ਦੁਖ ਜਾਂ ਮਾਇਆ। ਜਿਤੁ–ਜਿਧਰ। ਤਿਤੁ–ਉਧਰ। ਕਾਮਣਿਆਰੀ–ਜਾਦੂ ਟੂਣੇ ਕਰਨ ਵਾਲੀ (ਮਾਇਆ)। ਕਾਮਣ–ਕਿਸੇ ਨੂੰ ਵਸ ਕਰਨ ਵਾਲਾ ਮੰਤ੍ਰ ਜੰਤ੍ਰ। ਬਹੁ ਰੰਗੀ–ਬਹੁਤੇ ਰੰਗਾਂ ਦਾ। ਗਲਿ–ਗਲ ਵਿਚ। ਤਾਗਾ–ਧਾਗਾ। ਹੋਛੀ–ਹੌਲੀ; ਤੁੱਛ; ਘਟੀਆ। ਮਤਿ–ਅਕਲ। ਭਇਆ–ਹੋ ਗਿਆ। ਸਾ–ਜਿਵੇਂ। ਨਾਮਰਜਾਦ–ਮਰਿਆਦਾ ਦੇ ਉਲਟ (ਨੰਗਾ, ਜੀਵ ਦੇ ਜਨਮ ਸਮੇਂ ਉਸ ਦੀ ਕੋਈ ਮਰਿਆਦਾ ਨਹੀਂ ਹੁੰਦੀ, ਧਰਮ ਦੇ ਚਿੰਨ੍ਹ ਵੀ ਬਾਦ ਵਿਚ ਧਾਰੀਦੇ ਹਨ)। ਕਲਿ ਭੀਤਰਿ–ਸੰਸਾਰ ਅੰਦਰ। ਬੰਧਿ–ਬੰਨ੍ਹ ਕੇ। ਚਲਾਇਆ–ਤੋਰ ਦਿਤਾ। ੩। ਜਾਨੀਅੜਾ–ਪਿਆਰਾ ਸਬੰਧੀ। ਬੰਧਿ–ਬੰਨ੍ਹ ਕੇ। ਪਠਾਇਆ–ਭੇਜ (ਤੋਰ) ਦਿਤਾ ਹੈ। ਦਰਿ–ਰੱਬ ਦੇ ਦਰ ਤੋਂ। ਹਾਕਾਰੜਾ–ਸੱਦਾ। ਜਾ–ਜਦ। ਭਾਇਆ–ਹੁਕਮ ਹੋਇਆ। ਰੁੰਨੇ–ਰੋਏ। ਰੋਵਣਹਾਰੇ–ਰੋਣ ਵਾਲੇ। ਪ੍ਰੀਤਮ–ਮਿਤ੍ਰ। ਅਤਿ–ਬਹੁਤ। ਸਾਰਿ–ਯਾਦ ਕਰਕੇ। ਸਮਾਲੇ–ਸੰਭਾਲ ਕੇ। ਕੋ–ਕੋਈ। ਜੁਗਿ ਜੁਗਿ–ਹਰੇਕ ਜੁਗ ਵਿਚ (ਹਰ ਸਮੇਂ)। ਸਿਜਾਣਾ–ਸਿਆਣੇ; ਗਿਆਨਵਾਨ। ੪। ੫।

ਵਡਹੰਸੁ ਮਹਲਾ ੩ ਮਹਲਾ ਤੀਜਾ ੴ ਸਤਿਗੁਰ ਪ੍ਰਸਾਦਿ ॥ ਪ੍ਰਭੁ ਸਚੜਾ ਹਰਿ ਸਾਲਾਹੀਐ, ਕਾਰਜੁ ਸਭੁ ਕਿਛੁ ਕਰਣੈ ਜੋਗੁ ॥ ਸਾ ਧਨ ਰੰਡ ਨ ਕਬਹੂ ਬੈਸਈ, ਨਾ ਕਦੇ ਹੋਵੈ ਸੋਗੁ ॥ ਨਾ ਕਦੇ ਹੋਵੈ ਸੋਗੁ ਅਨਦਿਨੁ ਰਸ ਭੋਗ, ਸਾ ਧਨ ਮਹਲਿ ਸਮਾਣੀ ॥ ਜਿਨਿ ਪ੍ਰਿਉ ਜਾਤਾ ਕਰਮ ਬਿਧਾਤਾ, ਬੋਲੇ ਅੰਮ੍ਰਿਤ ਬਾਣੀ ॥ ਗੁਣਵੰਤੀਆ ਗੁਣ ਸਾਰਹਿ ਅਪਣੇ ਕੰਤ ਸਮਾਲਹਿ, ਨਾ ਕਦੇ ਲਗੈ ਵਿਜੋਗੋ ॥ ਸਚੜਾ ਪਿਰ ਸਾਲਾਹੀਐ, ਸਭੁ ਕਿਛੁ ਕਰਣੈ ਜੋਗੋ ॥੧॥ ਸਚੜਾ ਸਾਹਿਬੁ ਸਬਦਿ ਪਛਾਣੀਐ, ਆਪੇ ਲਏ ਮਿਲਾਏ ॥ ਸਾ ਧਨ ਪ੍ਰਿਅ ਕੈ ਰੰਗਿ ਰਤੀ, ਵਿਚਹੁ ਆਪੁ ਗਵਾਏ ॥ ਵਿਚਹੁ ਆਪੁ ਗਵਾਏ ਫਿਰਿ ਕਾਲੁ ਨ ਖਾਏ, ਗੁਰਮੁਖਿ ਏਕੋ ਜਾਤਾ ॥ ਕਾਮਣਿ ਇਛ ਪੁੰਨੀ ਅੰਤਰਿ ਭਿੰਨੀ, ਮਿਲਿਆ ਜਗਜੀਵਨੁ ਦਾਤਾ ॥ ਸਬਦ ਰੰਗਿ ਰਾਤੀ ਜੋਬਨਿ ਮਾਤੀ, ਪਿਰ ਕੈ ਅੰਕਿ ਸਮਾਏ ॥ ਸਚੜਾ ਸਾਹਿਬੁ ਸਬਦਿ ਪਛਾਣੀਐ, ਆਪੇ ਲਏ ਮਿਲਾਏ ॥੨॥ (ਹੇ ਭਾਈ!) ਸਚੇ ਹਰੀ ਪ੍ਰਭੂ ਨੂੰ ਸਲਾਹੁੰਦੇ ਰਹੀਏ, (ਉਹ) ਸਭ ਕੁਛ ਸਾਰੇ ਕਾਰਜ ਕਰਨ ਦੇ ਸਮਰੱਥ ਹੈ। (ਉਹ ਗੁਰਮੁਖ ਸੁਹਾਗਣ) ਇਸਤ੍ਰੀ ਕਦੇ ਵੀ ਵਿਧਵਾ (ਹਰੀ ਤੋਂ ਬੇਮੁਖ) ਹੋ ਕੇ ਨਹੀਂ ਬੈਠਦੀ ਅਤੇ ਨਾ (ਉਸ ਨੂੰ) ਕਦੇ ਸੋਗ ਹੁੰਦਾ ਹੈ (ਜਿਹੜੀ ਅਪਣੇ ਪਤੀ ਪ੍ਰਭੂ ਨੂੰ ਸਲਾਹੁੰਦੀ ਰਹਿੰਦੀ ਹੈ)। ਕਦੇ ਵੀ (ਉਸ ਨੂੰ ਵਿਛੋੜੇ ਦਾ) ਸੋਗ ਨਹੀਂ ਹੁੰਦਾ, (ਉਹ ਪਭੂ ਪਤੀ ਦੇ ਨਾਮ ਦਾ) ਰਸ ਹਰ ਰੋਜ ਮਾਣਦੀ ਹੈ, (ਕਿਉਂਕਿ ਉਹ ਅਪਣੇ ਪਤੀ ਦੇ) ਸਰੂਪ ਵਿਚ ਸਮਾਈ ਰਹਿੰਦੀ ਹੈ। ਜਿਸ ਇਸਤ੍ਰੀ ਨੇ ਪਤੀ ਪ੍ਰਭੂ ਨੂੰ ਜਾਣਿਆ ਹੈ, ਜੋ ਕਰਮਾਂ ਅਨੁਸਾਰ ਫਲ ਦੇਣ ਵਾਲਾ ਹੈ, (ਉਹ ਸਦਾ ਗੁਰੂ ਦੀ) ਅੰਮ੍ਰਿਤ ਬਾਣੀ ਪੜ੍ਹਦੀ ਹੈ। ਗੁਣਵਾਨ ਇਸਤ੍ਰੀਆਂ (ਪਤੀ ਦੇ) ਗੁਣਾਂ ਨੂੰ ਸੰਭਾਲ ਕੇ ਅਪਣੇ ਪਤੀ ਪ੍ਰਭੂ ਦਾ ਸਿਮਰਨ ਕਰਦੀਆਂ ਹਨ, ਉਨ੍ਹਾਂ ਨੂੰ ਕਦੇ ਵਿਛੋੜੇ ਦਾ ਦੁਖ ਨਹੀਂ ਲਗਦਾ। (ਇਸ ਲਈ ਹੇ ਭਾਈ!) ਸੱਚੇ ਪਤੀ ਪ੍ਰਭੂ ਨੂੰ ਸਦਾ ਸਲਹੁੰਦੇ ਰਹੀਏ, ਜੋ ਸਭ ਕੁਛ ਕਰਨ ਦੇ ਸਮਰਥ ਹੈ। ੧। (ਹੇ ਭਾਈ!) ਸੱਚਾ ਸਾਹਿਬ ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਜਾਂਦਾ ਹੈ, (ਫਿਰ ਉਹ ਅਪਣੇ ਨਾਲ) ਆਪੇ ਮਿਲਾ ਲੈਂਦਾ ਹੈ। ਉਹ ਜੀਵ ਰੂਪ ਇਸਤ੍ਰੀ ਪਤੀ ਪ੍ਰਭੂ ਦੇ ਪ੍ਰੇਮ ਵਿਚ ਰੰਗੀ ਹੋਈ (ਅਪਣੇ ਮਨ) ਵਿਚੋਂ ਆਪਾ ਭਾਵ ਦੂਰ ਕਰ ਲੈਂਦੀ ਹੈ। (ਜਦ ਉਹ ਮਨ ਵਿਚੋਂ) ਆਪਾ ਭਾਵ ਗੁਆ ਦੇਂਦੀ ਹੈ, ਫਿਰ ਉਸ ਨੂੰ ਕਾਲ ਨਹੀਂ ਖਾਂਦਾ (ਕਿਉਂਕਿ ਉਸ ਨੇ) ਗੁਰੂ ਦੁਆਰਾ ਇਕ ਪ੍ਰਭੂ ਨੂੰ ਜਾਣ ਲਿਆ ਹੈ। ਉਹ ਜੀਵ ਇਸਤ੍ਰੀ ਅੰਦਰੋਂ ਪ੍ਰੇਮ ਨਾਲ ਭਿੱਜੀ ਹੋਈ ਹੈ, (ਉਸ ਦੀ ਇਹ) ਇੱਛਾ ਪੂਰੀ ਹੋਈ ਹੈ (ਕਿ ਉਸ ਨੂੰ) ਜਗਤ ਦਾ ਜੀਵਨ ਦਾਤਾ ਪ੍ਰਭੂ ਮਿਲ ਗਿਆ ਹੈ। (ਜਿਹੜੀ ਜੀਵ ਇਸਤ੍ਰੀ) ਪ੍ਰੇਮ ਰੂਪ ਜੋਬਨ ਵਿਚ ਮਸਤ ਹੋਈ ਹੋਈ ਸ਼ਬਦ ਦੇ ਰੰਗ ਵਿਚ ਰੰਗੀ ਹੋਈ ਹੈ ,ਉਹ ਪਤੀ ਪ੍ਰਭੂ ਦੀ ਗੋਦ (ਸਰੂਪ) ਵਿਚ ਸਮਾ ਜਾਂਦੀ ਹੈ। (ਇਸ ਕਰਕੇ ਯਾਦ ਰੱਖੋ ਕਿ) ਸੱਚਾ ਸਾਹਿਬ ਗੁਰੂ ਦੇ ਸ਼ਬਦ ਦੁਆਰਾ ਪਛਾਣਿਆ ਜਾਂਦਾ ਹੈ, (ਸ਼ਬਦ ਵਿਚ ਜੁੜੇ ਗੁਰਮੁਖਾਂ ਨੂੰ ਉਹ ਅਪਣੇ ਨਾਲ) ਆਪੇ ਮਿਲਾ ਲੈਂਦਾ ਹੈ। ੨।

ਪਦਾਰਥ = ਸਾਲਾਹੀਐ–ਸਲਾਹੁੰਦੇ ਰਹੀਏ। ਕਾਰਜੁ–ਕੰਮ। ਕਰਣੈ ਜੋਗੁ–ਕਰਨ ਦੇ ਸਮਰੱਥ। ਸਾ ਧਨ–ਉਹ ਇਸਤ੍ਰੀ। ਰੰਡ–ਵਿਧਵਾ। ਨ ਬੈਸਈ–ਨਹੀਂ ਬੈਠਦੀ। ਕਬਹੂ–ਕਦੇ। ਅਨਦਿਨੁ–ਹਰ ਰੋਜ। ਰਸ ਭੋਗ–ਅਨੰਦ ਮਾਣਦੀ ਹੈ। ਮਹਲਿ–ਸਰੂਪ (ਰੱਬ ਦੀ ਹਜੂਰੀ) ਵਿਚ। ਸਮਾਣੀ–ਲੀਨ ਹੋਈ ਰਹਿੰਦੀ ਹੈ। ਜਿਨਿ–ਜਿਸ ਨੇ। ਪ੍ਰਿਉ–ਪਤੀ। ਜਾਤਾ–ਜਾਣਿਆ। ਕਰਮ ਬਿਧਾਤਾ–ਜੀਵਾਂ ਦੇ ਕਰਮਾਂ ਅਨੁਸਾਰ ਫਲ ਦੇਣ ਵਾਲਾ। ਸਾਰਹਿ–ਸੰਭਾਲ ਕੇ। ਸਮਾਲਹਿ–ਸਿਮਰਨ ਕਰਦੀਆਂ ਹਨ। ਵਿਜੋਗੋ–ਵਿਛੋੜਾ। ੧। ਸਬਦਿ–ਸ਼ਬਦ ਦੁਆਰਾ (ਸ਼ਬਦ ਵਿਚ ਜੁੜ ਕੇ)। ਪ੍ਰਿਅ ਕੈ–ਪਤੀ ਪ੍ਰਭੂ ਦੇ। ਰੰਗਿ ਰਤੀ–ਪ੍ਰੇਮ ਰੰਗ ਵਿਚ ਰੰਗੀ ਹੋਈ। ਆਪੁ–ਆਪਾ ਭਾਵ (ਹੰਕਾਰ)। ਫਿਰਿ–ਮੁੜ ਦੁਬਾਰਾ। ਕਾਲੁ–ਮੌਤ। ਗੁਰਮੁਖਿ–ਗੁਰੂ ਦੁਆਰਾ। ਏਕੋ–ਇਕ ਪ੍ਰਭੂ ਨੂੰ। ਜਾਤਾ–ਜਾਣਿਆ। ਕਾਮਣਿ–ਇਸਤ੍ਰੀ। ਇਛ ਪੁੰਨੀ–ਇੱਛਾ ਪੂਰੀ ਹੋ ਗਈ। ਅੰਤਰਿ ਭਿੰਨੀ–ਅੰਦਰੋਂ ਭਿੱਜੀ ਹੋਈ। ਜਗਜੀਵਨੁ–ਜਗਤ ਦਾ ਜੀਵਨ। ਜੋਬਨਿ–ਪ੍ਰੇਮ ਰੂਪ ਜੁਆਨੀ ਵਿਚ। ਮਾਤੀ–ਮਸਤ।

ਪਿਰ ਕੈ-ਪਤੀ ਦੇ।ਅੰਕਿ-ਗੋਦ (ਸਰੂਪ) ਵਿਚ।ਸਮਾਏ-ਮਿਲ ਜਾਂਦੀ ਹੈ।੨।

ਮਹਲਾ ਤੀਜਾ = ਸੰਕੇਤ ਦਿਤਾ ਹੈ ਕਿ ੩ ਨੂੰ ਤੀਜਾ ਪੜ੍ਹਨਾ ਹੈ, ਜੋ ਲੋਕ ਮਹੱਲਾ ਨੂੰ ਮਹਿਲਾ ਪੜ੍ਹਦੇ ਹਨ ਤਾਂ ੩ ਦਾ ਉਚਾਰਨ ਤੀਜੀ ਹੋਣਾ ਸੀ, ਇਸ ਕਰਕੇ ਸਤਿਗੁਰੂ ਜੀ ਨੇ ਮਹਲਾ ਤੀਜਾ ਲਿਖ ਕੇ ਸਾਨੂੰ ਦਸਿਆ ਹੈ ਕਿ ਮਹੱਲਾ ਤੀਜਾ ਪੜ੍ਹੋ।

ਅੰਗ ੫੮੩ = ਜਿਨੀ ਆਪਣਾ ਕੰਤੁ ਪਛਾਣਿਆ, ਹਉ ਤਿਨ ਪੂਛਉ ਸੰਤਾ ਜਾਏ ॥ ਆਪੁ ਛੋਡਿ ਸੇਵਾ ਕਰੀ, ਪਿਰੁ ਸਚੜਾ ਮਿਲੈ ਸਹਜਿ ਸੁਭਾਏ ॥ ਪਿਰੁ ਸਚਾ ਮਿਲੈ ਆਏ ਸਚੁ ਕਮਾਏ, ਸਾਚਿ ਸਬਦਿ ਧਨ ਰਾਤੀ ॥ ਕਦੇ ਨ ਰਾਂਡ ਸਦਾ ਸੋਹਾਗਣਿ, ਅੰਤਰਿ ਸਹਜਿ ਸਮਾਧੀ ॥ ਪਿਰੁ ਰਹਿਆ ਭਰਪੂਰੇ ਵੇਖੁ ਹਦੂਰੇ, ਰੰਗੁ ਮਾਣੇ ਸਹਜਿ ਸੁਭਾਏ ॥ ਜਿਨੀ ਆਪਣਾ ਕੰਤੁ ਪਛਾਣਿਆ, ਹਉ ਤਿਨ ਪੂਛਉ ਸੰਤਾ ਜਾਏ ॥੩॥ ਪਿਰਹੁ ਵਿਛੁੰਨੀਆ ਭੀ ਮਿਲਹ, ਜੇ ਸਤਿਗੁਰ ਲਾਗਹ ਸਾਚੇ ਪਾਏ ॥ ਸਤਿਗੁਰੁ ਸਦਾ ਦਇਆਲੁ ਹੈ, ਅਵਗੁਣ ਸਬਦਿ ਜਲਾਏ ॥ ਅਉਗੁਣ ਸਬਦਿ ਜਲਾਏ ਦੂਜਾ ਭਾਉ ਗਵਾਏ, ਸਚੇ ਹੀ ਸਚਿ ਰਾਤੀ ॥ ਸਚੈ ਸਬਦਿ ਸਦਾ ਸੁਖੁ ਪਾਇਆ, ਹਉਮੈ ਗਈ ਭਰਾਤੀ ॥ ਪਿਰੁ ਨਿਰਮਾਇਲੁ ਸਦਾ ਸੁਖ ਦਾਤਾ, ਨਾਨਕ ਸਬਦਿ ਮਿਲਾਏ ॥ ਪਿਰਹੁ ਵਿਛੁੰਨੀਆ ਭੀ ਮਿਲਹ, ਜੇ ਸਤਿਗੁਰ ਲਾਗਹ ਸਾਚੇ ਪਾਏ ॥੪॥੧॥ (ਹੇ ਸਖੀਓ!) ਜਿਨ੍ਹਾਂ ਨੇ ਅਪਣੇ ਕੰਤ (ਪ੍ਰਭੂ) ਨੂੰ ਪਛਾਣਿਆ ਹੈ, ਮੈਂ ਉਨ੍ਹਾਂ ਸੰਤਾਂ (ਸੁਹਾਗਣਾਂ) ਨੂੰ ਜਾ ਕੇ ਪੁਛਦੀ ਹਾਂ (ਕਿ ਤੁਹਾਨੂੰ ਕੰਤ ਕਿਵੇਂ ਮਿਲਿਆ ਹੈ? ਉਨ੍ਹਾਂ ਸੰਤ ਸੁਹਾਗਣਾਂ ਨੇ ਦਸਿਆ ਕਿ ਅਸੀਂ) ਆਪਾ ਭਾਵ ਛਡ ਕੇ ਸੇਵਾ ਕੀਤੀ ਹੈ, (ਸੇਵਾ ਕਰਨ ਨਾਲ ਪ੍ਰਭੂ) ਪਤੀ ਸੁਤੇ ਸਿਧ ਆ ਮਿਲਦਾ ਹੈ।(ਜੋ ਜੀਵ ਰੂਪ) ਇਸਤ੍ਰੀ ਸੱਚੇ ਸ਼ਬਦ ਵਿਚ ਰੰਗੀ ਹੋਈ ਹੈ ਤੇ ਸੱਚੇ ਨਾਮ ਸਿਮਰਨ ਦੀ ਕਮਾਈ ਕਰਦੀ ਹੈ, (ਉਸ ਨੂੰ) ਸੱਚਾ ਪਤੀ ਪ੍ਰਭੂ ਆ ਮਿਲਦਾ ਹੈ।(ਫਿਰ ਉਹ) ਕਦੇ ਵਿਧਵਾ (ਪ੍ਰਭੂ ਤੋਂ ਬੇਮੁਖ) ਨਹੀਂ ਹੁੰਦੀ, ਸਦਾ ਸੁਹਾਗਣ ਰਹਿੰਦੀ ਹੈ (ਕਿਉਂਕਿ ਉਸਦਾ ਪਤੀ ਪ੍ਰਭੂ ਕਦੇ ਮਰਦਾ ਨਹੀਂ, ਉਸ ਦੇ ਹਿਰਦੇ) ਅੰਦਰ ਸੁਤੇ ਸਿੱਧ ਸਮਾਧੀ ਲੱਗੀ ਰਹਿੰਦੀ ਹੈ।ਉਹ ਪਤੀ ਪ੍ਰਭੂ ਸਭ ਜਗ੍ਹਾ ਭਰਪੂਰ ਹੋ ਰਿਹਾ ਹੈ, (ਉਸ ਨੂੰ) ਅੰਗ ਸੰਗ ਦੇਖ, (ਇਉਂ ਤੂੰ ਵੀ ਉਸ ਦੇ ਮਿਲਾਪ ਦਾ) ਸੁਤੇ ਸਿਧ ਅਨੰਦ ਮਾਣੇਂਗੀ।ਜਿਨ੍ਹਾਂ ਨੇ ਅਪਣੇ ਕੰਤ (ਪ੍ਰਭੂ) ਨੂੰ ਪਛਾਣਿਆ ਹੈ, ਮੈਂ ਉਨ੍ਹਾਂ ਸੰਤਾਂ (ਸੁਹਾਗਣਾਂ) ਨੂੰ ਜਾ ਕੇ ਪੁਛਦੀ ਹਾਂ।੩।ਪਤੀ ਪ੍ਰਮੇਸਰ ਤੋਂ ਵਿਛੜੀਆਂ (ਜੀਵ ਰੂਪ ਇਸਤ੍ਰੀਆਂ) ਫਿਰ ਵੀ ਮਿਲ ਸਕਦੀਆਂ ਹਨ, ਜੇ ਉਹ ਸੱਚੇ ਸਤਿਗੁਰੂ ਦੇ ਚਰਣੀ ਲਗ ਜਾਣ।ਸਤਿਗੁਰੂ ਤਾਂ ਸਦਾ ਹੀ ਦਇਆਲ ਹੈ, (ਜੋ ਜੀਵਾਂ ਦੇ) ਔਗਣਾਂ ਨੂੰ ਸ਼ਬਦ ਦੁਆਰਾ ਸਾੜ ਦੇਂਦਾ ਹੈ।(ਸਤਿਗੁਰੂ ਜੀਵ ਦੇ) ਔਗਣਾਂ ਨੂੰ ਸ਼ਬਦ ਦੁਆਰਾ ਸਾੜ ਦੇਂਦਾ ਹੈ ਤੇ ਦੂਜਾ ਭਾਉ ਵੀ ਦੂਰ ਕਰ ਦੇਂਦਾ ਹੈ, (ਗੁਰੂ ਦੇ ਚਰਨਾਂ ਵਿਚ ਜੁੜੀ ਜੀਵ ਇਸਤ੍ਰੀ) ਸੱਚੇ ਨਾਮ ਦਾ ਸਿਮਰਨ ਕਰਦੀ ਹੋਈ ਸੱਚੇ ਪ੍ਰਭੂ ਦੇ ਪ੍ਰੇਮ ਵਿਚ ਮਗਨ ਰਹਿੰਦੀ ਹੈ।ਸੱਚੇ ਗੁਰੂ ਦੇ ਸ਼ਬਦ ਦੁਆਰਾ (ਉਸ ਜੀਵ ਇਸਤ੍ਰੀ ਨੇ) ਸਦਾ ਹੀ ਸੁਖ ਪਾਇਆ ਹੈ ਤੇ ਨਾਲ ਹਉਮੈ ਵਾਲੀ ਝੂਠੀ ਸਮਝ ਵੀ ਦੂਰ ਹੋ ਗਈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਿਰਮਲ ਪਤੀ ਪ੍ਰਭੂ ਸਦਾ ਸੁੱਖਾਂ ਦਾ ਦਾਤਾ ਹੈ, (ਸਤਿਗੁਰੂ ਅਪਣੇ) ਸ਼ਬਦ ਦੁਆਰਾ (ਪ੍ਰਭੂ ਨਾਲ) ਮਿਲਾਉਂਦਾ ਹੈ।ਪਤੀ ਪ੍ਰਭੂ ਤੋਂ ਵਿਛੜੀਆਂ (ਜੀਵ ਇਸਤ੍ਰੀਆਂ) ਫਿਰ ਵੀ ਉਸ ਨਾਲ ਮਿਲ ਸਕਦੀਆਂ ਹਨ, ਜੇ ਉਹ ਸੱਚੇ ਸਤਿਗੁਰੂ ਦੇ ਚਰਨੀਂ ਆ ਲਗਣ।੪।੧।

ਪਦਾਰਥ = ਜਿਨੀ-ਜਿਨ੍ਹਾਂ ਨੇ।ਕੰਤੁ-ਪਤੀ ਪ੍ਰਭੂ।ਹਉ-ਮੈਂ।ਤਿਨ-ਉਨ੍ਹਾਂ ਨੂੰ।ਪੂਛਉ-ਪੁਛਦੀ ਹਾਂ।ਜਾਇ-ਜਾ ਕੇ।ਆਪੁ-ਆਪਾ ਭਾਵ ।ਕਰੀ-ਕੀਤੀ।ਪਿਰੁ-ਪਤੀ।ਸਹਜਿ ਸੁਭਾਇ-ਸੁਤੇ ਸਿਧ।ਸਚੁ ਕਮਾਏ-ਸੱਚੇ ਨਾਮ ਸਿਮਰਨ ਦੀ ਕਮਾਈ ਕਰਦੀ ਹੈ।ਸਾਚਿ ਸਬਦਿ-ਸੱਚੇ ਸ਼ਬਦ ਵਿਚ।ਧਨ-(ਜੀਵ ਰੂਪ) ਇਸਤ੍ਰੀ।ਰਾਤੀ-ਰੰਗੀ ਹੋਈ ਹੈ।ਰਾਂਡ-ਵਿਧਵਾ (ਨਿਖਸਮੀ)।ਅੰਤਰਿ-ਹਿਰਦੇ ਅੰਦਰ।ਸਹਜਿ ਸਮਾਧੀ-ਨਿਰਯਤਨ ਸਮਾਧੀ (ਆਤਮਾ ਦੀ ਅਪਣੇ ਸਰੂਪ ਵਿਚ ਟਿਕੀ ਅਵਸਥਾ; ਆਤਮਾ ਦੀ ਵਾਹਿਗੁਰੂ ਦੇ ਸਰੂਪ ਨੂੰ ਪ੍ਰਾਪਤ ਹੋਈ ਅਵਸਥਾ)।ਰਹਿਆ ਭਰਪੂਰੇ-ਸਭ ਜਗ੍ਹਾ ਵਿਆਪਕ ਹੋ ਰਿਹਾ ਹੈ।ਹਦੂਰੇ-ਨੇੜੇ; ਅੰਗ ਸੰਗ।ਰੰਗੁ ਮਾਣੇ-ਅਨੰਦ ਮਾਣੇਂਗੀ।੩।ਪਿਰਹੁ -ਪਤੀ ਪ੍ਰਭੂ ਤੋਂ।ਵਿਛੁੰਨੀਆ-ਵਿਛੜੀਆਂ ਹੋਈਆਂ।ਭੀ-ਫਿਰ ਵੀ; ਮੁੜ ਭੀ।ਮਿਲਹ-ਮਿਲ ਸਕਦੀਆਂ ਹਨ।ਲਾਗਹ-ਲਗ ਜਾਣ। ਪਾਏ-ਪੈਰੀਂ (ਚਰਨੀਂ)।ਸਬਦਿ-ਸ਼ਬਦ ਦੁਆਰਾ।ਦੂਜਾ ਭਾਉ-ਰੱਬ ਨੂੰ ਛਡ ਕੇ ਕਿਸੇ ਦੂਜੇ ਦਾ ਪਿਆਰ।ਰਾਤੀ-ਮਗਨ।ਭਰਾਤੀ-ਝੂਠੀ ਸਮਝ; ਭੁਲੇਖਾ।ਨਿਰਮਾਇਲੁ-ਨਿਰਮਲ (ਪਵਿਤ੍ਰ)।੪।੧।

ਵਡਹੰਸੁ ਮਹਲਾ ੩ ॥ ਸੁਣਿਅਹੁ ਕੰਤ ਮਹੇਲੀਹੋ, ਪਿਰੁ ਸੇਵਿਹੁ ਸਬਦਿ ਵੀਚਾਰਿ ॥ ਅਵਗਣਵੰਤੀ ਪਿਰੁ ਨ ਜਾਣਈ, ਮੁਠੀ ਰੋਵੈ ਕੰਤ ਵਿਸਾਰਿ ॥ ਰੋਵੈ ਕੰਤੁ ਸੰਮਾਲਿ ਸਦਾ ਗੁਣ ਸਾਰਿ, ਨਾ ਪਿਰੁ ਮਰੈ ਨ ਜਾਏ ॥ ਗੁਰਮੁਖਿ ਜਾਤਾ ਸਬਦਿ ਪਛਾਤਾ, ਸਾਚੈ ਪ੍ਰੇਮਿ ਸਮਾਏ ॥ ਜਿਨਿ ਅਪਣਾ ਪਿਰੁ ਨਹੀ ਜਾਤਾ ਕਰਮ ਬਿਧਾਤਾ, ਕੂੜਿ ਮੁਠੀ ਕੂੜਿਆਰੇ ॥ ਸੁਣਿਅਹੁ ਕੰਤ ਮਹੇਲੀਹੋ, ਪਿਰੁ ਸੇਵਿਹੁ ਸਬਦਿ ਵੀਚਾਰੇ ॥੧॥ ਸਭੁ ਜਗੁ ਆਪਿ ਉਪਾਇਓਨੁ ,ਆਵਣੁ ਜਾਣੁ ਸੰਸਾਰਾ ॥ ਮਾਇਆ ਮੋਹੁ ਖੁਆਇਅਨੁ ,ਮਰਿ ਜੰਮੈ ਵਾਰੋ ਵਾਰਾ ॥

ਮਰਿ ਜੰਮੈ ਵਾਰੋ ਵਾਰਾ ਵਧਹਿ ਬਿਕਾਰਾ, ਗਿਆਨ ਵਿਹੂਣੀ ਮੂਠੀ ॥ ਬਿਨੁ ਸਬਦੈ ਪਿਰੁ ਨ ਪਾਇਓ ਜਨਮੁ ਗਵਾਇਓ, ਰੋਵੈ ਅਵਗੁਣਿ ਆਰੀ ਝੂਠੀ ॥ ਪਿਰੁ ਜਗਜੀਵਨੁ ਕਿਸ ਨੋ ਰੋਈਐ, ਰੋਵੈ ਕੰਤੁ ਵਿਸਾਰੇ ॥ ਸਭੁ ਜਗੁ ਆਪਿ ਉਪਾਇਓਨੁ ,ਆਵਣੁ ਜਾਣੁ ਸੰਸਾਰੇ ॥ ੨॥ ਹੇ ਪਤੀ ਪ੍ਰਮਾਤਮਾ ਦੀ ਲੋਚਾ ਵਾਲੀ ਜੀਵ ਇਸਤ੍ਰੀਓ! ਸੁਣੋ, (ਗੁਰੂ ਦੇ) ਸ਼ਬਦ ਵਿਚ ਜੁੜ ਕੇ ਅਤੇ (ਸ਼ਬਦ ਦੀ) ਵਿਚਾਰ ਕਰਕੇ ਪਤੀ ਪ੍ਰਮਾਤਮਾ ਦੀ ਸੇਵਾ ਭਗਤੀ ਕਰੋ।ਅਵਗੁਣਾਂ ਵਾਲੀ ਜੀਵ ਇਸਤ੍ਰੀ ਪਤੀ ਪ੍ਰਭੂ ਨੂੰ ਨਹੀਂ ਜਾਣਦੀ, ਉਹ ਪਤੀ ਪ੍ਰਭੂ ਨੂੰ ਭੁਲਾ ਕੇ ਠੱਗੀ ਗਈ ਹੈ ਤੇ (ਬਾਦ ਵਿਚ ਪਛਤਾ ਕੇ) ਰੋਂਦੀ ਹੈ।(ਗੁਰਮੁਖ ਇਸਤ੍ਰੀ) ਪਤੀ ਪ੍ਰਭੂ ਨੂੰ ਯਾਦ ਕਰਕੇ (ਉਸ ਦੇ ਵਿਛੋੜੇ ਵਿਚ) ਰੋਂਦੀ ਹੈ ਅਤੇ ਸਦਾ ਉਸ ਦੇ ਗੁਣਾਂ ਨੂੰ ਸੰਭਾਲਦੀ ਹੈ, (ਉਹ ਸੁਹਾਗਣ ਹੈ, ਕਿਉਂਕਿ ਉਸ ਦਾ) ਪਤੀ ਨਾ ਮਰਦਾ ਹੈ ਤੇ ਨਾ (ਵਿਛੜ ਕੇ ਕਿਧਰੇ) ਜਾਂਦਾ ਹੈ; ਨਾ (ਉਸ ਦਾ ਸੁਹਾਗ) ਜਾਂਦਾ ਹੈ।ਗੁਰਮੁਖਾਂ ਨੇ ਪ੍ਰਭੂ ਨੂੰ ਜਾਣ ਲਿਆ ਹੈ ਤੇ ਸ਼ਬਦ ਦੁਆਰਾ ਪਛਾਣ ਲਿਆ ਹੈ ਅਤੇ ਉਹ ਸੱਚੇ ਪ੍ਰਭੂ ਦੇ ਪ੍ਰੇਮ ਵਿਚ ਸਮਾਏ ਰਹਿੰਦੇ ਹਨ।ਜਿਸ (ਜੀਵ ਇਸਤ੍ਰੀ) ਨੇ ਕਰਮਾਂ ਅਨੁਸਾਰ ਫਲ ਦੇਣ ਵਾਲੇ ਪ੍ਰਭੂ ਨੂੰ ਨਹੀਂ ਜਾਣਿਆ, ਉਹ ਝੂਠੀ ਜੀਵ ਇਸਤ੍ਰੀ ਝੂਠ ਨੇ ਠੱਗ ਲਈ ਹੈ।ਹੇ ਪਤੀ ਪ੍ਰਭੂ ਦੀ ਲੋਚਾ ਵਾਲੀ ਜੀਵ ਇਸਤ੍ਰੀਓ! ਸੁਣੋ, (ਗੁਰੂ ਦੇ) ਸ਼ਬਦ ਵਿਚ ਜੁੜ ਕੇ (ਅਤੇ ਸ਼ਬਦੀ ਦੀ) ਵਿਚਾਰ ਕਰਕੇ ਪਤੀ ਪ੍ਰਭੂ ਦੀ ਸੇਵਾ ਭਗਤੀ ਕਰੋ।੧।(ਹੇ ਭਾਈ!) ਸਾਰੇ ਜਗਤ ਨੂੰ ਉਸ ਪ੍ਰਭੂ ਨੇ ਆਪ ਪੈਦਾ ਕੀਤਾ ਹੈ ਅਤੇ ਸੰਸਾਰ ਵਿਚ ਆਉਣਾ ਜਾਣਾ ਵੀ (ਪ੍ਰਭੂ ਦੇ) ਹੁਕਮ ਅਧੀਨ ਹੈ।(ਪ੍ਰਭੂ ਨੇ ਮਾਇਆ ਦਾ) ਮੋਹ ਪੈਦਾ ਕਰਕੇ (ਜਗਤ ਨੂੰ) ਕੁਰਾਹੇ ਪਾਇਆ ਹੈ, (ਜਿਸ ਕਰਕੇ ਜਗਤ) ਵਾਰ ਵਾਰ ਜੰਮਦਾ ਮਰਦਾ ਰਹਿੰਦਾ ਹੈ।(ਜਗਤ) ਵਾਰ ਵਾਰ ਜੰਮਦਾ ਤੇ ਮਰਦਾ ਹੈ ਤੇ (ਇਸ ਵਿਚ ਜੀਵਾਂ ਦੇ ਹਰੇਕ ਜਨਮ ਵਿਚ ਵਿਸ਼ੇ) ਵਿਕਾਰ ਵਧਦੇ ਰਹਿੰਦੇ ਹਨ, ਗਿਆਨ ਤੋਂ ਬਿਨਾ ਹੋਣ ਕਰਕੇ (ਸਾਰੀ ਲੋਕਾਈ ਵਿਸ਼ੇ ਵਿਕਾਰਾਂ ਨੇ) ਲੁੱਟ ਲਈ ਹੈ।(ਕਿਸੇ ਵੀ ਜੀਵ ਇਸਤ੍ਰੀ ਨੇ ਗੁਰੂ ਦੇ) ਸ਼ਬਦ ਤੋਂ ਬਿਨਾ ਪਤੀ ਪ੍ਰਭੂ ਨੂੰ ਨਹੀਂ ਪਾਇਆ ਅਤੇ (ਅਪਣਾ ਮਨੁੱਖਾ) ਜਨਮ ਬਿਰਥਾ ਗੁਆ ਲਿਆ ਹੈ, ਝੂਠੀ ਤੇ ਔਗਣਿਆਰੀ ਜੀਵ ਇਸਤ੍ਰੀ ਰੋਂਦੀ ਰਹਿੰਦੀ ਹੈ। ਪਤੀ ਪ੍ਰਭੂ ਜਗਤ ਦਾ ਜੀਵਨ ਹੈ, (ਜਨਮ ਤੇ ਮੌਤ ਉਸ ਦੇ ਵਸ ਵਿਚ ਹੈ, ਫਿਰ ਅਸੀਂ) ਕਿਸ ਨੂੰ ਰੋਈਏ? (ਅਸਲ ਵਿਚ ਉਹ) ਰੋਂਦੀਆਂ ਹਨ, ਜੋ ਪਤੀ ਪ੍ਰਭੂ ਨੂੰ ਭੁਲਾ ਦੇਂਦੀਆਂ ਹਨ।ਸਾਰੇ ਜਗਤ ਨੂੰ ਉਸ ਪ੍ਰਭੂ ਨੇ ਆਪ ਪੈਦਾ ਕੀਤਾ ਅਤੇ ਸੰਸਾਰ ਦਾ ਆਉਣਾ ਜਾਣਾ (ਜੰਮਣਾ ਤੇ ਮਰਨਾ ਵੀ ਉਸ ਪ੍ਰਭੂ ਨੇ) ਬਣਾਇਆ ਹੈ।੨।

ਪਦਾਰਥ = ਕੰਤ–ਪਤੀ ਪ੍ਰਭੂ ਦੀ।ਮਹੇਲੀਹੋ–ਹੇ ਜੀਵ ਇਸਤ੍ਰੀਓ!।ਪਿਰੁ–ਪਤੀ ਪ੍ਰਭੂ ਦੀ।ਸੇਵਿਹੁ–ਸੇਵਾ ਭਗਤੀ ਕਰੋ।ਸਬਦਿ ਵੀਚਾਰਿ–ਸ਼ਬਦ ਵਿਚ ਜੁੜ ਕੇ ਤੇ (ਸ਼ਬਦ ਦੀ) ਵਿਚਾਰ ਕਰਕੇ।ਅਵਗਣਵੰਤੀ–ਔਗਣਾਂ ਵਾਲੀ।ਮੁਠੀ–ਠੱਗੀ ਗਈ ਹੈ।ਰੋਵੈ–ਰੋਂਦੀ ਹੈ।ਵਿਸਾਰਿ–ਭੁਲਾ ਕੇ।ਸੰਮਾਲਿ–ਯਾਦ ਕਰਕੇ।ਸਾਰਿ–ਸੰਭਾਲ ਕੇ।ਨ ਜਾਏ–ਨਾ ਕਿਧਰੇ ਜਾਂਦਾ ਹੈ; ਨਾ ਜੰਮਦਾ ਹੈ; ਨਾ (ਸੁਹਾਗ) ਜਾਂਦਾ ਹੈ।ਜਾਤਾ–ਜਾਣਿਆ।ਸਾਚੈ–ਸੱਚੇ ਪ੍ਰਭੂ ਦੇ।ਸਮਾਏ–ਲੀਨ ਰਹਿੰਦੀ ਹੈ।ਕਰਮ ਬਿਧਾਤਾ–ਕਰਮਾਂ ਅਨੁਸਾਰ ਫਲ ਦੇਣ ਵਾਲਾ। ਕੂੜਿ–ਝੂਠ ਨੇ।ਕੂੜਿਆਰੇ–ਝੂਠੀ ਇਸਤ੍ਰੀ।੧।ਉਪਾਇਓਨੁ–ਉਸ ਨੇ ਪੈਦਾ ਕੀਤਾ ਹੈ।ਆਵਣ ਜਾਣੁ–ਆਉਣਾ ਜਾਣਾ (ਜੰਮਣਾ ਮਰਨਾ)।ਖੁਆਇਅਨੁ–ਉਸ ਨੇ ਭੁਲਾ (ਕੁਰਾਹੇ ਪਾ) ਦਿਤਾ।ਵਾਰੋ ਵਾਰਾ–ਵਾਰ ਵਾਰ (ਮੁੜ ਮੁੜ)।ਵਧਹਿ–ਵਧਦੇ ਹਨ।ਵਿਹੂਣੀ– ਬਿਨਾ; ਖਾਲੀ।ਮੂਠੀ–ਲੁੱਟੀ ਜਾਂਦੀ ਹੈ।ਅਵਗੁਣਿਆਰੀ–ਔਗਣਾਂ ਵਾਲੀ।ਕਿਸ ਨੋ–ਕਿਸ ਨੂੰ।ਜਗਜੀਵਨ–ਜਗਤ ਦਾ ਜੀਵਨ।੨।

ਸੋ ਪਿਰੁ ਸਚਾ ਸਦ ਹੀ ਸਾਚਾ ਹੈ, ਨਾ ਓਹੁ ਮਰੈ ਨ ਜਾਏ ॥ ਭੂਲੀ ਫਿਰੈ ਧਨ ਇਆਣੀਆ, ਰੰਡ ਬੈਠੀ ਦੂਜੈ ਭਾਇ ॥ ਰੰਡ ਬੈਠੀ ਦੈਜੈ ਭਾਇ ਮਾਇਆ ਮੋਹਿ ਦੁਖੁ ਪਾਏ, ਆਵ ਘਟੈ ਤਨੁ ਛੀਜੈ ॥ ਜੋ ਕਿਛੁ ਆਇਆ ਸਭੁ ਕਿਛੁ ਜਾਸੀ, ਦੁਖੁ ਲਾਗਾ ਦੂਜੈ ਭਾਇ ॥ ਜਮਕਾਲੁ ਨ ਸੂਝੈ ਮਾਇਆ ਜਗੁ ਲੂਝੈ, ਲਬਿ ਲੋਭਿ ਚਿਤੁ ਲਾਏ ॥ ਸੋ ਪਿਰੁ ਸਾਚਾ ਸਦ ਹੀ ਸਾਚਾ, ਨਾ ਓਹੁ ਮਰੈ ਨ ਜਾਏ ॥੩॥ ਇਕਿ ਰੋਵਹਿ ਪਿਰਹਿ ਵਿਛੁੰਨੀਆ, ਅੰਧੀ ਨ ਜਾਣੈ ਪਿਰੁ ਨਾਲੇ ॥ ਗੁਰ ਪਰਸਾਦੀ ਸਾਚਾ ਪਿਰੁ ਮਿਲੈ, ਅੰਤਰਿ ਸਦਾ ਸਮਾਲੇ ॥ ਪਿਰੁ ਅੰਤਰਿ ਸਮਾਲੇ ਸਦਾ ਹੈ ਨਾਲੇ, ਮਨਮੁਖਿ ਜਾਤਾ ਦੂਰੇ ॥ ਇਹੁ ਤਨੁ ਰੁਲੈ ਰੁਲਾਇਆ ਕਾਮਿ ਨ ਆਇਆ, ਜਿਨਿ ਖਸਮੁ ਨ ਜਾਤਾ ਹਦੂਰੇ ॥ ਉਹ ਸੱਚਾ ਪਤੀ ਪ੍ਰਮੇਸਰ ਸਦਾ ਹੀ ਸੱਚਾ ਹੈ, ਉਹ ਨਾ ਮਰਦਾ ਹੈ ਤੇ ਨਾ ਜੰਮਦਾ ਹੈ; ਨਾ ਛਡ ਕੇ ਜਾਂਦਾ ਹੈ।ਗਿਆਨ ਹੀਣ ਜੀਵ ਰੂਪ ਇਸਤ੍ਰੀ ਭੁੱਲੀ ਫਿਰਦੀ ਹੈ, ਦੂਜੈ ਭਾਵ ਵਿਚ ਲਗ ਕੇ ਵਿਧਵਾ (ਬੇਮੁਖ) ਹੋਈ ਬੈਠੀ ਹੈ।ਦੂਜੇ ਭਾਵ ਵਿਚ ਲਗ ਕੇ ਵਿਧਵਾ ਹੋਈ ਬੈਠੀ ਹੈ ਤੇ ਮਾਇਆ ਦੇ ਮੋਹ ਵਿਚ ਫਸ ਕੇ ਦੁਖ ਪਾ ਰਹੀ ਹੈ, ਉਮਰ ਘਟ ਰਹੀ ਹੈ ਤੇ (ਬੁਢੇਪੇ ਕਰਕੇ) ਸਰੀਰ ਕਮਜੋਰ ਹੁੰਦਾ ਜਾਂਦਾ ਹੈ।(ਫਿਰ ਵੀ ਸਮਝਦੀ ਨਹੀਂ ਕਿ ਜਗਤ ਵਿਚ) ਜੋ ਕੁਛ ਜਨਮ ਲੈ ਕੇ ਆਇਆ ਹੈ, ਉਹ ਸਭ ਕੁਛ ਚਲੇ ਜਾਵੇਗਾ, ਦੂਜੇ ਭਾਵ ਵਿਚ ਫਸੇ ਹੋਣ ਕਰਕੇ ਦੁਖ ਲੱਗਾ ਹੋਇਆ ਹੈ।ਇਹ ਜਗਤ ਲੋਭ ਲਾਲਚ ਵਿਚ ਚਿਤ ਲਾ ਕੇ ਮਾਇਆ ਵਾਸਤੇ ਲੜਦਾ ਹੈ,

ਕਾਲ ਕਰਨ ਵਾਲਾ ਜਮ (ਇਸ ਨੂੰ ਸਿਰ ਤੇ ਖੜਾ) ਨਹੀਂ ਦਿਸਦਾ। ਉਹ ਸੱਚਾ ਪਤੀ ਪ੍ਰਭੂ ਸਦਾ ਸੱਚਾ ਹੈ, ਨਾ ਮਰਦਾ ਹੈ ਤੇ ਜੰਮਦਾ ਹੈ।੩। ਕਈ (ਜੀਵ ਇਸਤ੍ਰੀਆਂ) ਪਤੀ ਤੋਂ ਵਿਛੜੀਆਂ ਹੋਈਆਂ ਰੋਂਦੀਆਂ ਹਨ, (ਪਰ ਉਹ) ਅੰਨ੍ਹੀਆਂ ਜਾਣਦੀਆਂ ਨਹੀਂ ਕਿ ਪਤੀ ਪ੍ਰਭੂ ਤਾਂ (ਉਨ੍ਹਾਂ ਦੇ) ਨਾਲ ਹੀ ਹੈ। (ਉਸ ਜੀਵ ਇਸਤ੍ਰੀ ਨੂੰ) ਗੁਰੂ ਦੀ ਕ੍ਰਿਪਾ ਨਾਲ ਸੱਚਾ ਪਤੀ ਪ੍ਰਭੂ ਮਿਲਦਾ ਹੈ, (ਜੋ ਅਪਣੇ) ਹਿਰਦੇ ਅੰਦਰ (ਉਸ ਨੂੰ) ਸਦਾ ਯਾਦ ਕਰਦੀ ਹੈ। ਉਹ ਹਿਰਦੇ ਅੰਦਰ ਪਤੀ ਪ੍ਰਭੂ ਨੂੰ ਯਾਦ ਕਰਦੀ ਰਹਿੰਦੀ ਹੈ, ਜੋ ਸਦਾ ਨਾਲ ਵਸਦਾ ਹੈ, (ਪਰ) ਮਨਮੁਖ ਜੀਵ ਰੂਪ ਇਸਤ੍ਰੀ ਨੇ (ਪਤੀ ਪ੍ਰਭੂ ਨੂੰ) ਦੂਰ ਜਾਣਿਆ ਹੈ। ਜਿਸ ਜੀਵ ਇਸਤ੍ਰੀ ਨੇ ਮਾਲਕ ਪ੍ਰਭੂ ਨੂੰ ਅੰਗ ਸੰਗ ਵਸਦਾ ਨਹੀਂ ਜਾਣਿਆ, ਉਸ ਦਾ ਇਹ ਸਰੀਰ (ਵਿਸ਼ੇ ਵਿਕਾਰਾਂ ਵਿਚ) ਰੁਲਾਇਆ ਮਿੱਟੀ ਵਿਚ ਰੁਲਦਾ ਹੈ ਤੇ ਕਿਸੇ ਕੰਮ ਨਹੀਂ ਆਉਂਦਾ।

ਅੰਗ ੫੮੪ = ਨਾਨਕ ਸਾ ਧਨ ਮਿਲੈ ਮਿਲਾਈ, ਪਿਰੁ ਅੰਤਰਿ ਸਦਾ ਸਮਾਲੇ ॥ ਇਕਿ ਰੋਵਹਿ ਪਿਰਹਿ ਵਿਛੁੰਨੀਆ, ਅੰਧੀ ਨ ਜਾਣੈ ਪਿਰੁ ਹੈ ਨਾਲੇ ॥੪॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਜੀਵ ਇਸਤ੍ਰੀ ਗੁਰੂ ਦੀ ਮਿਲਾਈ ਪ੍ਰਭੂ ਨੂੰ ਮਿਲਦੀ ਹੈ, ਜੋ ਪਤੀ ਪ੍ਰਭੂ ਨੂੰ ਹਿਰਦੇ ਅੰਦਰ ਸਦਾ ਯਾਦ ਕਰਦੀ ਹੈ। (ਪਰ) ਕਈ ਜੀਵ ਇਸਤ੍ਰੀਆਂ ਪਤੀ ਤੋਂ ਵਿਛੜੀਆਂ ਰੋਂਦੀਆਂ ਹਨ, (ਪਰ ਉਹ) ਅੰਨ੍ਹੀਆਂ ਨਹੀਂ ਜਾਣਦੀਆਂ ਕਿ ਪਤੀ ਪ੍ਰਭੂ (ਉਨ੍ਹਾਂ ਦੇ) ਨਾਲ ਹੀ ਵਸਦਾ ਹੈ।੪।੨।

ਪਦਾਰਥ = ਸੋ ਪਿਰੁ–ਉਹ ਪਤੀ ਪ੍ਰਮੇਸਰ। ਨ ਜਾਏ–ਜੰਮਦਾ ਨਹੀਂ; ਛਡ ਕੇ ਨਹੀਂ ਜਾਂਦਾ। ਧਨ–ਇਸਤ੍ਰੀ। ਇਆਣੀਆ–ਅਣਜਾਣ; ਅਗਿਆਨੀ। ਰੰਡ–ਵਿਧਵਾ (ਬੇਮੁਖ)। ਦੂਜੈ ਭਾਇ–(ਪ੍ਰਭੂ ਤੋਂ ਬਿਨਾ) ਦੂਜੇ ਦੇ ਪਿਆਰ ਵਿਚ। ਆਵ–ਉਮਰ। ਤਨੁ–ਸਰੀਰ। ਛੀਜੈ–ਕਮਜੋਰ ਹੁੰਦਾ ਜਾਂਦਾ ਹੈ। ਆਇਆ–ਜਨਮ ਲੈ ਕੇ ਆਇਆ ਹੈ। ਜਾਸੀ–ਚਲੇ ਜਾਵੇਗਾ। ਜਮਕਾਲੁ–ਕਾਲ ਕਰਨ ਵਾਲਾ ਜਮ; ਜਨਮ ਤੇ ਮਰਨ। ਨ ਸੂਝੈ–ਦਿਸਦਾ ਨਹੀਂ; ਖਿਆਲ ਵਿਚ ਨਹੀਂ ਆਉਂਦਾ। ਲੂਝੈ–ਲੜਦਾ ਹੈ। ਲਬਿ–ਲਾਲਚ ਵਿਚ।੩। ਇਕਿ–ਕਈ। ਰੋਵਹਿ –ਰੋਂਦੀਆਂ ਹਨ। ਪਿਰਹਿ–ਪਤੀ ਤੋਂ। ਵਿਛੁੰਨੀਆ–ਵਿਛੜੀਆਂ ਹੋਈਆਂ। ਅੰਧੀ–ਅੰਨ੍ਹੀ; ਗਿਆਨ ਹੀਣ। ਨਾਲੇ–ਨਾਲ; ਅੰਗ ਸੰਗ। ਗੁਰ ਪਰਸਾਦੀ–ਗੁਰੂ ਦੀ ਕ੍ਰਿਪਾ ਨਾਲ। ਅੰਤਰਿ–ਹਿਰਦੇ ਅੰਦਰ। ਸਮਾਲੇ–ਯਾਦ ਕਰਦੀ ਹੈ। ਜਾਤਾ–ਜਾਣਿਆ; ਸਮਝਿਆ। ਰੁਲੈ ਰੁਲਾਇਆ –ਰੁਲਾਇਆ ਮਿੱਟੀ ਵਿਚ ਰੁਲਦਾ ਹੈ। ਕਾਮਿ–ਕੰਮ। ਖਸਮੁ–ਪਤੀ ਨੂੰ। ਹਦੂਰੇ–ਅੰਗ ਸੰਗ। ਸਾ ਧਨ–ਉਹ ਇਸਤ੍ਰੀ।੪।੨।

ਵਡਹੰਸੁ ਮਃ ੩ ॥ ਰੋਵਹਿ ਪਿਰਹਿ ਵਿਛੁੰਨੀਆ, ਮੈ ਪਿਰੁ ਸਚੜਾ ਹੈ ਸਦਾ ਨਾਲੇ ॥ ਜਿਨੀ ਚਲਣੁ ਸਹੀ ਜਾਣਿਆ, ਸਤਿਗੁਰੁ ਸੇਵਹਿ ਨਾਮੁ ਸਮਾਲੇ ॥ ਸਦਾ ਨਾਮੁ ਸਮਾਲੇ ਸਤਿਗੁਰੁ ਹੈ ਨਾਲੇ, ਸਤਿਗੁਰੁ ਸੇਵਿ ਸੁਖੁ ਪਾਇਆ ॥ ਸਬਦੇ ਕਾਲੁ ਮਾਰਿ ਸਚੁ ਉਰਿ ਧਾਰਿ, ਫਿਰਿ ਆਵਣੁ ਜਾਣੁ ਨ ਹੋਇਆ ॥ ਸਚਾ ਸਾਹਿਬੁ ਸਚੀ ਨਾਈ, ਵੇਖੈ ਨਦਰਿ ਨਿਹਾਲੇ ॥ ਰੋਵਹਿ ਪਿਰਹੁ ਵਿਛੁੰਨੀਆ, ਮੈ ਪਿਰੁ ਸਚੜਾ ਹੈ ਸਦਾ ਨਾਲੇ ॥੧॥ ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ, ਕਿਵ ਮਿਲਾਂ ਪ੍ਰੀਤਮ ਪਿਆਰੇ ॥ ਸਤਿਗੁਰਿ ਮੇਲੀ ਤਾਂ ਸਹਜਿ ਮਿਲੀ, ਪਿਰੁ ਰਾਖਿਆ ਉਰ ਧਾਰੇ ॥ ਸਦਾ ਉਰ ਧਾਰੇ ਨੇਹੁ ਨਾਲਿ ਪਿਆਰੇ, ਸਤਿਗੁਰ ਤੇ ਪਿਰੁ ਦਿਸੈ ॥ ਮਾਇਆ ਮੋਹੁ ਕਾ ਕਚਾ ਚੋਲਾ, ਤਿਤੁ ਪੈਧੈ ਪਗੁ ਖਿਸੈ ॥ ਪਿਰ ਰੰਗਿ ਰਾਤਾ ਸੋ ਸਚਾ ਚੋਲਾ, ਤਿਤੁ ਪੈਧੈ ਤਿਖਾ ਨਿਵਾਰੇ ॥ ਪ੍ਰਭੁ ਮੇਰਾ ਸਾਹਿਬੁ ਸਭ ਦੂ ਊਚਾ ਹੈ, ਕਿਉ ਮਿਲਾ ਪ੍ਰੀਤਮ ਪਿਆਰੇ ॥੨॥ (ਜੋ ਜੀਵ ਇਸਤ੍ਰੀਆਂ) ਪਤੀ ਪ੍ਰਮੇਸਰ ਤੋਂ ਵਿਛੜੀਆਂ ਹਨ, ਉਹ ਰੋਂਦੀਆਂ ਹਨ, (ਪਰ) ਮੇਰਾ ਸੱਚਾ ਪਤੀ ਸਦਾ ਮੇਰੇ ਨਾਲ ਹੈ, (ਇਸ ਲਈ ਮੈਂ ਕਿਉਂ ਰੋਵਾਂ?)। ਜਿਨ੍ਹਾਂ ਪ੍ਰਾਣੀਆਂ ਨੇ ਸਹੀ ਜਾਣਿਆ ਹੈ (ਕਿ ਸੰਸਾਰ ਤੋਂ ਜਰੂਰ) ਚਲੇ ਜਾਣਾ ਹੈ, ਉਹ ਸਤਿਗੁਰੂ ਦੀ ਸੇਵਾ ਕਰਦੇ ਹਨ ਤੇ ਨਾਮ ਸਿਮਰਦੇ ਹਨ। ਉਹ ਸਦਾ ਨਾਮ ਸਿਮਰਦੇ ਹਨ ਤੇ (ਜਾਣਦੇ ਹਨ ਕਿ ਮੇਰਾ) ਸਤਿਗੁਰੂ ਅੰਗ ਸੰਗ ਹੈ, (ਉਨ੍ਹਾਂ ਨੇ) ਸਤਿਗੁਰੂ ਦੀ ਸੇਵਾ ਕਰਕੇ ਸੁਖ ਪਾਇਆ ਹੈ। (ਜਿਨ੍ਹਾਂ ਨੇ) ਸੱਚ ਨੂੰ ਹਿਰਦੇ ਵਿਚ ਵਸਾ ਕੇ ਗੁਰੂ ਦੇ ਸ਼ਬਦ ਦੁਆਰਾ ਕਾਲ ਨੂੰ ਮਾਰਿਆ ਹੈ, (ਉਨ੍ਹਾਂ ਦਾ ਸੰਸਾਰ ਵਿਚ) ਮੁੜ ਕੇ ਆਉਣਾ ਜਾਣਾ ਨਹੀਂ ਹੁੰਦਾ (ਜਨਮ ਮਰਨ ਮਿਟ ਜਾਂਦਾ ਹੈ)। ਮਾਲਕ ਪ੍ਰਭੂ ਸੱਚਾ ਹੈ, ਉਸ ਦੀ ਵਡਿਆਈ ਵੀ ਸੱਚੀ ਹੈ, (ਜਦ ਉਹ) ਮੇਹਰ ਦੀ ਨਜਰ ਨਾਲ ਦੇਖਦਾ ਹੈ, ਤਾਂ ਨਿਹਾਲ ਕਰ ਦਿੰਦਾ ਹੈ। (ਜੋ ਜੀਵ ਇਸਤ੍ਰੀਆਂ) ਪਤੀ ਪ੍ਰਭੂ ਤੋਂ ਵਿਛੜੀਆਂ ਹਨ, ਉਹ ਰੋਂਦੀਆਂ ਹਨ, ਮੇਰਾ ਸੱਚਾ ਪਤੀ ਸਦਾ ਮੇਰੇ ਨਾਲ ਹੈ (ਇਸ ਲਈ ਮੈਂ ਕਿਉਂ ਰੋਵਾਂ?)।੧। ਮੇਰਾ ਮਾਲਕ ਪ੍ਰਭੂ ਸਭ ਤੋਂ ਉਚਾ ਹੈ, ਉਸ ਪਿਆਰੇ ਪ੍ਰੀਤਮ ਨੂੰ ਮੈਂ ਕਿਵੇਂ ਮਿਲਾਂ? ਸਤਿਗੁਰੂ ਨੇ (ਜਦ) ਮੇਲ ਕਰਾ ਦਿਤਾ ਤਾਂ ਮੈਂ ਸੌਖੇ ਹੀ ਮਿਲ ਪਈ ਹਾਂ, (ਹੁਣ) ਪਤੀ ਪ੍ਰਭੂ ਨੂੰ ਮੈਂ ਹਿਰਦੇ ਵਿਚ ਧਾਰ ਰਖਿਆ ਹੈ। ਪਿਆਰੇ ਪ੍ਰਭੂ ਨਾਲ ਪ੍ਰੇਮ ਹੈ, (ਇਸ ਕਰਕੇ ਉਸ ਨੂੰ) ਸਦਾ ਹਿਰਦੇ ਵਿਚ ਧਾਰ ਰੱਖਿਆ ਹੈ, (ਪਰ) ਸਤਿਗੁਰੂ ਦੀ ਕ੍ਰਿਪਾ ਹੋਣ ਤੇ ਪਤੀ ਪ੍ਰਭੂ ਦਿਖਾਈ ਦੇਂਦਾ ਹੈ। ਮਾਇਆ ਦੇ ਮੋਹ ਦਾ ਚੋਲਾ ਕੱਚਾ ਹੈ, ਜਿਸ ਦੇ ਪਹਿਨਣ ਨਾਲ ਪ੍ਰਭੂ ਵੱਲੋਂ ਪੈਰ ਖਿਸਕਦਾ ਹੈ (ਪ੍ਰਾਣੀ ਹਰੀ ਭੁੱਲ ਜਾਂਦਾ ਹੈ)। ਉਹ (ਸਰੀਰ ਰੂਪ) ਚੋਲਾ ਸੱਚਾ ਹੈ, ਜੋ ਹਰੀ ਦੇ ਪ੍ਰੇਮ ਰੰਗ ਵਿਚ ਰੰਗਿਆ ਹੈ, ਉਸ ਦੇ ਪਹਿਨਣ ਨਾਲ ਪਿਆਸ

(ਤ੍ਰਿਸਨਾ; ਭੁੱਖ) ਲਹਿ ਜਾਂਦੀ ਹੈ।ਮੇਰਾ ਮਾਲਕ ਪ੍ਰਭੂ ਸਭ ਤੋਂ ਉਚਾ ਹੈ, ਉਸ ਪਿਆਰੇ ਪ੍ਰੀਤਮ ਨੂੰ ਮੈਂ ਕਿਵੇਂ ਮਿਲਾਂ?੨।

ਪਦਾਰਥ = ਰੋਵਹਿ–ਰੋਂਦੀਆਂ ਹਨ।ਪਿਰਹਿ–ਪਤੀ ਤੋਂ।ਵਿਛੁੰਨੀਆ–ਵਿਛੜੀਆਂ।ਮੈ ਪਿਰੁ–ਮੇਰਾ ਪਤੀ।ਸਚੜਾ–ਸਦਾ ਕਾਇਮ ਰਹਿਣ ਵਾਲਾ (ਅਮਰ)।ਨਾਲੇ–ਅੰਗ ਸੰਗ।ਜਿਨੀ–ਜਿਨ੍ਹਾਂ ਨੇ।ਚਲਣੁ–ਕੂਚ; ਮੌਤ ਨੂੰ।ਸਹੀ–ਠੀਕ; ਨਿਸਚੇ ਕਰਕੇ।ਸੇਵਹਿ–ਸੇਵਾ ਕਰਦੇ ਹਨ।ਸਮਾਲੇ–ਸਿਮਰਦੇ ਹਨ।ਸਬਦੇ–ਗੁਰੂ ਦੇ ਸ਼ਬਦ ਦੁਆਰਾ।ਕਾਲੁ–ਮੌਤ ਨੂੰ।ਉਰਿ ਧਾਰਿ–ਹਿਰਦੇ ਵਿਚ ਵਸਾ ਕੇ।ਫਿਰਿ–ਮੁੜ ਕੇ।ਆਵਣੁ ਜਾਣੁ–ਆਉਣਾ ਜਾਣਾ (ਜਨਮ ਮਰਨ)।ਨਾਈ–ਵਡਿਆਈ।ਨਦਰਿ–ਮੇਹਰ ਦੀ ਨਜਰ ਨਾਲ।ਨਿਹਾਲੇ–ਨਿਹਾਲ ਕਰ ਦੇਂਦਾ ਹੈ।੧।ਸਾਹਿਬੁ–ਮਾਲਕ।ਸਭ ਦੂ–ਸਭ ਤੋਂ।ਕਿਵ–ਕਿਵੇਂ।ਸਤਿਗੁਰਿ–ਸਤਿਗੁਰੂ ਨੇ।ਸਹਜਿ–ਸੌਖੇ ਹੀ।ਨੇਹੁ–ਪ੍ਰੇਮ।ਤੇ–ਤੋਂ; ਨਾਲ।ਕਚਾ ਚੋਲਾ–ਉਹ ਪੁਸ਼ਾਕ ਜੋ ਛੇਤੀ ਫਟ ਜਾਵੇ।ਤਿਤੁ–ਉਸ ਦੇ।ਪੈਧੈ–ਪਹਿਨਣ ਨਾਲ।ਪਗੁ–ਪੈਰ।ਖਿਸੈ–ਖਿਸਕਦਾ ਹੈ (ਦੂਰ ਹੁੰਦਾ ਹੈ)।ਰੰਗਿ ਰਾਤਾ–ਪ੍ਰੇਮ ਰੰਗਿ ਵਿਚ ਰੰਗਿਆ।ਤਿਖਾ–ਪਿਆਸ; ਤ੍ਰਿਸ਼ਨਾ।ਨਿਵਾਰੇ–ਲਹਿ ਜਾਂਦੀ ਹੈ।੨।

ਮੈ ਪ੍ਰਭੁ ਸਚੁ ਪਛਾਣਿਆ, ਹੋਰ ਭੂਲੀ ਅਵਗਣਿਆਰੇ ॥ ਮੈ ਸਦਾ ਰਾਵੇ ਪਿਰੁ ਆਪਣਾ, ਸਚੜੈ ਸਬਦਿ ਵੀਚਾਰੇ ॥ ਸਚੈ ਸਬਦਿ ਵੀਚਾਰੇ ਰੰਗਿ ਰਾਤੀ ਨਾਰੇ, ਮਿਲਿ ਸਤਿਗੁਰ ਪ੍ਰੀਤਮੁ ਪਾਇਆ ॥ ਅੰਤਰਿ ਰੰਗਿ ਰਾਤੀ ਸਹਜੇ ਮਾਤੀ, ਗਇਆ ਦੁਸਮਨੁ ਦੂਖੁ ਸਬਾਇਆ ॥ ਅਪਨੇ ਗੁਰ ਕੰਉ ਤਨੁ ਮਨੁ ਦੀਜੈ ਤਾਂ ਮਨੁ ਭੀਜੈ, ਤ੍ਰਿਸਨਾ ਦੂਖ ਨਿਵਾਰੇ ॥ ਮੈ ਪਿਰੁ ਸਚੁ ਪਛਾਣਿਆ, ਹੋਰ ਭੂਲੀ ਅਵਗਣਿਆਰੇ ॥੩॥ ਸਚੜੈ ਆਪਿ ਜਗਤੁ ਉਪਾਇਆ, ਗੁਰ ਬਿਨੁ ਘੋਰ ਅੰਧਾਰੋ ॥ ਆਪਿ ਮਿਲਾਏ ਆਪਿ ਮਿਲੈ, ਆਪੇ ਦੇਇ ਪਿਆਰੋ ॥ ਆਪੇ ਦੇਇ ਪਿਆਰੋ ਸਹਜਿ ਵਾਪਾਰੋ, ਗੁਰਮੁਖਿ ਜਨਮੁ ਸਵਾਰੇ ॥ ਧਨੁ ਜਗ ਮਹਿ ਆਇਆ ਆਪੁ ਗਵਾਇਆ, ਦਰਿ ਸਾਚੈ ਸਚਿਆਰੋ ॥ ਗਿਆਨਿ ਰਤਨਿ ਘਟਿ ਚਾਨਣੁ ਹੋਆ, ਨਾਨਕ ਨਾਮ ਪਿਆਰੋ ॥ ਸਚੜੈ ਆਪਿ ਜਗਤੁ ਉਪਾਇਆ, ਗੁਰ ਬਿਨੁ ਘੋਰ ਅੰਧਾਰੋ ॥੪॥੩॥ (ਪਤੀ ਪ੍ਰਭੂ ਨੂੰ ਮਿਲੀ ਗੁਰਮੁਖ ਜੀਵ ਇਸਤ੍ਰੀ ਆਖਦੀ ਹੈ ਕਿ) ਮੈਂ ਸੱਚ ਸਰੂਪ ਪ੍ਰਭੂ ਨੂੰ ਪਛਾਣਿਆ ਲਿਆ ਹੈ, ਹੋਰ ਔਗਣਾਂ ਵਾਲੀ ਜੀਵ ਇਸਤ੍ਰੀ ਭੁੱਲੀ ਫਿਰਦੀ ਹੈ (ਦੇਵੀ ਦੇਵਤਿਆਂ ਦੀ ਪੂਜਾ ਵਿਚ ਲਗ ਕੇ ਕੁਰਾਹੇ ਪਈ ਹੋਈ ਹੈ)।ਸੱਚੇ ਗੁਰੂ ਦੇ ਸ਼ਬਦ ਦੀ ਵਿਚਾਰ ਦੁਆਰਾ ਮੇਰਾ ਪਤੀ ਪ੍ਰਭੂ ਮੈਨੂੰ ਸਦਾ ਭੋਗਦਾ ਹੈ (ਆਤਮਕ ਅਨੰਦ ਬਖਸਦਾ ਹੈ ਜਾਂ ਮੈਂ ਪਤੀ ਦੇ ਮੇਲ ਦਾ ਅਨੰਦ ਮਾਣਦੀ ਹਾਂ।ਮੇਰੇ ਵਾਂਗ ਜਿਹੜੀ) ਜੀਵ ਰੂਪ ਇਸਤ੍ਰੀ (ਪ੍ਰਭੂ ਦੇ) ਪ੍ਰੇਮ ਵਿਚ ਰੰਗੀ ਹੋਈ ਸੱਚੇ ਗੁਰੂ ਦੇ ਸ਼ਬਦ ਦੀ ਵਿਚਾਰ ਕਰਦੀ ਹੈ, ਸਤਿਗੁਰੂ ਨੂੰ ਮਿਲ ਕੇ (ਹੀ ਉਸ ਨੇ) ਪਿਆਰੇ ਪ੍ਰਭੂ ਨੂੰ ਪਾਇਆ ਹੈ।(ਉਹ) ਅੰਦਰੋਂ ਪ੍ਰੇਮ ਵਿਚ ਰੰਗੀ ਹੋਈ ਸਹਿਜ ਅਵਸਥਾ ਵਿਚ ਮਸਤ ਹੈ, (ਉਸ ਦਾ) ਦੁਸ਼ਮਨ ਤੇ ਦੁਖ ਸਾਰਾ ਦੂਰ ਹੋ ਗਿਆ ਹੈ।(ਹੇ ਸਿੱਖ ਭਰਾਵੋ!) ਅਪਣੇ ਗੁਰੂ ਨੂੰ ਤਨ ਮਨ ਦੇ ਦੇਣਾ ਚਾਹੀਦਾ ਹੈ, ਤਾਂ ਮਨ (ਹਰੀ ਦੇ ਨਾਮ ਰਸ ਵਿਚ) ਭਿੱਜਦਾ ਹੈ (ਇਹ ਨਾਮ ਰਸ ਪਦਾਰਥਾਂ ਦੀ) ਤ੍ਰਿਸ਼ਨਾ ਤੇ ਦੁੱਖ ਦੂਰ ਕਰ ਦੇਂਦਾ ਹੈ।ਮੈਂ ਪਤੀ ਪ੍ਰਭੂ ਨੂੰ ਪਛਾਣ ਲਿਆ ਹੈ, ਹੋਰ ਔਗਣਾਂ ਨਾਲ ਭਰੀ ਇਸਤ੍ਰੀ ਭੁੱਲੀ ਹੋਈ ਹੈ।੩।ਸੱਚੇ ਪ੍ਰਭੂ ਨੇ ਆਪ ਜਗਤ ਨੂੰ ਪੈਦਾ ਕੀਤਾ ਹੈ, (ਪਰ ਜੀਵ ਨੂੰ ਜਗਤ ਵਿਚ) ਗੁਰੂ ਤੋਂ ਬਿਨਾ ਘੁੱਪ ਹਨ੍ਹੇਰਾ ਰਹਿੰਦਾ ਹੈ।(ਪ੍ਰਭੂ ਸਿੱਖ ਨੂੰ ਗੁਰੂ ਨਾਲ) ਆਪੇ ਮਿਲਾਉਂਦਾ ਹੈ, (ਗੁਰੂ ਰਾਹੀਂ) ਆਪੇ ਆ ਮਿਲਦਾ ਹੈ ਅਤੇ ਆਪੇ (ਗੁਰੂ ਰੂਪ ਹੋ ਕੇ ਸਿੱਖ ਨੂੰ) ਪਿਆਰ ਦੇਂਦਾ ਹੈ।(ਪ੍ਰਭੂ) ਆਪੇ ਪਿਆਰ ਦੇਂਦਾ ਹੈ, ਆਪੇ (ਜੀਵ ਰੂਪ ਹੋ ਕੇ) ਸਹਿਜ ਅਵਸਥਾ ਵਿਚ (ਨਾਮ ਜਪਣ ਤੇ ਹੋਰਨਾਂ ਨੂੰ ਜਪਾਉਣ ਦਾ) ਵਪਾਰ ਕਰਦਾ ਹੈ ਅਤੇ ਗੁਰੂ ਦੁਆਰਾ (ਸਿੱਖ ਦਾ ਜੀਵਨ) ਸੁਧਾਰ ਦੇਂਦਾ ਹੈ।(ਜਿਸ ਮਨੁੱਖ ਨੇ) ਆਪਾ ਭਾਵ ਦੂਰ ਕਰ ਲਿਆ ਹੈ, (ਉਸ ਦਾ) ਜਗਤ ਵਿਚ ਆਇਆ ਧੰਨ ਹੈ, (ਉਹ) ਸੱਚੇ ਪ੍ਰਭੂ ਦੇ ਦਰਬਾਰ ਵਿਚ ਸਚਿਆਰ ਹੋ ਕੇ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਦਾ ਪਿਆਰ ਹੋਣ ਕਰ ਕੇ (ਉਸ ਦੇ) ਹਿਰਦੇ ਅੰਦਰ ਗਿਆਨ ਦੇ ਰਤਨ ਦੀ ਬਰਕਤ ਨਾਲ ਆਤਮ ਪ੍ਰਕਾਸ਼ ਹੋਇਆ ਹੈ।ਸੱਚੇ ਪ੍ਰਭੂ ਨੇ ਆਪ ਜਗਤ ਨੂੰ ਪੈਦਾ ਕੀਤਾ ਹੈ, (ਪਰ ਜਗਤ ਵਿਚ ਜੀਵ ਨੂੰ) ਗੁਰੂ ਤੋਂ ਬਿਨਾ ਘੁੱਪ ਹਨ੍ਹੇਰਾ ਬਣਿਆ ਰਹਿੰਦਾ ਹੈ।੪।੩।

ਪਦਾਰਥ = ਅਵਗਣਿਆਰੇ–ਔਗਣਾਂ ਵਾਲੀ।ਰਾਵੇ–ਭੋਗਦਾ (ਮਿਲਾਪ ਦਾ ਅਨੰਦ ਬਖਸ਼ਦਾ) ਹੈ।ਪਿਰੁ–ਪਤੀ ਨੂੰ।ਰੰਗਿ ਰਾਤੀ–ਪ੍ਰੇਮ ਵਿਚ ਰੰਗੀ ਹੋਈ।ਨਾਰੇ–(ਜੀਵ ਰੂਪ) ਇਸਤ੍ਰੀ।ਅੰਤਰਿ–ਹਿਰਦੇ ਅੰਦਰੋਂ।ਸਹਜੇ–ਸਹਿਜ ਅਵਸਥਾ ਵਿਚ।ਮਾਤੀ–ਮਸਤ।ਸਬਾਇਆ –ਸਾਰਾ।ਕੰਉ–ਨੂੰ।ਦੀਜੈ–ਦੇ ਦੇਣਾ ਚਾਹੀਦਾ ਹੈ।ਭੀਜੈ–ਭਿੱਜ (ਰਸ ਮਈ ਹੋ) ਜਾਂਦਾ ਹੈ।ਨਿਵਾਰੇ–ਦੂਰ ਕਰ ਦੇਂਦਾ ਹੈ।੩।ਸਚੜੈ–ਸੱਚੇ ਪ੍ਰਭੂ ਨੇ।ਉਪਾਇਆ–ਪੈਦਾ ਕੀਤਾ।ਘੋਰ ਅੰਧਾਰੋ–ਘੁੱਪ ਹਨ੍ਹੇਰਾ।ਦੇਇ–ਦੇਂਦਾ ਹੈ।ਗੁਰਮੁਖਿ–ਗੁਰੂ ਰਾਹੀਂ।ਸਵਾਰੇ–ਸੁਧਾਰ ਦੇਂਦਾ ਹੈ।ਧਨੁ–ਧੰਨਤਾ ਯੋਗ।ਆਪੁ–ਆਪਾ ਭਾਵ।ਗਵਾਇਆ–ਦੂਰ ਕਰ ਲਿਆ।ਦਰਿ ਸਾਚੈ–ਸੱਚੇ ਪ੍ਰਭੂ ਦੇ ਦਰਬਾਰ ਵਿਚ।ਗਿਆਨਿ ਰਤਨਿ–ਗਿਆਨ ਦੇ ਰਤਨ ਦੀ ਬਰਕਤ ਨਾਲ।ਘਟਿ–ਹਿਰਦੇ ਵਿਚ।ਨਾਮ ਪਿਆਰੋ–ਨਾਮ ਦਾ ਪਿਆਰ।੪।੩।

ਵਡਹੰਸੁ ਮਹਲਾ ੩ ॥ ਇਹੁ ਸਰੀਰੁ ਜਜਰੀ ਹੈ, ਇਸ ਨੋ ਜਰੁ ਪਹੁਚੈ ਆਇ ॥ ਗੁਰਿ ਰਾਖੇ ਸੇ ਉਬਰੇ, ਹੋਰੁ ਮਰਿ ਜੰਮੈ ਆਵੈ ਜਾਏ ॥ ਹੋਰਿ ਮਰਿ ਜੰਮਹਿ ਆਵਹਿ ਜਾਵਹਿ ਅੰਤਿ ਗਏ ਪਛੁਤਾਵਹਿ, ਬਿਨੁ ਨਾਵੈ ਸੁਖੁ ਨ ਹੋਈ ॥ ਐਥੈ ਕਮਾਵੈ ਸੋ ਫਲੁ ਪਾਵੈ, ਮਨਮੁਖਿ ਹੈ ਪਤਿ ਖੋਈ ॥ ਜਮਪੁਰਿ ਘੋਰ ਅੰਧਾਰੁ ਮਹਾ ਗੁਬਾਰੁ ,ਨਾ ਤਿਥੈ ਭੈਣ ਨ ਭਾਈ ॥ ਇਹੁ ਸਰੀਰੁ ਜਜਰੀ ਹੈ, ਇਸ ਨੋ ਜਰੁ ਪਹੁਚੈ ਆਈ ॥੧॥ (ਹੇ ਭਾਈ!) ਇਹ ਸਰੀਰ ਪੁਰਾਣਾ ਹੋ ਜਾਣ ਵਾਲਾ ਹੈ, ਇਸ ਨੂੰ ਬੁਢੇਪਾ ਆ ਪਹੁੰਚਦਾ ਹੈ।(ਜਿਨ੍ਹਾਂ ਜੀਵਾਂ ਦੀ) ਗੁਰੂ ਨੇ ਰੱਖਿਆ ਕੀਤੀ ਹੈ, ਉਹ ਬਚ ਜਾਂਦੇ ਹਨ, (ਇਸ ਤੋਂ ਬਿਨਾਂ) ਹੋਰ ਲੋਕ ਮਰਿ ਕੇ ਜੰਮਦੇ ਤੇ (ਵਾਸ਼ਨਾ ਦੇ ਬੱਧੇ) ਆਉਂਦੇ ਜਾਂਦੇ ਰਹਿੰਦੇ ਹਨ। ਹੋਰ (ਮਨਮੁਖ ਲੋਕ) ਮਰ ਕੇ ਜੰਮਦੇ ਤੇ ਆਉਂਦੇ ਜਾਂਦੇ ਹਨ, ਅੰਤ ਸਮੇਂ (ਇਥੋਂ) ਪਛਤਾਉਂਦੇ ਹੀ ਜਾਂਦੇ ਹਨ, (ਕਿਉਂਕਿ ਪ੍ਰਭੂ ਦੇ) ਨਾਮ ਤੋਂ ਬਿਨਾ (ਉਨ੍ਹਾਂ ਨੂੰ ਲੋਕ ਪ੍ਰਲੋਕ ਵਿਚ) ਸੁਖ ਪ੍ਰਾਪਤ ਨਹੀਂ ਹੁੰਦਾ।ਇਥੇ (ਸੰਸਾਰ ਵਿਚ ਜੀਵ ਜੋ) ਕਰਮ ਕਮਾਉਂਦਾ ਹੈ, (ਉਸ ਦਾ ਅੱਗੇ ਪ੍ਰਲੋਕ ਵਿਚ) ਫਲ ਪ੍ਰਾਪਤ ਕਰਦਾ ਹੈ, ਮਨਮੁਖ (ਲੋਕ ਪ੍ਰਲੋਕ ਵਿਚ ਅਪਣੀ) ਇੱਜਤ ਗੁਆ ਲੈਂਦੇ ਹਨ।ਜਮ ਪੁਰੀ ਵਿਚ (ਜਿਥੇ ਮਨਮੁਖ ਮਰ ਕੇ ਜਾਂਦਾ ਹੈ) ਘੁੱਪ ਹਨ੍ਹੇਰਾ ਤੇ ਬਹੁਤ ਗੁਬਾਰ ਹੈ, ਉਥੇ ਭੈਣ ਭਾਈ (ਕੋਈ ਵੀ ਸਹਾਈ) ਨਹੀਂ ਹੁੰਦਾ।ਇਹ ਸਰੀਰ ਪੁਰਾਣਾ ਹੋ ਜਾਣ ਵਾਲਾ ਹੈ, ਇਸ ਨੂੰ ਬੁੱਢੇਪਾ ਆ ਪਹੁੰਚਦਾ ਹੈ।੧।

ਅੰਗ ੫੮੫ = ਕਾਇਆ ਕੰਚਨੁ ਤਾਂ ਥੀਐ, ਜਾਂ ਸਤਿਗੁਰੁ ਲਏ ਮਿਲਾਏ ॥ ਭ੍ਰਮੁ ਮਾਇਆ ਵਿਚਹੁ ਕਟੀਐ, ਸਚੜੈ ਨਾਮਿ ਸਮਾਏ ॥ ਸਚੈ ਨਾਮਿ ਸਮਾਏ ਹਰਿ ਗੁਣ ਗਾਏ, ਮਿਲਿ ਪ੍ਰੀਤਮ ਸੁਖੁ ਪਾਏ ॥ ਸਦਾ ਅਨੰਦਿ ਰਹੈ ਦਿਨੁ ਰਾਤੀ, ਵਿਚਹੁ ਹੰਉਮੈ ਜਾਏ ॥ ਜਿਨੀ ਪੁਰਖੀ ਹਰਿ ਨਾਮਿ ਚਿਤੁ ਲਾਇਆ, ਤਿਨ ਕੈ ਹੰਉ ਲਾਗਉ ਪਾਏ ॥ ਕਾਂਇਆ ਕੰਚਨੁ ਤਾਂ ਥੀਐ, ਜਾ ਸਤਿਗੁਰੁ ਲਏ ਮਿਲਾਏ ॥੨॥ (ਹੇ ਭਾਈ!) ਜਦ ਸਤਿਗੁਰੂ (ਪ੍ਰਾਣੀ ਨੂੰ ਅਪਣੇ ਨਾਲ) ਮਿਲਾ ਲਏ ਤਾਂ ਇਹ ਸਰੀਰ ਸੋਨੇ ਵਰਗਾ ਸ਼ੁੱਧ ਹੋ ਜਾਂਦਾ ਹੈ।(ਉਸ ਪ੍ਰਾਣੀ ਦੇ) ਮਨ ਵਿਚੋਂ ਮਾਇਆ ਦਾ ਭਰਮ ਕੱਟਿਆ ਜਾਂਦਾ ਹੈ ਤੇ ਉਹ ਸੱਚੇ ਪ੍ਰਭੂ ਦੇ ਨਾਮ ਵਿਚ ਲੀਨ ਹੋ ਜਾਂਦਾ ਹੈ।ਸੱਚੇ ਪ੍ਰਭੂ ਦੇ ਨਾਮ ਵਿਚ ਲੀਨ ਹੋ ਕੇ ਉਹ ਹਰੀ ਦੇ ਗੁਣ ਗਾਉਂਦਾ ਹੈ ਅਤੇ ਪਿਆਰੇ ਪ੍ਰਭੂ ਨੂੰ ਮਿਲ ਕੇ ਸੁਖ ਪਾਉਂਦਾ ਹੈ।ਉਹ ਦਿਨ ਰਾਤ ਅਨੰਦ ਵਿਚ ਰਹਿੰਦਾ ਹੈ ਤੇ (ਕਿਉਂਕਿ ਉਸ ਦੇ) ਮਨ ਵਿਚੋਂ ਹਉਮੈ ਦੂਰ ਹੋ ਜਾਂਦੀ ਹੈ।ਜਿਨ੍ਹਾਂ ਪੁਰਖਾਂ ਨੇ ਹਰੀ ਦੇ ਨਾਮ ਵਿਚ ਚਿਤ ਲਾਇਆ ਹੈ, ਮੈ ਉਨ੍ਹਾਂ ਦੇ ਪੈਰੀਂ ਲਗਦਾ ਹਾਂ।ਜਦ ਸਤਿਗੁਰੂ (ਪ੍ਰਾਣੀ ਨੂੰ ਅਪਣੇ ਨਾਲ) ਮਿਲਾ ਲਵੇ ਤਾਂ ਸਰੀਰ ਸੋਨਾ ਹੋ ਜਾਂਦਾ ਹੈ।੨।

ਪਦਾਰਥ = ਜਜਰੀ-ਪੁਰਾਣਾ; ਭੁਰ ਜਾਣ ਵਾਲਾ; ਟੁੱਟ ਜਾਣ ਵਾਲਾ ਭਾਂਡਾ।ਨੋ-ਨੂੰ।ਜਰੁ-ਬੁੱਢੇਪਾ।ਗੁਰਿ-ਗੁਰੂ ਨੇ।ਰਾਖੇ-ਰਖਿਆ ਕੀਤੀ।ਸੇ-ਉਹ।ਉਬਰੇ-ਬਚ ਜਾਂਦੇ ਹਨ।ਆਵੈ ਜਾਏ-ਆਉਂਦੇ ਜਾਂਦੇ (ਜੰਮਦੇ ਮਰਦੇ) ਹਨ।ਅੰਤਿ-ਅੰਤ ਸਮੇਂ।ਐਥੈ-ਇਥੇ (ਸੰਸਾਰ ਵਿਚ)।ਕਮਾਵੈ-ਕਰਮ ਕਰਦਾ ਹੈ।ਸੋ-ਉਹ।ਪਤਿ-ਇੱਜਤ।ਖੋਈ-ਗਵਾ ਲੈਂਦਾ ਹੈ।ਜਮ ਪੁਰਿ-ਜਮ ਦੀ ਪੁਰੀ (ਨਰਕ) ਵਿਚ।ਘੋਰ ਅੰਧਾਰੁ-ਘੁੱਪ ਹਨ੍ਹੇਰਾ।ਮਹਾ ਗੁਬਾਰੁ-ਹਨ੍ਹੇਰੀ ਦੀ ਧੂੜ ਦਾ ਫੈਲਿਆ ਭਾਰੀ ਹਨ੍ਹੇਰਾ; ਧੁੰਧ।ਤਿਥੈ-ਉਥੇ (ਜਮ ਪੁਰੀ ਵਿਚ)।੧।ਕਾਇਆ -ਸਰੀਰ।ਕੰਚਨੁ-ਸੋਨਾ (ਪਵਿਤ੍ਰ)।ਤਾਂ-ਤਦੋਂ।ਥੀਐ-ਹੋ ਜਾਂਦਾ ਹੈ।ਮਾਇਆ ਭ੍ਰਮੁ-ਮਾਇਆ ਦੇ ਕਾਰਣ ਪੈਦਾ ਹੋਇਆ ਭਰਮ। ਵਿਚਹੁ-ਮਨ ਵਿਚੋਂ।ਸਚੜੈ ਨਾਮਿ-ਸੱਚੇ ਪ੍ਰਭੂ ਦੇ ਨਾਮ ਵਿਚ।ਸਮਾਏ-ਲੀਨ ਹੋ ਜਾਂਦਾ ਹੈ।ਜਿਨੀ ਪੁਰਖੀ-ਜਿਨ੍ਹਾਂ ਪੁਰਖਾਂ ਨੇ।ਤਿਨ ਕੇ-ਉਨ੍ਹਾਂ ਦੇ।ਹੰਉ-ਮੈਂ।ਲਾਗਉ ਪਾਏ-ਪੈਰੀ (ਚਰਨੀਂ) ਲਗਦਾ ਹਾਂ।੨।

ਸੋ ਸਚਾ ਸਚੁ ਸਲਾਹੀਐ, ਜੇ ਸਤਿਗੁਰੁ ਦੇਇ ਬੁਝਾਇ ॥ ਬਿਨੁ ਸਤਿਗੁਰ ਭਰਮਿ ਭੁਲਾਣੀਆ, ਕਿਆ ਮੁਹੁ ਦੇਸਨਿ ਆਗੈ ਜਾਇ ॥ ਕਿਆ ਦੇਨਿ ਮੁਹੁ ਜਾਏ ਅਵਗੁਣਿ ਪਛੁਤਾਏ, ਦੁਖੋ ਦੁਖੁ ਕਮਾਏ ॥ ਨਾਮਿ ਰਤੀਆ ਸੇ ਰੰਗਿ ਚਲੂਲਾ, ਪਿਰ ਕੈ ਅੰਕਿ ਸਮਾਏ ॥ ਤਿਸੁ ਜੇਵਡੁ ਅਵਰੁ ਨ ਸੁਝਈ, ਕਿਸੁ ਆਗੈ ਕਹੀਐ ਜਾਇ ॥ ਸੋ ਸਚਾ ਸਚੁ ਸਲਾਹੀਐ, ਜੇ ਸਤਿਗੁਰੁ ਦੇਇ ਬੁਝਾਏ ॥੩॥ ਜਿਨੀ ਸਚੜਾ ਸਚੁ ਸਲਾਹਿਆ, ਹੰਉ ਤਿਨ ਲਾਗਉ ਪਾਏ ॥ ਸੇ ਜਨ ਸਚੇ ਨਿਰਮਲੇ, ਤਿਨ ਮਿਲਿਆ ਮਲੁ ਸਭ ਜਾਏ ॥ ਤਿਨ ਮਿਲਿਆ ਮਲੁ ਸਭ ਜਾਏ ਸਚੈ ਸਰਿ ਨਾਏ, ਸਚੈ ਸਹਜਿ ਸੁਭਾਏ ॥ ਨਾਮੁ ਨਿਰੰਜਨੁ ਅਗਮੁ ਅਗੋਚਰੁ ,ਸਤਿਗੁਰਿ ਦੀਆ ਬੁਝਾਏ ॥ ਅਨਦਿਨੁ ਭਗਤਿ ਕਰਹਿ ਰੰਗਿ ਰਾਤੇ, ਨਾਨਕ ਸਚਿ ਸਮਾਏ ॥ ਜਿਨੀ ਸਚੜਾ ਸਚੁ ਧਿਆਇਆ, ਹੰਉ ਤਿਨ ਕੈ ਲਾਗਉ ਪਾਏ ॥੪॥੪॥ ਜੇ ਸਤਿਗੁਰੂ ਸੋਝੀ ਬਖਸ਼ ਦੇਵੇ ਤਾਂ ਉਸ ਪੂਰਨ ਸੱਚ ਸਰੂਪ ਪ੍ਰਭੂ ਨੂੰ ਸਲਾਹੁਣ ਲਗ ਜਾਈਦਾ ਹੈ।ਸਤਿਗੁਰੂ (ਦੀ ਸ਼ਰਣ ਵਿਚ ਪੈਣ) ਤੋਂ ਬਿਨਾ ਜੋ ਜੀਵ ਰੂਪ ਇਸਤ੍ਰੀਆਂ ਭਰਮ ਵਿਚ ਪੈ ਕੇ ਭੁੱਲੀਆਂ ਹੋਈਆਂ ਹਨ, ਉਹ ਅੱਗੇ (ਰੱਬ ਦੇ ਦਰਬਾਰ ਵਿਚ) ਜਾ ਕੇ ਕੀ ਮੂੰਹ ਦੇਣਗੀਆਂ? (ਉਹ ਰੱਬ ਦੇ ਦਰਬਾਰ ਵਿਚ) ਜਾ ਕੇ ਕੀ ਮੂੰਹ ਦੇਣਗੀਆਂ (ਦਿਖਾਉਣਗੀਆਂ, ਉਥੇ ਉਹ ਅਪਣੇ) ਕੀਤੇ ਅਵਗੁਣਾਂ ਕਰ ਕੇ ਪਛਤਾਉਣਗੀਆਂ ਤੇ ਦੁਖ ਹੀ ਦੁਖ ਭੋਗਣਗੀਆਂ।(ਜੋ ਗੁਰਮੁਖ ਜੀਵ ਇਸਤ੍ਰੀਆਂ ਹਰੀ ਦੇ) ਨਾਮ ਵਿਚ ਰੰਗੀਆਂ ਹਨ, ਉਹ (ਪਤੀ

ਪ੍ਰਭੂ ਦੇ ਪ੍ਰੇਮ) ਰੰਗ ਵਿਚ ਲਾਲ ਸੁਰਖ ਹੋ ਗਈਆਂ ਹਨ (ਚੇਹਰੇ ਤੇ ਲਾਲੀ ਆ ਗਈ ਹੈ) ਅਤੇ ਪਤੀ ਪ੍ਰਭੂ ਦੀ ਗੋਦ ਵਿਚ ਸਮਾ ਗਈਆਂ ਹਨ।(ਹੇ ਭਾਈ! ਮੈਨੂੰ) ਉਸ ਪ੍ਰਭੂ ਜਿਤਨਾ ਵੱਡਾ ਹੋਰ ਦੂਜਾ ਕੋਈ ਦਿਖਾਈ ਨਹੀਂ ਦੇਂਦਾ, (ਉਸ ਤੋਂ ਬਿਨਾ ਹੋਰ) ਕਿਸ ਅਗੇ ਜਾ ਕੇ ਕਹੀਏ (ਅਰਦਾਸ ਕਰੀਏ)? ਜੇ ਸਤਿਗੁਰੂ ਸੋਝੀ ਬਖਸ਼ ਦੇਵੇ ਤਾਂ ਉਸ ਅਤਿਅੰਤ ਸੱਚ ਸਰੂਪ ਪ੍ਰਭੂ ਨੂੰ ਸਲਾਹੁਣ ਲਗ ਜਾਈਦਾ ਹੈ।੩।ਜਿਨ੍ਹਾਂ ਨੇ ਉਸ ਪੂਰਨ ਸਚ ਸਰੂਪ ਪ੍ਰਭੂ ਨੂੰ ਸਲਾਹਿਆ ਹੈ, ਮੈਂ ਉਨ੍ਹਾਂ ਗੁਰਮੁਖਾਂ ਦੇ ਪੈਰੀਂ ਲਗਦਾ ਹਾਂ।ਉਹ ਪੁਰਖ ਸੱਚੇ ਤੇ ਨਿਰਮਲ ਹਨ, ਉਨ੍ਹਾਂ ਨਾਲ ਮਿਲਿਆਂ (ਵਿਸ਼ੇ ਵਿਕਾਰਾਂ ਤੇ ਪਾਪਾਂ ਦੀ) ਸਾਰੀ ਮੈਲ ਚਲੇ ਜਾਂਦੀ ਹੈ।ਉਨ੍ਹਾਂ ਦੇ ਮਿਲਣੇ ਕਰਕੇ ਸਾਰੀ ਮੈਲ ਚਲੇ ਜਾਂਦੀ ਹੈ, (ਅਜੇਹੇ ਗੁਰਮੁਖ) ਸੱਚੇ ਪ੍ਰਭੂ ਦੇ ਸਤਿ ਸੰਗਤ ਰੂਪ ਸਰੋਵਰ ਵਿਚ ਨਹਾ ਕੇ ਸੱਚੇ ਪ੍ਰਭੂ ਦੇ ਬਣ ਜਾਂਦੇ ਹਨ ਤੇ ਸ਼ਾਂਤ ਸੁਭਾਵ ਵਾਲੇ ਹੋ ਜਾਂਦੇ ਹਨ।(ਪ੍ਰਭੂ ਦਾ) ਨਾਮ ਮਾਇਆ ਦੀ ਕਾਲਖ ਤੋਂ ਰਹਿਤ ਹੈ, ਮਨ ਬਾਣੀ ਦੀ ਪਹੁੰਚ ਤੋਂ ਪਰੇ ਹੈ, ਇੰਦ੍ਰੀਆਂ ਦੀ ਪਕੜ ਤੋਂ ਪਰੇ ਹੈ, (ਅਜੇਹਾ ਨਾਮ) ਸਤਿਗੁਰੂ ਨੇ ਸਮਝਾ ਦਿਤਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਮਨੁੱਖ ਪ੍ਰਭੂ ਦੇ ਪ੍ਰੇਮ ਰੰਗ ਵਿਚ ਰੰਗੇ ਹੋਏ ਹਰ ਰੋਜ ਭਗਤੀ ਕਰਦੇ ਹਨ, ਉਹ ਸੱਚੇ ਪ੍ਰਭੂ ਵਿਚ ਸਮਾ ਜਾਂਦੇ ਹਨ।ਜਿਨ੍ਹਾਂ ਗੁਰਮੁਖਾਂ ਨੇ ਪੂਰਨ ਸੱਚ ਸਰੂਪ ਪ੍ਰਭੂ ਨੂੰ ਧਿਆਇਆ ਹੈ, ਮੈ ਉਨ੍ਹਾਂ ਦੇ ਪੈਰੀਂ ਲਗਦਾ ਹਾਂ।੪।੪।

ਪਦਾਰਥ = ਸਚਾ ਸਚੁ–ਅਤਿਅੰਤ ਸੱਚਾ; ਪੂਰਨ ਸੱਚ ਸਰੂਪ ਪ੍ਰਭੂ।ਸਲਾਹੀਐ–ਸਲਾਹੁਣ ਲਗ ਜਾਈਦਾ ਹੈ।ਦੇਇ ਬੁਝਾਏ–ਸੂਝ ਬਖਸ਼ ਦੇਵੇ।ਭਰਮਿ ਭੁਲਾਣੀਆ–ਭਰਮ ਵਿਚ ਪੈ ਕੇ ਭੁੱਲੀਆਂ (ਕੁਰਾਹੇ ਪਈਆਂ) ਹੋਈਆਂ।ਮੁਹੁ–ਮੂੰਹ।ਦੇਸਨਿ–ਦੇਣਗੀਆਂ (ਦਿਖਾ ਸਕਣਗੀਆਂ)।ਆਗੈ–ਅੱਗੇ ਪ੍ਰਲੋਕ ਵਿਚ।ਜਾਏ–ਜਾ ਕੇ।ਦੇਨਿ–ਦੇਣਗੀਆਂ।ਕਮਾਏ–ਭੋਗਣਗੀਆਂ।ਸੇ–ਉਹ।ਨਾਮਿ ਰਤੀਆ–ਨਾਮ ਵਿਚ ਰੰਗੀਆਂ ਹੋਈਆਂ।ਚਲੂਲਾ–ਗੂੜਾ ਲਾਲ ਰੰਗ।ਪਿਰ ਕੈ–ਪਤੀ ਦੇ।ਅੰਕਿ–ਗੋਦ ਵਿਚ।ਸਮਾਏ–ਸਮਾ ਗਈਆਂ ਹਨ।ਤਿਸੁ ਜੇਵਡੁ –ਉਸ ਜਿਤਨਾ ਵੱਡਾ।ਅਵਰੁ–ਹੋਰ ਦੂਜਾ।ਨ ਸੂਝਈ–ਨਹੀਂ ਦਿਸਦਾ।੩।ਹੰਉ–ਮੈਂ।ਤਿਨ–ਉਨ੍ਹਾਂ ਦੇ।ਲਾਗਉ ਪਾਏ–ਪੈਰੀਂ ਲਗਦਾ ਹਾਂ।ਜਨ–ਪੁਰਖ।ਨਿਰਮਲੇ–ਮੈਲ ਤੋਂ ਰਹਿਤ (ਪਵਿਤ੍ਰ ਜੀਵਨ ਵਾਲੇ)।ਮਲੁ–ਮੈਲ।ਜਾਏ–ਚਲੇ ਜਾਂਦੀ ਹੈ।ਸਚੈ ਸਰਿ–ਸੱਚੇ ਪ੍ਰਭੂ ਦੇ ਸਤ ਸੰਗਤ ਰੂਪ ਸਰੋਵਰ ਵਿਚ।ਨਾਏ–ਨਹਾ ਕੇ।ਸਹਜਿ ਸੁਭਾਏ–ਸ਼ਾਂਤ ਸੁਭਾਵ ਵਾਲੇ।ਨਿਰੰਜਨੁ–ਮਾਇਆ ਤੋਂ ਨਿਰਲੇਪ।ਅਗਮੁ–ਮਨ ਬਾਣੀ ਦੀ ਪਹੁੰਚ ਤੋਂ ਪਰੇ।ਅਗੋਚਰੁ–ਇੰਦ੍ਰੀਆਂ ਦੀ ਪਕੜ ਤੋਂ ਪਰੇ।ਸਤਿਗੁਰਿ–ਸਤਿਗੁਰੂ ਨੇ।ਦੀਆ ਬੁਝਾਏ–ਸਮਝਾ ਦਿਤਾ। ਅਨਦਿਨੁ–ਹਰ ਰੋਜ।ਰੰਗਿ ਰਾਤੇ–ਪ੍ਰੇਮ ਰੰਗ ਵਿਚ ਰੰਗੇ ਹੋਏ।ਧਿਆਇਆ–ਸਿਮਰਿਆ।੪।੪।

॥ ਸਮਾਪਤ ॥

ਹੇ ਸਤਿਗੁਰ ਸੱਚੇ ਪਾਤਸ਼ਾਹ! ਗੁਰਬਾਣੀ ਦੀ ਵਿਆਖਿਆ ਲਿਖਦਿਆਂ ਅਨੇਕਾਂ ਗਲਤੀਆਂ ਹੋਈਆਂ ਹੋਣਗੀਆਂ, ਆਪ ਕਿਰਪਾ ਕਰਕੇ ਮੁਆਫ ਕਰ ਦੇਣਾ ਜੀ।ਅੱਗੇ ਤੋਂ ਸੁਮੱਤ ਬਖਸ਼ ਕੇ ਸ਼ੁੱਧ ਵਿਆਖਿਆ ਲਿਖਵਾ ਲੈਣੀ ਜੀ।

ਦਾਸਨਿ ਦਾਸ ਹਰਜਿੰਦਰ ਸਿੰਘ ਗਿਆਨੀ